# ਗੁਰਮਤਿ ਵਿਰਸਾ

# GURMAT VIRSA गुरमति विरसा

Year-5, Issue-5, December 2023, Ludhiana gurmatvirsa@gmail.com Multilingual Price 25/-



# ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਲੋਂ ਵੱਖ-ਵੱਖ ਇਲਾਕਿਆਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਬੁਗਰਾ ਦੇ ਗੁਰਦੁਆਰਾ ਸਾਹਿਬ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਖਨਾਲ ਖੁਰਦ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਨਵਾਂਸ਼ਹਿਰ ਵਿਖੇ ਬੱਚਿਆਂ ਦੀ ਲੱਗ ਰਹੀ ਫ੍ਰੀ ਕੰਪਿਊਟਰ ਕਲਾਸ



ਕੇਂਦਰ ਨਵਾਂਸ਼ਹਿਰ ਦੇ ਜੇ ਭਾਰਤ ਪਬਲਿਕ ਸਕੂਲ ਸਮੁੰਦੜਾ ਵਿਖੇ ਲੱਗ ਰਹੀ ਗੁਰਮਤਿ ਕਲਾਸ



ਕੇਂਦਰ ਚੱਕ ਸਿੰਘਾ ਵਿਖੇ ਗੁਰਮਤਿ ਕਲਾਸ ਦੇ ਬੱਚੇ ਕੀਰਤਨ ਅਭਿਆਸ ਕਰਦੇ ਹੋਏ



ਕੇਂਦਰ ਚੱਕ ਸਿੰਘਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਜੰਮੂ ਦੇ ਗੁ: ਸਿੰਘ ਪੁਰਾ ਮੁਰਾਲੀਆਂ ਵਿਖੇ ਲੱਗ ਰਹੀ ਬੱਚਿਆਂ ਦੀ ਧਾਰਮਿਕ ਕਲਾਸ



ਕੇਂਦਰ ਜੰਮੂ ਦੇ ਗੁ: ਬਾਬਾ ਬੰਦਾ ਸਿੰਘ ਬਹਾਦਰ ਵਿਖੇ ਲੱਗ ਰਹੀ ਬੱਚਿਆਂ ਦੀ ਧਾਰਮਿਕ ਕਲਾਸ

# ਗੁਰਮਤਿ ਵਿਰਸਾ

**ਦਸੰਬਰ 2023** **(ਮਾਸਿਕ ਮੈਗਜ਼ੀਨ)**



**ਮੁੱਖ ਸੰਪਾਦਕ :** ਰਾਣਾ ਇੰਦਰਜੀਤ ਸਿੰਘ
**ਸੰਪਾਦਕ :** ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ :** ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ:** ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ:** ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org

**ਸੰਪਾਦਕੀ ਬੋਰਡ:** ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ:** ਐਡਵੋਕੇਟ ਜਸਪਾਲ ਸਿੰਘ ਚੁੱਘ


## ਮੱਘਰ-ਪੋਹ ਮਹੀਨੇ ਦੇ ਖਾਸ ਦਿਹਾੜੇ

| | |
|---|---|
| - ਜਨਮ ਦਿਵਸ ਸਾਹਿਬਜ਼ਾਦਾ ਫਤਹਿ ਸਿੰਘ | : 29 ਮੱਘਰ (12 ਦਸੰਬਰ) |
| - ਸ਼ਹੀਦੀ ਵੱਡੇ ਸਾਹਿਬਜ਼ਾਦੇ | : 08 ਪੋਹ (21 ਦਸੰਬਰ) |
| - ਸ਼ਹੀਦੀ ਸਾਕਾ ਚਮਕੌਰ ਸਾਹਿਬ | : 08 ਪੋਹ (21 ਦਸੰਬਰ) |
| - ਸ਼ਹੀਦੀ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰ ਕੌਰ ਜੀ | : 13 ਪੋਹ (26 ਦਸੰਬਰ) |


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***

Responsible for collection of all Printed matter as per PRB Act

**Registration Number of the Newspaper**

**PUNMUL/2019/78309**


## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਸੰਪਾਦਕੀ | 4 |
| ਅੰਮ੍ਰਿਤ ਸੰਚਾਰ ਸਮਾਗਮ ਅਕਤੂਬਰ 2023 | 6 |
| ਸਵਾਲ ਜਵਾਬ | 7 |
| ਸ਼ਬਦ ਵਿਚਾਰ | 8 |
| ਗੁਰੂ ਘਰ ਦੇ ਅਨਿੰਨ ਸੇਵਕ- ਦੀਵਾਨ ਟੋਡਰ ਮੱਲ | 10 |
| ਬੱਸ ਏਕ ਹਿੰਦ ਮੇਂ ਤੀਰਥ ਹੈ | 12 |
| ਪੁਆਦ ਖੇਤਰ ਦੀਆਂ ਰਣ-ਭੂਮੀਆਂ | 14 |
| ਕੇਸ ਅਤੇ ਭਗਤ ਸਾਹਿਬਾਨ | 16 |
| ਕਾਵਿ ਕਿਆਰੀ | 17 |
| ਸੱਤਾ, ਗਿਆਨ ਤੇ ਧਾਰਮਿਕ ਪਾਖੰਡਾਂ 'ਤੇ ਚੋਟ | 19 |
| ਨੰਨੇ ਵਾਰਸ | 22 |
| ਗਾਜ਼ਾ:ਅੱਗ ਦੇ ਦਰਿਆ ਵਿਚ ਜ਼ਿੰਦਗੀ ਦਾ ਮਰਘਟ | 24 |
| ਸੋਵੀਅਤ ਰੂਸ ਦਾ ਵੇਟਲਿਫਟਰ 'ਯੂਰੀ ਵਲਾਸੋਵ' | 26 |
| ਲੜੀਵਾਰ ਕਿਤਾਬ: ਸਿੱਖਾਂ ਦੇ ਪਾਕਿਸਤਾਨ ਵਿਚੋਂ ਨਿਕਲਣ... | 28 |
| ਲੜੀਵਾਰ ਕਿਤਾਬ: ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 30 |
| ਸਿੱਖ ਤਿਉਹਾਰ (ਸਿੱਖ ਰਹੁਰੀਤ) ਕਿਤਾਬਚਾ | 32 |
| ਪਰੰਪਰਾ ਕਿਵੇਂ ਜਨਮ ਲੈਂਦੀ ਹੈ? | 34 |
| **ਭਾਈ ਡੱਲ ਸਿੰਘ ਜੀ** | **35** |
| Younger Sahibzade | 36 |
| ਸਿਹਤ ਸੰਭਾਲ | 38 |
| ਸਾਡੀ ਖੇਤੀ | 39 |
| ਗੁਰਮਤਿ ਸੰਜੋਗ | 40 |
| ਅਕਤੂਬਰ ਮਹੀਨੇ ਦੀਆਂ ਸਰਗਰਮੀਆਂ | 41 |





## ਜ਼ਰੂਰੀ ਸੂਚਨਾਵਾਂ

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

**ਸੰਪਾਦਕੀ**

# ਅੰਮ੍ਰਿਤ ਸੰਚਾਰ ਲਹਿਰ ਦੀ ਲੋੜ

**ਭਾਵੇਂ ਅੰਮ੍ਰਿਤ ਸੰਚਾਰ ਦਾ ਪ੍ਰਵਾਹ ਚਲਾਉਣ ਲਈ ਸ਼੍ਰੋਮਣੀ ਕਮੇਟੀ ਦਾ ਪੂਰਾ ਸਹਿਯੋਗ ਮਿਲਿਆ ਹੈ ਪਰ ਅਸਲ ਕੰਮ ਸ਼੍ਰੋਮਣੀ ਕਮੇਟੀ ਦਾ ਹੀ ਹੈ। ਬੜੀ ਵੱਡੀ ਪੱਧਰ 'ਤੇ ਸਹਿਜ ਪਾਠ ਸੇਵਾ ਸੰਸਥਾ ਵਲੋਂ ਅਕਤੂਬਰ 2023 ਤੋਂ ਅੰਮ੍ਰਿਤ ਸੰਚਾਰ ਦੀ ਆਰੰਭਤਾ ਕੀਤੀ ਗਈ। ਇਸ ਦੀ ਰੂਪ ਰੇਖਾ ਜੂਨ ਦੇ ਮਹੀਨੇ ਵਿਚ ਤਹਿ ਕਰ ਲਈ ਗਈ ਸੀ। ਕਦੇ ਇਹ ਸਾਰਾ ਕੰਮ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦਾ ਹੁੰਦਾ ਸੀ। ਸਹਿਜ ਪਾਠ ਸੇਵਾ ਸੰਸਥਾ ਵਲੋਂ ਨੌਜਵਾਨਾਂ ਨੂੰ ਸਿੱਖੀ ਨਾਲ ਜੋੜਨ ਲਈ ਸਕੂਲਾਂ ਕਾਲਜਾਂ, ਸ਼ਹਿਰਾਂ ਦੇ ਗੁਰਦੁਆਰਿਆਂ ਵਿਚ ਅੰਮ੍ਰਿਤ ਸੰਚਾਰ ਦੀ ਲਹਿਰ ਦਾ ਪਰਚਾਰ ਕਰਨਾ ਸ਼ੁਰੂ ਕੀਤਾ। ਬਹੁਤ ਵਧੀਆ ਹੁੰਗਾਰਾ ਮਿਲਿਆ।**



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਸਹਿਜ ਪਾਠ ਸੇਵਾ ਸੰਸਥਾ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਉਚੇਚੇ ਉਦਮਾਂ ਤੇ ਵੱਡੇ ਪੱਧਰ 'ਤੇ ਅੰਮ੍ਰਿਤ ਸੰਚਾਰ ਕਰਨ ਦਾ ਉਪਰਾਲਾ ਕੀਤਾ ਗਿਆ। ਅੱਜ ਜਦੋਂ ਰਾਜਨੀਤਿਕ, ਧਾਰਮਿਕ, ਸਮਾਜਿਕ ਜੀਵਨ ਵਿਚ ਖੜੋਤ ਜਿਹੀ ਨਜ਼ਰ ਆਉਂਦੀ ਹੈ, ਪੰਜਾਬ ਦੀ ਨੌਜਵਾਨ ਪੀੜ੍ਹੀ ਵਿਚ ਵੀ ਨਿਰਾਸਤਾ ਪਸਰੀ ਹੋਈ ਦਿਸਦੀ ਹੈ। ਸਮੇਂ ਦੀ ਲੋੜ ਹੈ ਕਿ ਏਦਾਂ ਦੀਆਂ ਸੁਹਿਰਦ ਜੱਥੇਬੰਦੀਆਂ ਅੱਗੇ ਆ ਕੇ ਸਿੱਖ ਨੌਜਵਾਨਾਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਨ ਦਾ ਯਤਨ ਅਰੰਭ ਕਰਨ। ਰਾਜਨੀਤਿਕ ਦ੍ਰਿਸ਼ ਨੇ ਨੌਜਵਾਨਾਂ ਵਿਚ ਨਿਰਾਸਤਾ ਭਰੀ ਹੈ। ਰਾਜਨੀਤਿਕ ਲੋਕਾਂ ਨੇ ਆਪਣੇ ਹਿੱਤਾਂ ਦੀ ਪੂਰਤੀ ਲਈ ਨੌਜਵਾਨਾਂ ਨੂੰ ਵਰਿਤਆ ਹੈ ਜਿਸ ਦਾ ਨਤੀਜਾ ਸਭ ਦੇ ਸਾਹਮਣੇ ਹੈ। ਨੌਜਵਾਨਾਂ ਦੇ ਜੋਸ਼ ਨੂੰ ਸੰਭਾਲਣ ਦੀ ਲੋੜ ਹੀ ਨਹੀਂ ਸਗੋਂ ਉਨ੍ਹਾਂ ਦੀ ਜ਼ਿੰਮੇਵਾਰੀ ਤਹਿ ਕਰਨੀ ਬਣਦੀ ਹੈ। ਗੁਰਬਾਣੀ ਦੀ ਗੁੜਤੀ, ਖੰਡੇ ਦੀ ਪਾਹੁਲ ਤੇ ਆਗੂਆਂ ਵਲੋਂ ਪਿਆਰ, ਮੁਹੱਬਤ ਦੇਣ ਦੀ ਅਤਿ ਜ਼ਰੂਰਤ ਹੈ। ਸਹਿਜ ਪਾਠ ਸੇਵਾ ਸੰਸਥਾ ਵਲੋਂ ਇਹ ਉਪਰਾਲਾ ਕਰਨ ਦੀ ਅਸੀਂ ਵਧਾਈ ਦਿੰਦੇ ਹਾਂ। ਸਿੱਖੀ ਨੇ ਇਕ ਸਫ਼ਰ ਤਹਿ ਕੀਤਾ ਹੈ। ਸਿੱਖੀ ਰੁਕੀ ਨਹੀਂ ਹੈ। ਸਿੱਖੀ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਹੀ ਹੈ। ਸਿੱਖੀ ਦੀ ਬੁਨਿਆਦ ਗੁਰੂ ਨਾਨਕ ਸਾਹਿਬ ਜੀ ਨੇ ਇਲਾਹੀ ਵਜਦ ਵਿਚ ਗਾਉਂਦਿਆਂ ਗਾਉਂਦਿਆਂ ਪੰਜਾਬ ਦੇ ਪੰਜ ਦਰਿਆਵਾਂ ਦੀ ਧਰਤੀ 'ਤੇ ਰੱਖੀ। ਮੱਧ ਭਾਰਤ ਦੇ ਜੰਗਲਾਂ, ਰਾਵੀ ਦੇ ਬੇਲਿਆਂ, ਸਾਂਦਲ ਬਾਰ, ਗੰਜੀ ਬਾਰ, ਨੀਲੀ ਬਾਰ ਦੀ ਜਰਖੇਜ਼ ਜ਼ਮੀਨ, ਹਿਮਾਲੀਆ ਪਰਬਤ ਦੀ ਹਰਿਆਵਲ, ਅਰਬ ਦੇਸ਼ਾਂ ਦੇ ਰੇਤਲੇ ਇਲਾਕਿਆਂ ਨੂੰ ਭਾਗ ਲਗਾਉਂਦਿਆਂ ਗੁਰੂ ਨਾਨਕ ਸਾਹਿਬ ਜੀ ਨੇ ਨਵੇਂ ਸਮਾਜ ਦੀ ਸਿਰਜਣਾ ਕਰ ਦਿੱਤੀ। ਇਸ ਸਾਰੇ ਕਾਰਜ ਦੀ ਆਰੰਭਤਾ ਉਨ੍ਹਾਂ ਅਟੱਲ, ਸੱਚਾਈਆਂ 'ਤੇ ਰੱਖੀ ਜੋ ਸਦਾ ਗੂੰਜਦੀਆਂ ਰਹਿਣਗੀਆਂ ਜਿਹਾ ਕਿ—

1. ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ (471)
2. ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥ (2)
3. ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ (14)
4. ਬਾਬਾ ਬੋਲੀਐ ਪਤਿ ਹੋਇ ॥
   ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥ (15)
5. ਐਸਾ ਗਿਆਨੁ ਜਪਹੁ ਮਨ ਮੇਰੇ ॥ ਹੋਵਹੁ ਚਾਕਰ ਸਾਚੇ ਕੇਰੇ ॥
6. ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥
   ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥ (1245)
7. ਘਾਲਿ ਖਾਇ ਕਿਛੁ ਹਥਹੁ ਦੇਇ ॥
   ਨਾਨਕ ਰਾਹੁ ਪਛਾਣਹਿ ਸੇਇ ॥ (1245)
8. ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ ॥
   ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ ॥ (1410)

ਸਿੱਖੀ ਦਾ ਸਫ਼ਰ ਨਨਕਾਣਾ ਸਾਹਿਬ ਤੋਂ ਸ਼ੁਰੂ ਹੋ ਕੇ ਜੋ ਖਡੂਰ, ਗੋਇੰਦਵਾਲ, ਅੰਮ੍ਰਿਤਸਰ, ਹਰਿਗੋਬਿੰਦਪੁਰ, ਕੀਰਤਪੁਰ, ਅਨੰਦਪੁਰ ਸਾਹਿਬ ਆ ਕੇ ਮੁਕੰਮਲਤਾ ਵਿਚ ਪ੍ਰਗਟ ਹੁੰਦਾ ਹੈ। ਏਦਾਂ ਵੀ ਕਿਹਾ ਜਾ ਸਕਦਾ ਹੈ ਕਿ ਜਿਹੜਾ ਬੂਟਾ ਗੁਰੂ ਨਾਨਕ ਸਾਹਿਬ ਜੀ ਨੇ ਲਾਇਆ ਸੀ ਉਹ ਸਮੇਂ ਸਮੇਂ ਪ੍ਰਗਟ ਹੁੰਦਾ ਰਿਹਾ। ਤੱਤੀ ਤਵੀ ਦਾ ਰਸਤਾ ਤਹਿ ਕਰਿਦਆਂ, ਅਕਾਲ ਤਖਤ ਦੀ ਸਿਰਜਣਾ, ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਚਾਰ ਲੜਾਈਆਂ, ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ, ਚਮਕੌਰ ਦੀ ਜੂਹ ਤੇ ਸਰਹੰਦ ਦੀਆਂ ਕੰਧਾਂ ਉਸਾਰਦਾ ਹੋਇਆ ਸਿੱਖੀ ਦਾ ਬੂਟਾ ਵੱਧਦਾ ਫੁੱਲਦਾ ਰਿਹਾ ਹੈ।





ਉਹ ਕਿਹੜਾ ਬੂਟਾ ਏ?
ਹਰ ਥਾਂ ਜੋ ਪਲਦਾ ਏ, ਆਰੇ ਦੇ ਦੰਦਿਆਂ 'ਤੇ,
ਰੰਬੀ ਦੀਆਂ ਧਾਰਾਂ 'ਤੇ, ਖੈਬਰ ਦੇ ਦਰਿਆਂ ਵਿਚ,
ਸਰਹੰਦ ਦੀਆਂ ਨੀਹਾਂ ਵਿਚ,
ਜਿੱਥੇ ਵੀ ਲਾ ਦਈਏ, ਓਥੇ ਹੀ ਪਲਦਾ ਏ।

ਗੁਰੂ ਨਾਨਕ ਸਾਹਿਬ ਜੀ ਨੇ ਮਨੁੱਖ ਨੂੰ ਸਚਿਆਰ ਬਣਨ

ਲਈ ਪ੍ਰੇਰਤ ਕੀਤਾ। ਉਹ ਮਨੁੱਖ ਜਿਸ ਨੂੰ ਅਣਖ, ਗੈਰਤ, ਸਵੈਮਾਨ ਤੇ ਖ਼ੁਦਮੁਖਿਤਆਰ ਹੋਣ 'ਤੇ ਮਾਣ ਮਹਿਸੂਸ ਹੋਵੇ। ਨਿੱਜੀ ਲਾਲਸਾਵਾਂ, ਲਾਲਚ, ਹੀਣਤਾ, ਈਰਖਾ, ਗੁਲਾਮੀ ਵਰਗੀਆਂ ਲਾਹਨਤਾਂ ਨੂੰ ਗਲੋਂ ਲਾਹ ਕੇ ਜਿਉਣ ਦਾ ਹੁਨਰ ਰੱਖਦਾ ਹੋਵੇ। ਇਕ ਸੱਚੇ ਕਿਰਦਾਰ ਵਾਲੇ ਜੀਵਨ ਨੂੰ ਗੁਰੂ ਨਾਨਕ ਸਾਹਿਬ ਜੀ ਨੇ 'ਸਚਿਆਰ' ਆਖਿਆ ਤੇ ਏਸ ਕਿਰਦਾਰ ਨੂੰ ਗੁਰੂ ਅਗੰਦ ਸਾਹਿਬ ਜੀ 'ਆਸ਼ਕ' ਆਖਦੇ ਸਨ। ਗੁਰੂ ਅੰਗਦ ਦਾਸ ਜੀ 'ਭਗਤ', ਗੁਰੂ ਰਾਮਦਾਸ ਜੀ 'ਸਿੱਖ', ਗੁਰੂ ਅਰਜਨ ਪਾਤਸ਼ਾਹ ਜੀ 'ਸੇਵਕ', ਗੁਰੂ ਤੇਗ ਬਹਾਦਰ ਸਾਹਿਬ ਜੀ 'ਨਰ' ਤੇ ਗੁਰੂ ਗੋਬਿੰਦ ਸਿੰਘ ਜੀ ਨੇ ਏਸੇ ਕਿਰਦਾਰ ਨੂੰ 'ਖਾਲਸਾ' ਆਖਿਆ। ਇਸ ਸਫਰ ਦੀ ਮੁਕੰਮਲਤਾ ਲਈ ਪੂਰੇ 230 ਸਾਲ ਲੱਗ ਗਏ। 1699 ਈ. ਦੀ ਵੈਸਾਖੀ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਪੁਰਬ 'ਤੇ ਪੰਚ ਪ੍ਰਧਾਨੀ ਦੀ ਸੰਪੂਰਨਤਾ ਲਈ ਪੰਜਾਂ ਪਿਆਰਿਆਂ ਦੀ ਚੋਣ ਕੀਤੀ। ਗੁਰੂ ਨਾਨਕ ਸਾਹਿਬ ਜੀ ਵਲੋਂ ਚਲਾਏ ਮਿਸ਼ਨ ਨੂੰ ਸਹੀ ਅਰਥਾਂ ਵਿਚ ਲੋਕ ਰਾਜ ਭਾਵ ਲੋਕਤੰਤਰ ਕਾਇਮ ਕਰ ਦਿੱਤਾ। ਪੰਜਾਂ ਪਿਆਰਿਆਂ ਦੇ ਸ਼ਹਿਰਾਂ ਵਲ ਨਿਗਾਹ ਮਾਰਦੇ ਹਾਂ ਤਾਂ ਇਹ ਸਮਝ ਆ ਜਾਂਦਾ ਹੈ ਕਿ ਸਿੱਖੀ ਸਿਧਾਂਤ ਦਾ ਦੂਰ ਦੂਰ ਤਕ ਬੋਲਬਾਲਾ ਹੋ ਚੁੱਕਾ ਸੀ।

ਗੁਰੂ ਗੋਬਿੰਦ ਸਿੰਘ 1708 ਵਿਚ ਬਾਬਾ ਗੁਰਬਖਸ਼ ਸਿੰਘ ਜੀ ਨੂੰ ਮਿਲੇ ਜਿਸ ਨੂੰ ਬਾਬਾ ਬੰਦਾ ਸਿੰਘ ਬਹਾਦਰ ਨਾਲ ਯਾਦ ਕਰਦੇ ਹਾਂ। ਉਨ੍ਹਾਂ ਨੇ ਜ਼ੁਲਮੀ ਰਾਜ ਦਾ ਖਤਮਾ ਕਰਨ ਤੇ ਹਲੇਮੀ ਰਾਜ ਦੀ ਸਥਾਪਨਾ ਕਰਨ ਲਈ ਨਾਂਦੇੜ ਤੋਂ ਪੰਜਾਬ ਵੱਲ ਨੂੰ ਚਾਲੇ ਪਾ ਦਿੱਤੇ। ਜਿਹੜੇ ਸ਼ਹਿਰ ਵਿਚ ਬਦ-ਇਖ਼ਲਾਕ ਬੇਈਮਾਨ ਹਾਕਮ ਜਾਂ ਉਨ੍ਹਾਂ ਦੇ ਸਲਾਹਕਾਰ ਰਹਿੰਦੇ ਸਨ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ। ਫਿਰ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਖਾਲਸਾ ਰਾਜ ਸਥਾਪਿਤ ਕਰ ਦਿੱਤਾ। ਸਿੱਕਾ ਗੁਰੂ ਨਾਨਕ ਸਾਹਿਬ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਦਾ ਚਲਾ ਦਿੱਤਾ।

ਦੇਗ ਤੇਗ ਫ਼ਤਿਹ ਨੁਸਰਤ ਬੇਦਰੰਗ,



ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।

"ਲੰਗਰ, ਸ਼ਸਤਰ, ਸਫਲਤਾ ਅਤੇ ਬੇਰੋਕ ਜਿੱਤ ਨਾਨਕ ਗੁਰੂ ਗੋਬਿੰਦ ਸਿੰਘ ਦੇ ਮਿਹਰ ਸਦਕਾ ਹੋਈ"।

ਗੁਰੂ ਗ੍ਰੰਥ ਸਾਹਿਬ ਦੇ ਫਲਸਫੇ ਦੀ ਲੋਅ ਵਿਚ ਤੁਰਦਿਆਂ ਤੇ ਕੌਮ ਨੂੰ ਇਕ ਜਾਬਤੇ ਵਿਚ ਬੰਨਣ ਲਈ ਖੰਡੇ ਦੀ ਪਾਹੁਲ ਦਾ ਪ੍ਰਵਾਹ ਚਲਾ ਦਿੱਤਾ। ਅਠਾਰਵੀਂ ਸਦੀ ਦੇ ਸਿੰਘਾਂ ਦਾ ਕਿਰਦਾਰ ਦੇਖ ਕੇ ਪੰਜਾਬੀ ਦੇ ਸ਼ਾਇਰ ਭਾਈ ਸੋਹਣ ਸਿੰਘ ਘੁੱਕੇ ਵਾਲੀਆ ਲਿਖਦੇ ਹਨ—

ਇਕ ਮੁੱਠ ਛੋਲਿਆਂ ਦੀ ਖਾ ਕੇ ਤੇਰੇ ਲੰਗਰਾਂ ਚੋਂ,
ਘੂਰ ਘੂਰ ਮੌਤ ਨੂੰ ਬੁਲਾਵੇ ਤੇਰਾ ਖਾਲਸਾ।
ਤੇਰੇ ਦਰਬਾਰ ਵਿਚੋਂ ਧੂੜੀ ਲੈ ਕੇ ਜੋੜਿਆਂ ਦੀ,
ਠੋਕਰਾਂ ਨਵਾਬੀਆਂ ਨੂੰ ਲਾਵੇ ਤੇਰਾ ਖਾਲਸਾ।
ਪੰਜ ਘੁੱਟ ਪੀ ਕੇ ਤੇਰੇ ਬਾਟਿਓਂ ਪ੍ਰੇਮ ਵਾਲੇ,
ਮਸਤ ਹੋਏ ਹਾਥੀਆਂ ਨੂੰ ਢਾਵ੍ਹੇ ਤੇਰਾ ਖਾਲਸਾ।
ਪਵੇ ਕਿਤੇ ਲੋੜ ਜੇ ਕਰ ਸ਼ਾਨ ਅਜ਼ਮਾਉਣ ਲਈ,
ਹੱਸ ਹੱਸ ਮੂਹਰੇ ਹੋ ਕੇ ਛਾਤੀਆਂ ਨੂੰ ਡਾਹਵੇ ਤੇਰਾ ਖਾਲਸਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਹੋਂਦ ਵਿਚ ਆਉਣ ਨਾਲ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਉਂਦਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸਮੁੱਚੇ ਸੇਵਾਦਾਰ ਅੰਮ੍ਰਿਤਧਾਰੀ ਤੇ ਪੰਥ ਪ੍ਰਸਤ ਹੁੰਦੇ ਸਨ। ਹਰ ਵਰਕਰ ਨਾਮ ਬਾਣੀ ਦਾ ਅਭਿਆਸੀ ਤੇ ਸਿੱਖੀ ਦਾ ਪ੍ਰਚਾਰਕ ਹੁੰਦਾ ਸੀ। ਮਾਸਟਰ ਤਾਰਾ ਸਿੰਘ ਅਕਾਲੀ ਦਲ ਦੇ ਪ੍ਰਧਾਨ ਹੁੰਦਿਆਂ ਖ਼ੁਦ ਪੰਜਾਂ ਪਿਆਰਿਆਂ ਵਿਚ ਸ਼ਾਮਿਲ ਹੋ ਕੇ ਜੱਥੇਦਾਰੀ ਦੀ ਸੇਵਾ ਕਰਦੇ ਰਹੇ। ਜਦੋਂ ਦਾ ਪੰਜਾਬੀ ਸੂਬਾ ਬਣਿਆ ਹੈ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਦੇ ਵੀ ਸਮੇਂ ਸਿਰ ਨਹੀਂ ਹੋਈਆਂ। ਦੁਖਾਂਤ ਹੈ ਕਿ ਸਿੱਖਾਂ ਦੀ ਇਸ ਮਹਾਨ ਸੰਸਥਾ ਵਿਚ ਰਾਜਨੀਤਿਕ ਦਖਲ ਹੋਣ ਕਰਕੇ ਸਿਧਾਂਤਕ ਪੱਖ ਕੰਮਜ਼ੋਰ ਹੋਇਆ ਹੈ।

ਭਾਵੇਂ ਅੰਮ੍ਰਿਤ ਸੰਚਾਰ ਦਾ ਪ੍ਰਵਾਹ ਚਲਾਉਣ ਲਈ ਸ਼੍ਰੋਮਣੀ ਕਮੇਟੀ ਦਾ ਪੂਰਾ ਸਹਿਯੋਗ ਮਿਲਿਆ ਹੈ ਪਰ ਅਸਲ ਕੰਮ ਸ਼੍ਰੋਮਣੀ ਕਮੇਟੀ ਦਾ ਹੀ ਹੈ। ਬੜੀ ਵੱਡੀ ਪੱਧਰ 'ਤੇ ਸਹਿਜ ਪਾਠ ਸੇਵਾ ਸੰਸਥਾ ਵਲੋਂ ਅਕਤੂਬਰ 2023 ਤੋਂ ਅੰਮ੍ਰਿਤ ਸੰਚਾਰ ਦੀ ਆਰੰਭਤਾ ਕੀਤੀ ਗਈ। ਇਸ ਦੀ ਰੂਪ ਰੇਖਾ ਜੂਨ ਦੇ ਮਹੀਨੇ ਵਿਚ ਤਹਿ ਕਰ ਲਈ ਗਈ ਸੀ। ਕਦੇ ਇਹ ਸਾਰਾ ਕੰਮ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦਾ ਹੁੰਦਾ ਸੀ। ਸਹਿਜ ਪਾਠ ਸੇਵਾ ਸੰਸਥਾ ਵਲੋਂ ਨੌਜਵਾਨਾਂ ਨੂੰ ਸਿੱਖੀ ਨਾਲ ਜੋੜਨ ਲਈ ਸਕੂਲਾਂ ਕਾਲਜਾਂ, ਸ਼ਹਿਰਾਂ ਦੇ ਗੁਰਦੁਆਰਿਆਂ ਵਿਚ ਅੰਮ੍ਰਿਤ ਸੰਚਾਰ ਦੀ ਲਹਿਰ ਦਾ ਪਰਚਾਰ ਕਰਨਾ ਸ਼ੁਰੂ ਕੀਤਾ। ਬਹੁਤ ਵਧੀਆ ਹੁੰਗਾਰਾ ਮਿਲਿਆ। ਕਈ ਤਰ੍ਹਾਂ ਦੇ ਤਜਰਬੇ ਹੋਏ। ਕਈ ਥਾਵਾਂ 'ਤੇ ਮਾਵਾਂ ਨੇ ਵਿਰੋਧ ਵੀ ਕੀਤਾ ਕਿ ਅਜੇ ਸਾਡਾ ਕਾਕਾ ਛੋਟਾ ਹੈ ਵੱਡਾ ਹੋ ਕੇ ਆਪੇ ਛੱਕ ਲਏਗਾ। ਹੈਰਾਨਗੀ ਦੀ ਗੱਲ ਦੇਖੋ ਕਈ ਬੱਚਿਆਂ ਨੇ ਆਪਣੀਆਂ ਮਾਂਵਾਂ ਨੂੰ ਹੀ ਪੁੱਛ ਲਿਆ, ਕਿ "ਮਾਂ ਤੂੰ ਤਾਂ ਵੱਡੀ ਏਂ ਹੁਣ ਤੂੰ ਕਿਉਂ ਨਹੀਂ ਖੰਡੇ ਦੀ ਪਾਹੁਲ ਲੈਂਦੀ"? ਮਾਂ ਕੋਲ ਕੋਈ ਜਵਾਬ ਨਹੀਂ ਸੀ।

ਪਿਛਲੇ ਸਮੇਂ ਤੋਂ ਸਹਿਜ ਪਾਠ ਸੇਵਾ ਸੰਸਥਾ ਵਲੋਂ ਘਰ-ਘਰ ਜਾ ਕੇ ਸੰਥਾ ਪੋਥੀਆਂ ਦਿੱਤੀਆਂ ਜਾ ਰਹੀਆਂ ਹਨ ਕਿ ਹਰ ਗੁਰਸਿੱਖ ਗੁਰੂ ਸਾਹਿਬ ਜੀ ਦੀ ਬਾਣੀ ਦਾ ਆਪ ਪਾਠ ਕਰੇ। ਇਹ ਅੱਤ ਕਥਨੀ ਨਹੀਂ ਹੈ ਕਿ ਭਾਈ ਸਤਿਨਾਮ ਸਿੰਘ ਜੀ ਸਲ੍ਹੋਪੁਰੀ ਸਕੂਲਾਂ ਕਾਲਜਾਂ ਵਿਚ ਲਗਾਤਾਰ ਸੈਮੀਨਾਰ, ਗੁਰਮਤਿ ਸਮਾਗਮ ਕਰਦੇ ਰਹਿੰਦੇ ਹਨ ਅਤੇ ਬੱਚਿਆਂ ਨੂੰ ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਬਾਰੇ ਭਰਭੂਰ ਜਾਣਕਾਰੀ ਦਿੰਦੇ ਹਨ। ਉਤਰਾਅ ਚੜ੍ਹਾਅ ਤਾਂ ਹਮੇਸ਼ਾਂ ਆਉਂਦੇ ਜਾਂਦੇ ਹੀ ਰਹਿੰਦੇ ਹਨ ਪਰ ਵਰਤਮਾਨ ਸਮੇਂ ਵਿਚ ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਸਿੱਖ ਕੌਮ ਦੀ ਬਹੁਤ ਵੱਡੀ ਸੇਵਾ ਕੀਤੀ ਜਾ ਰਹੀ ਹੈ। ਅਦਾਰਾ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਅਕਾਲ ਪੁਰਖ ਅੱਗੇ ਅਰਦਾਸ ਬੇਨਤੀ ਹੈ ਕਿ ਸਹਿਜ ਪਾਠ ਸੇਵਾ ਸੰਸਥਾ ਦੇ ਸਮੂਹ ਮੈਂਬਰਾਂ ਦੇ ਸਿਰ 'ਤੇ ਮੇਹਰ ਭਰਿਆ ਹੱਥ ਰੱਖਣ ਤੇ ਸੇਵਾ ਲੈਂਦੇ ਰਹਿਣ। ਨੌਜਵਾਨਾਂ ਨੂੰ ਹਲੂਣਾ ਦਿੰਦੇ ਭਾਈ ਵਿਧਾਤਾ ਸਿੰਘ ਤੀਰ ਦੀ ਕਵਿਤਾ ਦੇ ਬੋਲ ਸਦਾ ਗੂੰਜਦੇ ਰਹਿਣਗੇ—

ਸਾਰ ਸਿੱਖੀ ਦੀ ਸੁਹਣਿਆ ਪੁੱਛ ਜਾ ਕੇ,
'ਬਾਈ ਧਾਰ' ਤੇ 'ਸਰਸੇ ਦੀ ਧਾਰ' ਕੋਲੋਂ।
ਪਤਾ ਲੈ 'ਚਮਕੌਰ ਦੀ ਗੜ੍ਹੀ' ਵਿਚੋਂ,
ਜਾ 'ਸਰਹਿੰਦ ਦੀ ਖ਼ੂਨੀ ਦੀਵਾਰ' ਕੋਲੋਂ।
ਪਤਾ ਪੁੱਛ ਸ਼ਹੀਦ ਦੀ ਚਰਖੜੀ ਤੋਂ,
ਜਾਂ ਫਿਰ ਦੀਪ ਸਿੰਘ ਜਿਹੇ ਸਰਦਾਰ ਕੋਲੋਂ।
ਪੁੱਛ ਦੇਗਾਂ ਕਲਵੱਤਰਾਂ ਰੰਬੀਆਂ ਤੋਂ,
'ਕਾਹਨੂੰਵਾਨ' ਦੀ ਸੰਘਣੀ ਬਾਰ ਕੋਲੋਂ। -0-

## ਸਹਿਜ ਪਾਠ ਸੇਵਾ ਸੰਸਥਾ ਵਲੋਂ

-ਸਤਨਾਮ ਸਿੰਘ ਸਲ੍ਹੋਪੁਰੀ
79733-29833

# ਅੰਮ੍ਰਿਤ ਸੰਚਾਰ ਸਮਾਗਮ ਅਕਤੂਬਰ 2023



**— ਸਾਰੇ ਸਮਾਗਮ ਪੰਥ ਪ੍ਰਵਾਨਿਤ ਰਹਿਤ ਮਰਿਆਦਾ ਅਨੁਸਾਰ ਸਿਰੇ ਚੜੇ ---**

**--- ਅੰਮ੍ਰਿਤਪਾਨ ਕਰਨ ਵਾਲਿਆਂ ਦੀ ਗਿਣਤੀ 15,000 ਤੋਂ ਟੱਪੀ ---**

**--- ਸਾਰੇ ਅੰਮ੍ਰਿਤ ਅਭਿਲਾਖੀਆਂ ਨੂੰ ਭੇਟਾ ਰਹਿਤ ਕਕਾਰ ਦਿੱਤੇ ਗਏ ---**

ਸ੍ਰੀ ਅਕਾਲ ਪੁਰਖ ਸਾਹਿਬ ਜੀ ਦੀ ਸਰਪ੍ਰਸਤੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ, ਕਲਗੀਧਰ ਟਰੱਸਟ ਬੜੂ ਸਾਹਿਬ, ਸਤਿਨਾਮ ਸਰਬ ਕਲਿਆਣ ਟਰੱਸਟ (ਚੰਡੀਗੜ੍ਹ), ਗੁਰਮਤਿ ਗਿਆਨ ਮਿਸ਼ਨਰੀ ਕਾਲਜ (ਲੁਧਿਆਣਾ) ਤੇ ਹੋਰ ਮਿਸ਼ਨਰੀ ਕਾਲਜਾਂ, ਵਿਦਿਅਕ ਅਦਾਰਿਆਂ, ਗੁਰਦੁਆਰਾ ਸਾਹਿਬਾਨ ਤੇ ਹੋਰ ਵੱਖ-ਵੱਖ ਜਥੇਬੰਦੀਆਂ ਦੇ ਨਿੱਘੇ ਸਹਿਯੋਗ ਨਾਲ 'ਸਹਿਜ ਪਾਠ ਸੇਵਾ' ਵੱਲੋਂ ਅਕਤੂਬਰ, 2023 ਨੂੰ ਵੱਖ-ਵੱਖ 78 ਸਥਾਨਾਂ ਤੇ ਅੰਮ੍ਰਿਤ ਸੰਚਾਰ ਸਮਾਗਮ ਕੀਤੇ ਗਏ। ਪੰਜਾਬ ਵਿੱਚ 66 ਸਥਾਨਾਂ 'ਤੇ, ਹਰਿਆਣੇ 'ਚ ਅੱਠ ਸਥਾਨਾਂ 'ਤੇ, ਜੰਮੂ ਕਸ਼ਮੀਰ 'ਚ ਦੋ ਸਥਾਨਾਂ 'ਚ, ਹਿਮਾਚਲ 'ਚ ਇੱਕ ਸਥਾਨ 'ਤੇ, ਲਖਨਊ (ਉੱਤਰ ਪ੍ਰਦੇਸ਼) 'ਚ ਇੱਕ ਸਥਾਨ ਉੱਤੇ 'ਅੰਮ੍ਰਿਤ ਸੰਚਾਰ ਸਮਾਗਮ' ਹੋਏ। ਜਿਨ੍ਹਾਂ ਵਿੱਚ 15,400 ਦੇ ਕਰੀਬ ਵਿਦਿਆਰਥੀਆਂ, ਅਧਿਆਪਕਾਂ, ਮਾਪਿਆਂ ਤੇ ਆਮ ਸੰਗਤਾਂ ਨੇ ਅੰਮ੍ਰਿਤ ਪਾਨ ਕਰਕੇ ਗੁਰੂ ਦੀਆਂ ਖੁਸ਼ੀਆਂ ਹਾਸਲ ਕੀਤੀਆਂ। ਅੰਮ੍ਰਿਤ ਸੰਚਾਰ ਸਮਾਗਮ ਦੇ ਕਨਵੀਨਰ ਨੇ ਦੱਸਿਆ ਕਿ ਫਰਵਰੀ, 2023 'ਚ ਇੱਕ ਮਹੀਨੇ ਲਈ ਅੰਮ੍ਰਿਤ ਸੰਚਾਰ ਸਮਾਗਮ ਕਰਵਾਉਣ ਦਾ ਫੈਸਲਾ ਕੀਤਾ ਗਿਆ ਸੀ। ਕਕਾਰਾਂ ਦੀ ਤਿਆਰੀ, ਅੰਮ੍ਰਿਤ ਸੰਚਾਰ ਸਮਾਗਮਾਂ ਦੇ ਸਥਾਨ, ਪੰਜ ਪਿਆਰਿਆਂ ਦੇ ਪ੍ਰਬੰਧ ਅਤੇ ਅੰਮ੍ਰਿਤ ਅਭਿਲਾਖੀ ਤਿਆਰ ਕਰਨ ਲਈ ਸਕੂਲਾਂ ਵਿਚ ਸੈਮੀਨਾਰ ਅਤੇ ਗੁਰਮਤਿ ਸਮਾਗਮ ਕਰਨ ਦੀ ਰੂਪ ਰੇਖਾ ਤਿਆਰ ਕੀਤੀ ਗਈ। ਸਾਰੇ ਅੰਮ੍ਰਿਤ ਅਭਿਲਾਖੀਆਂ ਨੂੰ ਭੇਟਾ ਰਹਿਤ ਕਕਾਰ ਦਿੱਤੇ ਗਏ। ਬਹੁਤ ਸਾਰੀਆਂ ਜਥੇਬੰਦੀਆਂ ਆਪੋ ਆਪਣੇ ਪੱਧਰ ਤੇ ਵੀ ਅੰਮ੍ਰਿਤ ਛਕਾਉਣ ਦੇ ਉਪਰਾਲੇ ਕਰਦੀਆਂ ਰਹਿੰਦੀਆਂ ਹਨ, ਅਸੀਂ ਇੱਕ ਮਹੀਨੇ 'ਚ ਵੱਧ ਤੋਂ ਵੱਧ ਪ੍ਰਾਣੀਆਂ ਨੂੰ ਪ੍ਰੇਰਨਾ ਕਰਕੇ ਅੰਮ੍ਰਿਤ ਪਾਨ ਕਰਵਾਉਣ ਦਾ ਉਪਰਾਲਾ ਕੀਤਾ ਹੈ। ਅੰਮ੍ਰਿਤ ਸੰਚਾਰ ਸਮਾਗਮਾਂ ਪਿੱਛੇ ਭਾਵਨਾ ਇਹੋ ਸੀ ਕਿ ਜੋ ਨਕਾਰਾਤਮਕ ਮਾਹੌਲ ਸਿਰਜਿਆ ਜਾ ਰਿਹਾ ਕਿ ਨੌਜਵਾਨ ਪੰਜਾਬ ਦਾ ਗਰਕ ਹੋ ਕੇ ਕੁਰਾਹੇ ਪੈ ਰਿਹਾ, ਇਹ ਨਕਰਾਤਮਿਕਤਾ ਨੂੰ ਸਕਰਾਤਮਿਕਤਾ ਵਿੱਚ ਬਦਲਣਾ। ਦੂਜੀ ਭਾਵਨਾ ਇਹ ਸੀ ਕਿ ਲੱਖਾਂ ਵਿਦਿਆਰਥੀ ਤੇ ਸੰਗਤਾਂ ਨੂੰ ਸਹਿਜ ਪਾਠ ਨਾਲ ਜੋੜਿਆ ਜਾਏ ਤੇ ਉਹ ਸਹਿਜ ਪਾਠ ਕਰ ਵੀ ਰਹੇ ਨੇ, ਉਹਨਾਂ 'ਚੋਂ ਬਹੁਤ ਸਾਰਿਆਂ ਨੇ ਅੰਮ੍ਰਿਤ ਛੱਕ ਵੀ ਲਿਆ ਪਰ ਜਿਹੜੇ ਅਜੇ ਪਿੱਛੇ ਰਹਿ ਗਏ ਨੇ ਅੰਮ੍ਰਿਤ ਸੰਚਾਰ ਤੱਕ ਨਹੀਂ ਪਹੁੰਚ ਪਾਏ, ਉਹਨਾਂ ਨੂੰ ਅੰਮ੍ਰਿਤ ਸੰਚਾਰ ਲਈ ਵੀ ਪ੍ਰੇਰਨਾ ਕਰੀਏ।




ਜੂਨ 2023 ਵਿਚ ਅੰਮ੍ਰਿਤ ਸੰਚਾਰ ਦਾ ਪੋਸਟਰ ਜਾਰੀ ਕੀਤਾ ਗਿਆ। ਖਡੂਰ ਸਾਹਿਬ ਦੀ ਧਰਤੀ ਤੋਂ 1 ਜੁਲਾਈ 2023 ਤੋਂ ਸਕੂਲਾਂ, ਅਕੈਡਮੀਆਂ, ਸੰਗਤਾਂ 'ਚ, ਵਿਦਿਆਲਿਆਂ 'ਚ ਸੈਮੀਨਾਰ ਕਰਕੇ ਅੰਮ੍ਰਿਤ ਛਕਣ ਲਈ ਤਿਆਰ ਕਰਨ ਦੇ ਉਪਰਾਲੇ ਅਰੰਭੇ ਗਏ। 11,000 ਦਾ ਟੀਚਾ ਮਿਥਿਆ ਗਿਆ ਸੀ ਪਰ ਨੌਜਵਾਨਾਂ ਤੇ ਸੰਗਤਾਂ ਨੇ ਇੰਨਾ ਉਤਸ਼ਾਹ ਦਿਖਾਇਆ ਕਿ ਅੰਮ੍ਰਿਤਪਾਨ ਕਰਨ ਵਾਲਿਆਂ ਦੀ ਗਿਣਤੀ 15,000 ਤੋਂ ਟੱਪ ਗਈ। ਇਹ ਪ੍ਰੇਰਨਾ ਜੁਲਾਈ 2023 ਤੋਂ ਸ਼ੁਰੂ ਹੋਈ, ਅੰਮ੍ਰਿਤ ਸੰਚਾਰ ਅਕਤੂਬਰ 2023 ਵਿੱਚ ਸਨ। ਜਿਹੜੇ ਪਹਿਲੇ ਸਮਿਆਂ ਵਿੱਚ ਸੰਗਤ, ਬੱਚੇ ਤਿਆਰ ਕੀਤੇ ਉਹਨਾਂ ਵਿੱਚ ਇੱਕ ਲੰਮਾ ਗੈਪ ਸੀ। ਕਈਆਂ ਨੇ ਉਹ ਗੈਪ ਤੋਂ ਬਚਣ ਲਈ ਨੇੜੇ ਤੇੜੇ ਆਪੇ ਅੰਮ੍ਰਿਤ ਛਕ ਲਿਆ ਸੀ। ਆਲਮਗੀਰ ਸਾਹਿਬ ਦੀ ਇਹ ਘਟਨਾ ਹੈ ਕਿ 1 ਅਕਤੂਬਰ 2023 ਨੂੰ ਉੱਥੇ ਅੰਮ੍ਰਿਤ ਸੰਚਾਰ ਸਮਾਗਮ ਸੀ ਪਰ ਰਜਿਸ਼ਟਰੇਸ਼ਨ ਕਾਊਂਟਰ 'ਤੇ ਇਕ ਮਾਂ ਨੇ ਆ ਕੇ ਕਿਹਾ ਕਿ ਮੇਰਾ ਬੱਚਾ ਆਪਣੇ ਆਪ ਅੰਮ੍ਰਿਤ ਛਕਣ ਆ ਗਿਆ ਹੈ। ਮਾਪੇ ਛੋਟੇ ਉਮਰ ਹੋਣ ਕਾਰਨ ਅੰਮ੍ਰਿਤ ਨਹੀਂ ਛਕਾਉਣਾ ਚਾਹੁੰਦੇ ਸਨ ਪਰ ਬੱਚੇ ਨੇ ਬੜੀ ਦ੍ਰਿੜ੍ਹਤਾ ਨਾਲ ਖੰਡੇ ਦੀ ਪਾਹੁਲ ਪ੍ਰਾਪਤ ਕਰ ਲਈ। ਅੰਮ੍ਰਿਤ ਛਕਣ ਲਈ ਬੱਚਿਆਂ ਅੰਦਰ ਜੋ ਵੀ ਸ਼ੰਕੇ ਸਨ ਸੈਮੀਨਾਰਾਂ ਰਾਹੀਂ ਉਹ ਦੂਰ ਕੀਤੇ ਜਾਂਦੇ ਸਨ। ਜੋ ਔਖਾ ਲੱਗਦਾ ਸੀ ਉਹ ਬੱਚਿਆਂ ਨੂੰ ਸੌਖਾ ਲੱਗਣ ਲੱਗਿਆ, ਜਦ ਵਿਦਿਆਰਥੀ ਤਿਆਰ ਹੋ ਜਾਂਦੇ ਉਹਨਾਂ ਦੇ ਘਰ ਇੱਕ ਸਲਿਪ ਜਾਂਦੀ ਸੀ ਕਿ ਤੁਹਾਡਾ ਬੱਚਾ ਅੰਮ੍ਰਿਤ ਪਾਨ ਕਰਨਾ ਚਾਹੁੰਦਾ ਹੈ। ਤੁਸੀਂ ਆਪਣੇ ਬੱਚੇ ਨੂੰ ਅੰਮ੍ਰਿਤ ਪਾਨ ਕਰਨ ਲਈ ਆਪਣੀ ਰਜ਼ਾ ਮੰਦੀ ਵਜੋਂ ਦਸਤਖਤ ਕਰਕੇ ਸਲਿਪ ਵਾਪਸ ਭੇਜ ਦਿਓ। ਬੱਚਿਆਂ ਨੂੰ ਕਿਹਾ ਜਾਂਦਾ ਸੀ ਜੇ ਤੁਹਾਡੇ ਮਾਪੇ ਨਾਂਹ ਕਰਦੇ ਹਨ ਤਾਂ ਤੁਸੀਂ ਉਨ੍ਹਾਂ ਦੀ ਪ੍ਰਿੰਸੀਪਲ ਜਾਂ ਧਾਰਮਿਕ ਟੀਚਰ ਨਾਲ ਕੌਂਸਲਿੰਗ ਕਰਵਾ ਦਿਓ। ਫਿਰ ਵੀ ਜੇ ਮਾਪੇ ਨਾ ਮੰਨਣ ਤਾਂ ਤੁਸੀਂ ਵੱਡੇ ਹੋ ਕੇ ਅੰਮ੍ਰਿਤ ਛਕ ਲੈਣਾ। ਕਈ ਥਾਵਾਂ 'ਤੇ ਨਾਲ ਆਏ ਰਿਸ਼ਤੇਦਾਰ ਖ਼ੁਦ ਵੀ ਉੱਥੇ ਹੀ ਕੇਸੀ ਇਸ਼ਨਾਨ ਕਰਕੇ ਤੇ ਕਕਾਰ ਪਾ ਕੇ ਅੰਮ੍ਰਿਤ ਛਕਣ ਲਈ ਪੰਜ ਪਿਆਰਿਆਂ ਅੱਗੇ ਪੇਸ਼ ਹੋ ਗਏ। ਸੋ ਇਹ ਵਾਹਿਗੁਰੂ ਦੀ ਹੀ ਕਲਾ ਵਰਤੀ ਹੈ ਕਿ ਇੱਕ ਦਿਨ 'ਚ ਅੰਮ੍ਰਿਤ ਸੰਚਾਰ ਦੇ ਛੇ-ਛੇ ਸਮਾਗਮ ਵੀ ਹੋਏ ਤੇ ਸਫਲ ਰਹੇ। ਸਾਰੇ ਸਮਾਗਮ ਪੰਥ ਪ੍ਰਵਾਨਿਤ ਰਹਿਤ ਮਰਿਆਦਾ ਅਨੁਸਾਰ ਸਿਰੇ ਚੜੇ। ਸਮੁੱਚੀ ਟੀਮ ਤੇ ਸਹਿਯੋਗੀਆਂ ਦੀ ਅਣਥੱਕ ਮਿਹਨਤ ਸੀ ਸਤਿਗੁਰ ਦਾ ਸਿਰ ਤੇ ਹੱਥ ਸੀ। ਉਸ ਨੇ ਆਪ ਹੀ ਟੀਮ ਤੋਂ ਤਰੁੱਠ ਕੇ ਸੇਵਾ ਲਈ।

ਬਹੁਤ ਸਾਰੀਆਂ ਪੰਥਕ ਸ਼ਖਸੀਅਤਾਂ ਨੇ ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਅੰਮ੍ਰਿਤ ਸੰਚਾਰ ਸਮਾਗਮਾਂ ਵਿਚ ਪਹੁੰਚ ਕੇ ਹੱਲਾਸ਼ੇਰੀ ਅਤੇ ਉਤਸ਼ਾਹ ਦਿੱਤਾ। ਸਹਿਜ ਪਾਠ ਟੀਮ ਵਲੋਂ ਉਹਨਾਂ ਸਾਰਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਾਂਦਾ ਹੈ। -0-

# ਪਾਠਕਾਂ ਦੇ ਸਵਾਲਾਂ ਦੇ ਜਵਾਬ

-ਗੁਰਮਤਿ ਵਿਰਸਾ ਬਿਊਰੋ

**ਸਵਾਲ—ਕੀ ਗੁਰੂ ਨਾਨਕ ਸਾਹਿਬ ਜੀ ਅੱਖਾਂ ਮੀਟ ਕੇ ਇਕ ਥਾਂ ਤੋਂ ਦੂਜੀ ਥਾਂ 'ਤੇ ਜਾਂਦੇ ਸਨ?**

**ਜਵਾਬ—** ਨਹੀਂ ਜੀ ਏਦਾਂ ਕਦੇ ਵੀ ਨਹੀਂ ਹੁੰਦਾ। ਗੁਰੂ ਨਾਨਕ ਸਾਹਿਬ ਜੀ ਦਾ ਮਾਤਾ ਪਿਤਾ ਦੁਆਰਾ ਜਨਮ ਹੋਇਆ ਤੇ ਉਹ ਪਰਮ ਮਨੁੱਖ ਸਨ। ਪਰ ਉਹ ਬਹੁਤ ਹੀ ਤੀਖਣ, ਬਰੀਕ ਤੇ ਦੂਰ ਅੰਦੇਸ਼ੀ ਬੁੱਧੀ ਵਾਲੇ ਸਨ। ਥਾਂ-ਪੁਰ-ਥਾਂ ਜਾ ਕੇ ਆਮ ਤੇ ਖਾਸ ਲੋਕਾਂ ਨਾਲ ਵਿਚਾਰ ਗੋਸ਼ਟੀ ਕਰਦੇ ਸਨ। ਓਦੋਂ ਜੇਹੇ ਜੇਹੇ ਸਾਧਨ ਸਨ ਗੁਰੂ ਨਾਨਕ ਸਾਹਿਬ ਉਹਨਾਂ ਦੀ ਵਰਤੋਂ ਕਰਦੇ ਸਨ। ਵਿਕੀ ਪੀਡੀਆ ਅਨੁਸਾਰ ਉਦਾਸੀਆਂ ਦਾ ਕੁੱਲ ਪੈਂਡਾ 28000 ਮੀਲ ਤੇ 45061 ਕਿਲੋਮੀਟਰ ਬਣਦਾ ਹੈ। ਕਿਹਾ ਜਾ ਸਕਦਾ ਹੈ ਕਿ ਓਦੋਂ ਦੇ ਪ੍ਰਚੱਲਤ ਸਾਧਨਾਂ ਦੀ ਵਰਤੋਂ ਕੀਤੀ ਤੇ ਪੈਦਲ ਵੀ ਚੱਲੇ ਸਨ। ਅੱਖਾਂ ਮੀਟਕੇ ਇਕ ਥਾਂ ਤੋਂ ਦੂਜੀ ਥਾਂ ਜਾਣਾ ਗੈਰ ਕੁਦਰਤੀ ਤੇ ਮਨ ਘੜਤ ਸਾਖੀਆਂ ਹਨ।

**ਸਵਾਲ—ਗੁਰੂ ਨਾਨਕ ਸਾਹਿਬ ਜੀ ਦਾ ਜਨਮ ਤੇ ਜਨਮ ਅਸਥਾਨ ਦਾ ਵੇਰਵਾ ਕੀ ਹੈ?**

**ਜਵਾਬ—**ਗੁਰੂ ਨਾਨਕ ਸਾਹਿਬ ਜੀ ਦਾ ਜਨਮ ਪਿੰਡ ਤਲਵੰਡੀ ਵਿਚ ਵੈਸਾਖ ਸੁਦੀ ਸੰਮਤ 1526 ਨੂੰ ਹੋਇਆ। ਪ੍ਰਵਿਸ਼ਟਾ ਮਹੀਨਾ ਵੈਸਾਖ ਦੀ 20 ਤਰੀਕ ਸੀ। ਈਸਵੀ 1469 ਅਪ੍ਰੈਲ ਦੀ 15 ਤਰੀਕ ਤੇ ਦਿਨ ਛਨੀਵਾਰ ਸੀ। ਤਲਵੰਡੀ ਦਾ ਪਹਿਲਾ ਨਾਂ ਰਾਇਪੁਰ ਸੀ ਫਿਰ ਰਾਇ ਭੋਇ ਦੀ ਤਲਵੰਡੀ ਨਾਮ ਪ੍ਰਸਿੱਧ ਹੋਇਆ। ਹੁਣ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ। ਨਨਕਾਣਾ ਸਾਹਿਬ ਲਾਹੌਰ ਤੋਂ 48 ਕਿਲੋਮੀਟਰ ਪੱਛਮ ਵੱਲ ਹੈ। ਲਾਹੌਰ ਤੋਂ ਜੜ੍ਹਾਂਵਾਲੇ ਨੂੰ ਜਾਣ ਵਾਲੀ ਰੇਲਵੇ ਲਾਈਨ ਉੱਤੇ ਨਨਕਾਣਾ ਸਾਹਿਬ ਰੇਲਵੇ ਸਟੇਸ਼ਨ ਹੈ, ਜ਼ਿਲ੍ਹਾ ਸ਼ੇਖੂਪੁਰਾ ਜੰਕਸ਼ਨ ਤੋਂ ਇਕ ਲਾਈਨ ਸਾਂਗਲੇ ਦੇ ਰਸਤੇ ਲਾਇਲਪੁਰ ਨੂੰ ਜਾਂਦੀ ਹੈ। ਦੂਜੀ ਲਾਈਨ ਨਨਕਾਣਾ ਸਾਹਿਬ ਜੜ੍ਹਾਂ ਵਾਲੇ ਦੇ ਰਸਤੇ ਲਾਇਲਪੁਰ ਨੂੰ ਜਾਂਦੀ ਹੈ।

**ਸਵਾਲ—ਗੁਰੂ ਨਾਨਕ ਸਾਹਿਬ ਜੀ ਨੇ ਵਿਦਿਆ ਕਿਹੜੇ ਕਿਹੜੇ ਉਸਤਾਦ ਕੋਲੋਂ ਲਈ ਸੀ?**

**ਜਵਾਬ**---ਸੱਤ ਸਾਲ ਦੀ ਉਮਰ ਵਿਚ ਪੰਡਿਤ ਗੋਪਾਲ ਪਾਸ ਹਿੰਦੀ ਪੜ੍ਹਨ ਲਈ ਭੇਜਿਆ, ਫੇਰ ਬ੍ਰਿਜ ਲਾਲ ਪੰਡਿਤ ਪਾਸ ਸੰਸਕ੍ਰਿਤ ਪੜ੍ਹਨ ਭੇਜਿਆ ਗਿਆ। ਤੇਰ੍ਹਾਂ ਸਾਲ ਦੀ ਉਮਰ ਵਿਚ ਤਲਵੰਡੀ ਦੇ ਮੌਲਵੀ ਕੁਤਬਦੀਨ ਪਾਸ ਫ਼ਾਰਸੀ ਪੜ੍ਹਨ ਬਿਠਾਇਆ ਗਿਆ। ਗੁਰੂ ਨਾਨਕ ਸਾਹਿਬ ਜੀ ਦੀ ਤੀਖਣ ਬੁੱਧੀ ਦੇਖ ਕੇ ਉਸਤਾਦ ਬਹੁਤ ਪ੍ਰਭਾਵਤ ਹੋਏ। ਬਹੁਤ ਜਲਦੀ ਗੁਰੂ ਸਾਹਿਬ ਜੀ ਨੇ ਦੁਨਿਆਵੀ ਵਿਦਿਆ ਹਾਸਲ ਕਰ ਲਈ। ਗੁਰੂ ਸਾਹਿਬ ਜੀ ਦੇ ਗਿਆਨ ਅੱਗੇ ਸਾਰਾ ਨਗਰ ਪ੍ਰਭਾਵਤ ਹੋਇਆ।

**ਸਵਾਲ--ਗੁਰੂ ਨਾਨਕ ਸਾਹਿਬ ਜੀ ਨੂੰ ਜਨੇਊ ਕਿਹੜੀ ਉਮਰ ਵਿਚ ਪਾਉਣ ਦਾ ਯਤਨ ਕੀਤਾ?**

**ਜਵਾਬ**---ਜਦੋਂ ਗੁਰੂ ਨਾਨਕ ਸਾਹਿਬ ਜੀ ਦਸ ਸਾਲ ਦੇ ਹੋਏ ਤਾਂ ਘਰ ਦੀ ਪਿਤਾ ਪੁਰਖੀ ਮਰਿਯਾਦਾ ਨੂੰ ਨਿਭਾਉਣ ਲਈ ਪੰਡਿਤ ਹਰਿਦਿਆਲ ਨੂੰ ਸਦਿਆ ਗਿਆ। ਤਾਂ ਕਿ ਉਹ ਗੁਰੂ ਨਾਨਕ ਸਾਹਿਬ ਜੀ ਨੂੰ ਜਨੇਊ ਪਾ ਦੇਵੇ।

**ਸਵਾਲ—ਜਨੇਊ ਕੀ ਹੁੰਦਾ ਹੈ?**

**ਜਵਾਬ**—ਸੂਤਰ ਨੂੰ ਵੱਟ ਕੇ ਤਿਹਰਾ ਕਰਕੇ ਉਸ ਦੀ ਡੋਰ ਵੱਟਣੀ ਹੁੰਦੀ ਹੈ। ਇਹਨਾਂ ਤਿੰਨ ਡੋਰਾਂ ਦਾ ਇਕ ਅਗ੍ਹ ਹੁੰਦਾ ਹੈ ਤੇ ਦੋ ਅਗ੍ਹਾਂ ਦਾ ਇਕ ਜਨੇਊ ਬਣਦਾ ਹੈ। ਜਨੇਊ ਖੱਬੇ ਮੋਢੇ ਤੋਂ ਪਹਿਨ ਕੇ ਸੱਜੀ ਵੱਖੀ ਵੱਲ ਲਟਕਾਇਆ ਜਾਂਦਾ ਹੈ ਪਰ ਪਿੱਤਰੀ-ਕਰਮ ਕਰਨ ਵੇਲੇ ਜਨੇਊ ਸੱਜੇ ਮੋਢੇ ਤੇ ਪਹਿਨਿਆ ਜਾਂਦਾ ਹੈ।

**ਸਵਾਲ—ਜਨੇਊ ਨੂੰ ਕਿਹੜੀ ਕਿਹੜੀ ਸ਼੍ਰੇਣੀ ਧਾਰਨ ਕਰ ਸਕਦੀ ਹੈ?**

**ਜਵਾਬ**--ਹਰੇਕ ਧਰਮ ਵਿਚ ਮਨੁੱਖ ਦੇ ਦੋ ਜਨਮ ਮਿੱਥੇ ਹੋਏ ਮਿਲਦੇ ਹਨ, ਇਕ ਸਰੀਰ ਦਾ ਜਨਮ ਮਾਂ ਦੇ ਪੇਟੋਂ ਤੇ ਦੂਜਾ ਆਤਮਿਕ ਜਨਮ ਦੀ ਪ੍ਰਾਪਤੀ ਲਈ ਧਾਰਮਿਕ ਮਰਯਾਦਾ ਨਿਭਾਹੁੰਣ ਨਾਲ ਮਿਲਦਾ ਹੈ। ਮੰਨੂੰ ਦੇ ਧਰਮ-ਸ਼ਾਸਤਰ ਅਨੁਸਾਰ ਬ੍ਰਾਹਮਣ, ਖੱਤਰੀ ਅਤੇ ਵੈਸ਼ ਵਾਸਤੇ ਆਤਮਿਕ ਜਨਮ ਦੀ ਪ੍ਰਾਪਤੀ ਲਈ ਜਨੇਊ ਪਹਿਨਣ ਦੀ ਮਰਿਯਾਦਾ ਹੈ। ਬ੍ਰਾਹਮਣ ਲਈ ਜਨੇਊ ਕਪਾਹ ਦਾ, ਖੱਤਰੀ ਲਈ ਸਣ ਤੇ ਵੈਸ਼ ਲਈ ਭੇਡੂ ਦੀ ਉੱਨ ਦਾ ਨਿਰਧਾਰਤ ਕੀਤਾ ਹੋਇਆ ਹੈ। ਸ਼ੂਦਰ ਲਈ ਕੋਈ ਜਨੇਊ ਨਹੀਂ ਹੈ।

**ਸਵਾਲ—ਜਨੇਊ ਧਾਰਨ ਦੀ ਉਮਰ ਕੀ ਹੈ ਤੇ ਕਿਹੜੀ ਕਿਹੜੀ ਰੁੱਤ ਨੂੰ ਪਾਇਆ ਜਾਂਦਾ ਹੈ?**

**ਜਵਾਬ**—ਬ੍ਰਾਹਮਣ ਦਾ ਜਨੇਊ ਗਰਭ ਤੋਂ ਲੈ ਕੇ ਅੱਠਵੇਂ ਸਾਲ, ਖੱਤਰੀ ਦਾ ਯਾਰ੍ਹਵੇਂ ਸਾਲ ਅਤੇ ਵੈਸ਼ ਦਾ ਬਾਰ੍ਹਵੇਂ ਸਾਲ ਵਿਚ ਹੋਣਾ ਚਾਹੀਦਾ ਹੈ। ਏਸੇ ਤਰ੍ਹਾਂ ਬ੍ਰਾਹਮਣ ਦਾ ਬਸੰਤ ਰੁੱਤੇ, ਖੱਤਰੀ ਦਾ ਗਰਮੀ ਰੁੱਤੇ ਅਤੇ ਵੈਸ਼ ਦਾ ਪਤਝੱੜ ਦੀ ਰੁੱਤ ਵਿਚ ਹੁੰਦਾ ਹੈ।

**ਸਵਾਲ—ਕੀ ਜਨੇਊ ਪਾਉਣ ਦਾ ਹੱਕ ਧੀ (ਔਰਤ) ਵੀ ਹੁੰਦਾ ਹੈ?**

**ਜਵਾਬ—**ਨਹੀਂ ਜੀ, ਹਿੰਦੂ ਧਰਮ ਵਿਚ ਧੀ (ਔਰਤ) ਨੂੰ ਜਨੇਊ ਪਾਉਣ ਦਾ ਕੋਈ ਹੱਕ ਨਹੀਂ ਹੈ?

**ਸਵਾਲ--ਪੁੱਤਰ ਨੂੰ ਜਨੇਊ ਕਿਉਂ ਪਾਇਆ ਜਾਂਦਾ ਹੈ?**

**ਜਵਾਬ**—ਹਿੰਦੂ ਸ਼ਾਸਤਰਾਂ ਅਨੁਸਾਰ ਪੂ-ਨਰਕ ਤੋਂ ਕੇਵਲ ਪੁੱਤਰ ਹੀ ਬਚਾਉਂਦਾ ਹੈ। ਪਿੱਤਰਾਂ ਨੂੰ ਨਰਕਾਂ ਤੋਂ ਬਚਾਉਣ ਲਈ ਕੇਵਲ ਪੁੱਤਰ ਹੀ ਯੱਗ, ਸ਼ਰਾਧ ਆਦਿ ਕਰਾ ਸਕਦਾ ਹੈ। ਏਸ ਲਈ ਭਾਰਤੀ ਲੋਕ ਪੁੱਤਰਾਂ ਦੀ ਪ੍ਰਾਪਤੀ ਲਈ ਡੇਰਿਆਂ ਵਲ ਨੂੰ ਹੋ ਤੁਰਦੇ ਹਨ। ਸ਼ਾਇਦ ਇੱਥੋਂ ਕੋਈ ਪੁੱਤਰ ਦੀ ਪ੍ਰਾਪਤੀ ਹੋ ਸਕੇ। ਜਦੋਂ ਪੁੱਤਰ ਦਾ ਜਨਮ ਹੋ ਜਾਂਦਾ ਹੈ ਤਾਂ ਜਨੇਊ ਦੀ ਰਸਮ ਨੂੰ ਬਹੁਤ ਵੱਡੀ ਪੱਧਰ 'ਤੇ ਸਾਰੇ ਰਿਸ਼ਤੇਦਾਰ, ਦੋਸਤਾਂ ਨੂੰ ਦਾਵਤ ਦਿੱਤੀ ਜਾਂਦੀ ਹੈ ਤੇ ਬੱਕਰੇ ਵੀ ਝਟਕਾਏ ਜਾਂਦੇ ਹਨ। ਭਾਵ ਮਾਸ ਆਦਿ ਦੀ ਖੁਲ੍ਹ ਕੇ ਵਰਤੋਂ ਹੁੰਦੀ ਸੀ। ਕਿਹਾ ਜਾ ਸਕਦਾ ਹੈ ਕਿ ਜਨੇਊ ਦੀ ਰਸਮ ਵੇਲੇ ਘਰ ਵਿਚ ਵਿਆਹ ਵਾਲਾ ਮਾਹੌਲ ਹੁੰਦਾ ਹੈ।

**ਸਵਾਲ—ਜਨੇਊ ਦੀ ਰਸਮ ਵੇਲੇ ਗੁਰੂ ਨਾਨਕ ਸਾਹਿਬ ਜੀ ਨੇ ਕਿਹੜੀ ਦ੍ਰਿੜਤਾ ਦਿਖਾਈ?**

**ਜਵਾਬ—**ਜਦੋਂ ਗੁਰੂ ਨਾਨਕ ਸਾਹਿਬ ਜੀ ਦੀ ਉਮਰ ਦਸ ਸਾਲ ਦੀ ਹੋਈ ਤਾਂ ਪ੍ਰਵਾਰ ਨੇ ਉੱਚੀ ਕੁੱਲ ਦੇ ਦਿਖਾਵੇ ਲਈ ਜਨੇਊ ਪਾਉਣ ਦਾ ਸਮਾਗਮ ਰੱਖਿਆ। ਭਰੇ ਸਮਾਗਮ ਵਿਚ ਗੁਰੂ ਨਾਨਕ ਸਾਹਿਬ ਜੀ ਨੇ ਕਿਹਾ ਕਿ ਪੰਡਤ ਜੀ ਜਨੇਊ ਪਾਉਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਜਿਹੜਾ ਤੁਸੀਂ ਕੰਨ ਇਹ ਕਹਿੰਦੇ ਹੋ ਕਿ ਅੱਜ ਤੋਂ ਬਾਅਦ ਮੈਂ ਤੇਰਾ ਗੁਰੂ ਹੋਵਾਂਗਾ ਤੇ ਤੂੰ ਮੇਰਾ ਚੇਲਾ ਹੋਏਂਗਾ ਤੇ ਮੇਰੇ ਪੁੱਛੇ ਬਗੈਰ ਧਰਮ ਦਾ ਕੋਈ ਕਰਮ ਨਹੀਂ ਕਰਨਾ। ਗੁਰੂ ਸਾਹਿਬ ਜੀ ਨੇ ਭਰੀ ਸਭਾ ਵਿਚ ਕਹਿਆ ਕਿ ਪੰਡਿਤ ਜੀ ਅੱਜ ਮੈਂ ਇਸ ਧਰਮ ਦੇ ਕਰਮਾਂ ਨੂੰ ਅੱਜ ਪੂਰੀ ਤਰ੍ਹਾਂ ਨਿਕਾਰਦਾ ਹਾਂ—

**ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥**
**ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥ (471)**

ਦੁਨੀਆਂ ਦਾ ਇਹ ਪਹਿਲਾ ਇਨਕਲਾਬ ਸੀ ਜਦੋਂ ਦਸ ਸਾਲ ਦੇ ਤੀਖਣ ਬੁੱਧੀ ਵਾਲੇ ਬੱਚੇ ਨੇ ਭਰੀ ਸਭਾ ਵਿਚ ਸਦੀਆਂ ਦੇ ਬਣੇ ਭਰਮ ਨੂੰ ਇਕਵੱਢਿਓਂ ਤੋੜ ਦਿੱਤਾ। ਪੰਡਿਤ ਨੂੰ ਇਹ ਡਰ ਵੱਢ ਵੱਢ ਖਾਣ ਲੱਗ ਪਿਆ ਸੀ ਕਿ ਜੇ ਅੱਜ ਬੱਚੇ ਨਾਨਕ ਨੇ ਜਨੇਊ ਨੂੰ ਚੁਣੌਤੀ ਦਿੱਤੀ ਹੈ ਤਾਂ ਅਗਾਂਹ ਹੋਰ ਲੋਕ ਵੀ ਉੱਠ ਪੈਣਗੇ। ਦ੍ਰਿੜਤਾ ਦੀ ਇਹ ਪਹਿਲੀ ਵੱਡੀ ਜਿੱਤ ਸੀ। ਪੰਡਿਤ ਜੀ ਹੈਰਾਨ ਸਨ ਕਿ ਦਸ ਸਾਲ ਦੇ ਬੱਚੇ ਮੈਨੂੰ ਨਿਰੰਤਰ ਕਰ ਦਿੱਤਾ ਹੈ। -0-




# ਗੁਰਬਾਣੀ ਕਿਹੜੇ ਰੱਬ ਕੋਲੋਂ ਆਈ ਹੈ?



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਪਹਾੜਾਂ ਦੀਆਂ ਖੁੱਡਾਂ ਤੇ ਜੰਗਲਾਂ ਵਿੱਚ ਰਹਿਣ ਵਾਲੇ ਨੰਗ ਮਲੰਗ ਮਨੁੱਖ ਨੇ ਸਮਾਜ ਦੇ ਹਰ ਖੇਤਰ ਵਿੱਚ ਬਲੰਦੀਆਂ ਨੂੰ ਛੋਹਿਆ ਹੈ। ਪੜਾਅ ਦਰ ਪੜਾਅ ਵਿਕਾਸ ਕਰਦਿਆਂ ਕੁਦਰਤ ਦੀਆਂ ਸ਼ਕਤੀਆਂ ਨੂੰ ਸਮਝ ਕੇ ਉਹਨਾਂ ਦੀ ਵਰਤੋਂ ਕਰਨ ਦੀ ਜਾਚ ਸਿੱਖ ਲਈ। ਇੱਕ ਅਜੇਹਾ ਸਮਾਂ ਵੀ ਸੀ ਜਦੋਂ ਕੁਦਰਤ ਦੀਆਂ ਸ਼ਕਤੀਆਂ ਨੂੰ ਆਪਣੇ ਲਈ ਆਫਤ ਜਾਂ ਮੁਸੀਬਤ ਸਮਝਦਾ ਸੀ। ਇਹਨਾਂ ਤੋਂ ਬਚਣ ਲਈ ਅਗਨੀ ਹਵਾ, ਪਾਣੀ, ਮੀਂਹ, ਬੱਦਲ, ਚੰਦ-ਸੂਰਜ, ਪਸ਼ੂ, ਪੰਛੀ ਤੇ ਦਰੱਖਤਾਂ ਦੀ ਵੀ ਪੂਜਾ ਕਰਦਾ ਰਿਹਾ ਹੈ। ਦੇਵ ਪੂਜਾ ਦਾ ਪ੍ਰਭਾਵ ਅੱਜ ਵੀ ਭਾਰਤੀ ਸਭਿਆਚਾਰ ਵਿੱਚ ਦੇਖਿਆ ਜਾ ਸਕਦਾ ਹੈ।

ਦੇਵੀ ਦੇਵਤਿਆਂ ਦੀਆਂ ਮੂਰਤੀਆਂ ਬਣਾ ਕੇ ਉਹਨਾਂ ਦੀ ਕਰੋਪੀ ਤੋਂ ਬਚਾਉਣ ਲਈ ਪੁਜਾਰੀਆਂ ਨੇ ਇਸ ਸਾਰੀ ਖੇਡ ਨੂੰ ਆਪਣੇ ਹੱਥ ਕਰ ਲਿਆ। ਪੱਥਰਾਂ ਨੂੰ ਤਰਾਸ਼ ਕੇ ਭਗਵਾਨ ਬਣਾਉਣ ਵਿੱਚ ਕੋਈ ਦੇਰੀ ਨਹੀਂ ਕੀਤੀ। ਅਜੇਹੀ ਪੂਜਾ ਕਰਨ ਵਾਲਿਆਂ ਨੂੰ ਭਗਤ ਕਬੀਰ ਸਾਹਿਬ ਨੇ ਬੁਲੰਦ ਅਵਾਜ਼ ਵਿੱਚ ਕਹਿਆ---

**ਕਬੀਰ ਠਾਕੁਰੁ ਪੂਜਹਿ ਮੋਲਿ ਲੇ**
**ਮਨਹਠਿ ਤੀਰਥ ਜਾਹਿ ॥**
**ਦੇਖਾ ਦੇਖੀ ਸ੍ਵਾਂਗੁ ਧਰਿ**
**ਭੂਲੇ ਭਟਕਾ ਖਾਹਿ ॥135॥**
**ਕਬੀਰ ਪਾਹਨੁ ਪਰਮੇਸੁਰੁ ਕੀਆ**
**ਪੂਜੈ ਸਭੁ ਸੰਸਾਰੁ ॥**
**ਇਸ ਭਰਵਾਸੇ ਜੋ ਰਹੇ**
**ਬੂਡੇ ਕਾਲੀ ਧਾਰ ॥136॥** (1371)

ਸਮੇਂ ਦੀ ਤੋਰ ਵਿੱਚ ਇਹ ਗੱਲ ਵੀ ਤੁਰ ਪਈ ਕਿ ਰੱਬ ਜੀ ਮਨੁੱਖਾਂ ਵਾਂਗ ਜਨਮ ਲੈ ਕੇ ਭਜਨ ਬੰਦਗੀ ਕਰਨ ਵਾਲਿਆਂ ਨੂੰ ਪ੍ਰਤੱਖ ਦਰਸ਼ਨ ਦਿੰਦੇ ਹਨ। ਜਿਹੜਾ ਉਸ ਦੀ ਅਰਾਧਣਾ ਕਰਦਾ ਹੈ ਉਸ ਦੇ ਸਾਰੇ ਵਿਗੜੇ ਤਿਗੜੇ ਕਾਰਜ ਸਵਾਰ ਦਿੰਦਾ ਹੈ। ਏਦਾਂ ਦੇ ਰੱਬ ਸਬੰਧੀ ਗੁਰਬਾਣੀ ਨੇ ਸਪੱਸ਼ਟ ਐਲਾਨ ਕੀਤਾ ਕਿ ਉਹ ਮੂੰਹ ਸੜ ਜਾਏ ਜਿਹੜਾ ਆਖਦਾ ਹੈ ਕਿ ਰੱਬ ਜਨਮ ਲੈਂਦਾ ਹੈ—

**ਸਗਲ ਪਰਾਧ ਦੇਹਿ ਲੋਰੋਨੀ ॥**
**ਸੋ ਮੁਖੁ ਜਲਉ**
**ਜਿਤੁ ਕਹਹਿ ਠਾਕੁਰੁ ਜੋਨੀ ॥3॥**
**ਜਨਮਿ ਨ ਮਰੈ ਨ ਆਵੈ ਨ ਜਾਇ ॥**
(1136)

ਮਨੁੱਖ ਨੇ ਬਹੁਤ ਸਾਰੇ ਪੜਾਅ ਤਹਿ ਕੀਤੇ ਹਨ ਪਰ ਪੁਜਾਰੀ ਵੀ ਇਸ ਦੇ ਨਾਲ ਹੀ ਚਲਦਾ ਰਿਹਾ ਹੈ। ਮਨੁੱਖੀ ਦਿਮਾਗ ਵਿੱਚ ਇੱਕ ਹੋਰ ਵਿਚਾਰ ਬਿਠਾ ਦਿੱਤਾ ਕਿ ਰੱਬ ਜੀ ਕੇਵਲ ਧਾਰਮਿਕ ਅਸਥਾਨਾਂ 'ਤੇ ਹੀ ਰਹਿੰਦੇ ਹਨ। ਲੋਕ ਧਾਰਮਿਕ ਅਸਥਾਨਾਂ ਤੋਂ ਰੱਬ ਲੱਭਣ ਤੁਰ ਪਏ। ਕਬੀਰ ਸਾਹਿਬ ਜੀ ਨੇ ਸਾਫ਼ ਹੀ ਕਹਿ ਦਿੱਤਾ ਕਿ ਮੇਰਾ ਮਨ ਹੀ ਧਾਰਮਿਕ ਅਸਥਾਨ ਹੈ ਇਸ ਲਈ ਮੈਂ ਏਥੇ ਹੀ ਇਸ਼ਨਾਨ ਕਰ ਲਵਾਂਗਾ। ਸਰਬ ਵਿਆਪਕ ਰੱਬ ਭਾਵ ਬ੍ਰਹਿਮੰਡੀ ਨਿਯਮ ਮਨੁੱਖਤਾ ਦੇ ਮਨ ਵਿੱਚ ਵੱਸਦਾ ਹੈ ਤੇ ਇਹ ਕਿਸੇ ਚਾਰ ਦੀਵਾਰੀ ਦਾ ਮੁਥਾਜ ਨਹੀਂ ਹੈ---

**ਹਜ ਹਮਾਰੀ ਗੋਮਤੀ ਤੀਰ ॥**
**ਜਹਾ ਬਸਹਿ ਪੀਤੰਬਰ ਪੀਰ ॥1॥**
**ਵਾਹੁ ਵਾਹੁ ਕਿਆ ਖੂਬੁ ਗਾਵਤਾ ਹੈ ॥**
**ਹਰਿ ਕਾ ਨਾਮੁ ਮੇਰੈ ਮਨਿ ਭਾਵਤਾ ਹੈ ॥**
(479)

ਰੱਬ ਸਬੰਧੀ ਬਹੁਤ ਵੱਡਾ ਭੁਲੇਖਾ ਪਾਇਆ ਗਿਆ ਹੈ ਕਿ ਉਹ ਸ਼ਾਇਦ ਅਸਮਾਨ ਵਿੱਚ ਰਹਿੰਦਾ ਹੈ। ਇਹ ਵੀ ਕਹਿਆ ਜਾਂਦਾ ਹੈ ਕਿ ਸਾਡੇ ਬਾਬਾ ਜੀ ਨੂੰ ਕਈ ਵਾਰ ਰੱਬ ਜੀ ਦੇ ਦੀਦਾਰ ਹੋਏ ਹਨ। ਆਮ ਮਨੁੱਖ ਗੱਲ ਗੱਲ ਤੇ ਆਖਦਾ ਹੈ ਉਪਰ ਵਾਲਾ ਜਾਣੇ ਇਸ ਸਬੰਧੀ ਗੁਰਬਾਣੀ ਸਪੱਸ਼ਟ ਸਮਝਾਉਂਦੀ ਹੈ ਕਿ ਰੱਬ ਜੀ ਦਾ ਕੋਈ ਵੀ ਰੂਪ ਰੰਗ ਨਹੀਂ ਹੈ ਉਹ ਤਾਂ ਜ਼ਰੇ ਜ਼ਰੇ ਵਿੱਚ ਇੱਕ ਨਿਯਮ ਦੇ ਰੂਪ ਵਿੱਚ ਸਮਾਇਆ ਹੋਇਆ ਹੈ।

**ਰੂਪੁ ਨ ਰੇਖ ਨ ਰੰਗੁ ਕਿਛੁ**
**ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥**
**ਤਿਸਹਿ ਬੁਝਾਏ ਨਾਨਕਾ**
**ਜਿਸੁ ਹੋਵੈ ਸੁਪ੍ਰਸੰਨ ॥1॥** (283)

ਅਤੇ

**ਤਿਸੁ ਰੂਪੁ ਨ ਰੇਖ ਅਦਿਸਟੁ ਅਗੋਚਰੁ**
**ਗੁਰਮੁਖਿ ਅਲਖੁ ਲਖਾਇਆ ॥**
**ਸਦਾ ਅਨੰਦਿ ਰਹੈ ਦਿਨੁ ਰਾਤੀ**
**ਸਹਜੇ ਨਾਮਿ ਸਮਾਇ ਜੀਉ ॥** (448)

ਗੁਰਬਾਣੀ ਅਨੁਸਾਰ ਰੱਬ ਜੀ ਮਨੁੱਖਾਂ ਵਾਂਗ ਜਨਮ ਨਹੀਂ ਲੈਂਦੇ। ਰੱਬ ਜੀ ਅਜੂਨੀ ਹਨ। ਦੂਸਰਾ ਇਹ ਵੀ ਵਿਚਾਰਨ ਦਾ ਯਤਨ ਕੀਤਾ ਹੈ ਕਿ ਰੱਬ ਜੀ ਦੀ ਕੋਈ ਮਨੁੱਖਾਂ ਵਾਂਗ ਰੂਪ-ਰੇਖਾ ਨਹੀਂ ਹੈ। ਇੱਕ ਨੁਕਤਾ ਇਹ ਵੀ ਹੈ ਕਿ ਰੱਬ ਜੀ ਦੀ ਹੋਂਦ ਲਕੜੀ ਵਿੱਚ ਅੱਗ ਤੇ ਦੁੱਧ ਵਿੱਚ ਘਿਓ ਵਾਂਗ ਹੈ। ਇਹ ਉਦਾਹਰਣ ਦਿਸਦੇ ਅਣ-ਦਿਸਦੇ ਸੰਸਾਰ ਵਿੱਚ ਸਰਬ-ਵਿਆਪਕ ਹੈ।

ਡਾ. ਗੁਰਸ਼ਰਨਜੀਤ ਸਿੰਘ 'ਗੁਰਮਤ ਨਿਰਣਯ ਕੋਸ਼' ਨਾਮੀ ਪੁਸਤਕ ਵਿੱਚ ਪ੍ਰਭੂ, ਰੱਬ, ਪਰਮਾਤਮਾ, ਅਕਾਲ ਪੁਰਖ ਦੇ ਸਿਰਲੇਖ ਹੇਠ ਸਤਵੇਂ ਨੰਬਰ 'ਤੇ ਬਹੁਤ ਮਹੱਤਵਪੂਰਨ ਲਿਖਦੇ ਹਨ ਕਿ "ਕਾਦਰ ਕੁਦਰਤ ਤੋਂ ਭਿੰਨ ਨਹੀਂ_ਪਰ ਕੁਦਰਤ ਰਾਂਹੀ ਹੀ ਕਾਦਰ ਪ੍ਰਗਟ ਹੋ ਰਿਹਾ ਹੈ। ਉਸ ਨੂੰ ਕੁਦਰਤ ਵਿੱਚ ਅਨੁਭਵ ਕੀਤਾ ਜਾ ਸਕਦਾ ਹੈ। ਇਹ ਕੁਦਰਤ ਜਿਸ ਅਧੀਨ ਵਿਚਰਦੀ ਹੈ, ਉਸ ਨਿਯਮ ਦਾ ਨਾਂ ਪਰਮਾਤਮਾ ਹੈ। ਇਸ ਨਿਯਮ ਦੇ ਅਧੀਨ ਹੀ ਕਰਮ ਸਿਧਾਂਤ ਅਨੁਸਰ ਜੀਵ ਸੁੱਖ--ਦੁੱਖ ਪਾਉਂਦੇ ਹਨ"। ਅਗਲੇ ਨੰਬਰ 'ਤੇ ਹੋਰ ਵੀ ਭਾਵਪੂਰਤ ਲਿਖਦੇ ਹਨ, "ਉਸ ਦੀ ਪ੍ਰਾਪਤੀ ਨਹੀਂ ਸੋਝੀ ਹੋ ਸਕਦੀ ਹੈ- ਉਸ ਦੀ ਪ੍ਰਾਪਤੀ ਦਾ ਹੱਠ ਕਰਨ ਵਾਲੇ ਜਪ-ਤਪ ਕਰਦੇ ਹਨ, ਵਰਤ ਰੱਖਦੇ ਹਨ, ਕਰਮ-ਕਾਂਡ ਕਰਦੇ ਹਨ, ਗ੍ਰੰਥਾਂ ਦੇ ਪਾਠ ਆਦਿ ਕਰਦੇ ਹਨ-ਪਰ ਇਨ੍ਹਾਂ ਦਾ ਕੋਈ ਲਾਭ ਨਹੀਂ ਹੁੰਦਾ। ਉਸ ਦਾ ਭੌਤਿਕ ਸਰੀਰ ਹੈ ਹੀ ਨਹੀਂ ਤਾਂ ਉਸ ਦੀ ਪ੍ਰਾਪਤੀ ਵੀ ਸੰਭਵ ਨਹੀਂ। ਹਾਂ ਇਹ ਸੋਝੀ ਹੋ ਸਕਦੀ ਹੈ। ਇਹ ਸੋਝੀ ਵੀ ਕਿਸੇ ਯਤਨ ਜਾਂ ਚਤਰਾਈ ਦੁਆਰਾ ਨਹੀਂ, ਸਗੋਂ ਅਚਨਚੇਤ ਤੇ ਸਹਿਜ ਵਿੱਚ ਹੁੰਦੀ ਹੈ"।

ਡਾ. ਸਰਬਜੀਤ ਸਿੰਘ ਦੇ 'ਹੁਕਮ' ਵਾਲੇ ਲੇਖ ਵਿੱਚ ਲਿਖਦੇ ਜੋ ਸਿੱਖ ਮਾਰਗ 'ਤੇ ਛਪਿਆ ਹੈ ---"ਆਮ ਤੌਰ ਤੇ ਅਸੀਂ ਹੁਕਮ ਬਾਰੇ ਇਹ ਸਮਝਦੇ ਹਾਂ ਕਿ ਕਿਸੇ ਬਜ਼ੁਰਗ, ਵੱਡੇ ਮਾਲਕ, ਅਫ਼ਸਰ ਜਾਂ ਅਧਿਆਪਕ ਨੇ ਜਿਹੜਾ ਵੀ ਕੰਮ ਕਿਹਾ ਹੈ, ਉਸ ਦਾ ਕਿਹਾ ਹੀ ਹੁਕਮ ਹੈ। ਪਰੰਤੂ ਗੁਰਬਾਣੀ ਵਿੱਚ ਹੁਕਮੁ ਦਾ ਸਬੰਧ ਅਕਾਲ ਪੁਰਖ ਦੇ ਨਿਯਮ, ਧਰਮ, ਅਸੂਲ ਜਾਂ ਸਿਸਟਮ ਨਾਲ ਹੈ। ਇਹ ਸੀਮਤ ਨਹੀਂ

ਹੈ ਕਿਉਂ ਕਿ ਅਕਾਲ ਪੁਰਖ ਦਾ ਅਸੂਲ ਕੁਦਰਤ ਅਤੇ ਜੀਵਨ ਦੇ ਹਰ ਪਹਿਲੂ ਨਾਲ ਸਬੰਧਤ ਹੈ, ਇਸ ਵਿੱਚ ਅਨੇਕਤਾ ਹੈ। ਗੁਰਬਾਣੀ ਵਿੱਚ ਹੁਕਮੁ ਨੂੰ ਡਰ, ਭੈ, ਭਉ ਆਦਿ ਨਾਵਾਂ ਨਾਲ ਵੀ ਵਰਤਿਆ ਗਿਆ ਹੈ"।

ਰੱਬ ਦਾ ਹੁਕਮ ਜਾਂ ਉਸ ਦਾ ਸਦੀਵ ਕਾਲ ਨਿਯਮ ਆਦਿ ਜੁਗਾਦਿ ਤੋਂ ਸੱਚ ਦੇ ਰੂਪ ਵਿੱਚ ਚਲ ਰਿਹਾ ਹੈ? ਇਸ ਸੱਚ ਨੂੰ ਸਮਝ ਕੇ ਹੁਕਮ ਰਜ਼ਾ ਵਿੱਚ ਚੱਲਣਾ ਹੈ। ਜਪੁ ਬਾਣੀ ਦੀ ਪਹਿਲੀ ਪਉੜੀ ਦੀਆਂ ਅਖੀਰਲੀਆਂ ਤੁਕਾਂ ਵਿੱਚ ਇਹ ਮੁੱਦਾ ਉਠਾਇਆ ਹੈ ਕਿ ਅਸੀਂ 'ਸਚਿਆਰ ਕਿਸ ਤਰ੍ਹਾਂ ਬਣਨਾ ਹੈ ਤਾਂ ਕੇ ਸਾਡੇ ਸੁਭਾਅ ਵਿਚੋਂ ਕੂੜ ਦੀ ਕੰਧ ਟੁੱਟ ਜਾਏ। ਇਸ ਦਾ ਉੱਤਰ ਦਿੱਤਾ ਹੈ ਕਿ ਰੱਬੀ ਹੁਕਮ ਵਿੱਚ ਤੁਰਿਆਂ ਹੀ ਸਾਡੇ ਅੰਦਰੋਂ ਕੂੜ ਦੀ ਕੰਧ ਟੁੱਟ ਸਕਦੀ ਹੈ-ਤੇ ਰੱਬੀ ਹੁਕਮ ਦਾ ਭਾਵ ਅਰਥ ਇਮਾਨਦਾਰੀ, ਸਚਾਈ, ਮਿਹਨਤ ਕਰਨੀ, ਉਦਮੀ ਹੋਣਾ, ਸੰਤੋਖ ਤੇ ਸਹਿਜ ਵਰਗੇ ਦੈਵੀ ਗੁਣਾਂ ਦਾ ਧਾਰਨੀ ਹੋਣ ਤੋਂ ਹੈ।

**ਕਿਵ ਸਚਿਆਰਾ ਹੋਈਐ**
**ਕਿਵ ਕੂੜੈ ਤੁਟੈ ਪਾਲਿ ॥**
**ਹੁਕਮਿ ਰਜਾਈ ਚਲਣਾ**
**ਨਾਨਕ ਲਿਖਿਆ ਨਾਲਿ ॥1॥**
**(ਜਪੁ ਜੀ ਬਾਣੀ-1 )**

ਸਾਰਾ ਸੰਸਾਰ ਇੱਕ ਹੁਕਮ ਭਾਵ ਬੱਝਵੇਂ ਨਿਯਮ ਵਿੱਚ ਚੱਲ ਰਿਹਾ ਹੈ। ਇਸ ਨਿਯਮ ਤਹਿਤ ਹੀ ਕੁੱਲ ਕਾਇਨਾਤ ਦਾ ਪਾਸਾਰਾ ਹੋ ਰਿਹਾ ਹੈ—

**ਹੁਕਮੀ ਹੋਵਨਿ ਆਕਾਰ**
**ਹੁਕਮੁ ਨ ਕਹਿਆ ਜਾਈ ॥**
**ਹੁਕਮੀ ਹੋਵਨਿ ਜੀਅ**
**ਹੁਕਮਿ ਮਿਲੈ ਵਡਿਆਈ ॥ (1)**

ਸਰਬ-ਵਿਆਪਕ ਰੱਬ ਭਾਵ ਸਦੀਵ ਕਾਲ ਬੱਝਵਾਂ ਨਿਯਮ ਜੋ ਸੱਚ 'ਤੇ ਖੜਾ ਹੈ ਤੇ ਇਸ ਦੀ ਸੂਝ ਸ਼ਬਦ ਵਿਚਾਰ ਵਿਚੋਂ ਆਉਂਦੀ ਹੈ ਜੇਹਾ ਕਿ—

**ਘਟਿ ਘਟਿ ਰਵਿ ਰਹਿਆ ਬਨਵਾਰੀ ॥**
**ਜਲਿ ਥਲਿ ਮਹੀਅਲਿ ਗੁਪਤੋ ਵਰਤੈ**
**ਗੁਰ ਸਬਦੀ ਦੇਖਿ ਨਿਹਾਰੀ ਜੀਉ ॥ ਰਹਾਉ**
**(597)**

ਅੰਦਰ ਵਸਦੇ ਸੱਚ ਦੀ ਪਹਿਚਾਨ ਮਨੁੱਖ ਨੇ ਖ਼ੁਦ ਕਰਨੀ ਹੈ—

**ਸਦਾ ਹਜੂਰਿ ਦੂਰਿ ਨ ਜਾਣਹੁ ॥**
**ਗੁਰ ਸਬਦੀ ਹਰਿ ਅੰਤਰਿ ਪਛਾਣਹੁ ॥**
**(116)**

ਰੱਬ ਦਾ ਕੋਈ ਰੂਪ ਰੰਗ ਨਹੀਂ ਹੈ ਤੇ ਨਾ ਹੀ ਮਨੁੱਖਾਂ ਵਾਂਗ ਕੋਈ ਜੰਮਦਾ ਮਰਦਾ ਹੈ। ਰੱਬ ਭਾਵ ਸਦੀਵ ਕਾਲ ਬੱਝਵੀਂ ਨਿਯਮਾਵਲੀ ਸਮੁੱਚੇ ਬ੍ਰਹਿਮੰਡ ਨੂੰ ਚਲਾ ਰਹੀ ਹੈ ਤੇ ਮਨੁੱਖ ਵੀ ਏਸੇ ਬ੍ਰਹਮੰਡ ਦਾ ਇੱਕ ਹਿੱਸਾ ਹੈ। ਮਨੁੱਖ ਨੂੰ ਕੂੜ ਦੀ ਪਾਹ ਚੜ੍ਹੀ ਹੋਣ ਕਰਕੇ ਸਚਾਈ ਤੋਂ ਕਿਨਾਰਾ ਕਰੀ ਬੈਠਾ ਹੈ। ਸਤਿ ਰੂਪੀ ਰੱਬ ਨੂੰ ਅੰਤਰ ਆਤਮੇ ਨਾਲ ਹੀ ਜਾਣਿਆ ਜਾ ਸਕਦਾ ਹੈ— ਕਰਤੇ ਕੁਦਰਤੀ ਮੁਸਤਾਕੁ ਅਤੇ ਵਿਚਿ ਕੁਦਰਤਿ ਹਰਿ ਪ੍ਰਭ ਵਸੈ ਜੀਉ ॥ ਅਨੁਸਾਰ ਹੈ।

ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਜੀਵਨ ਵਿੱਚ ਖੇਤੀ, ਵਪਾਰ ਤੇ ਸੁਲਤਾਨਪੁਰ ਵਿਖੇ ਮੋਦੀ ਦੀ ਕਾਰ ਵੀ ਕੀਤੀ। ਨਾਲ ਦੀ ਨਾਲ ਆਪਣੇ ਆਲੇ ਦੁਆਲੇ ਦੀ ਬਹੁਤ ਡੂੰਘਾਈ ਵਿੱਚ ਜਾ ਕੇ ਮੁਤਾਲਿਆ ਵੀ ਕਰਦੇ ਰਹਿੰਦੇ ਸਨ। ਰਮਤੇ ਸਾਧਾਂ, ਵਿਦਵਾਨਾਂ ਨਾਲ ਵਿਚਾਰ ਗੋਸ਼ਟੀਆਂ ਵੀ ਕਰਦੇ ਸਨ। ਗੁਰੂ ਨਾਨਕ ਸਾਹਿਬ ਜੀ ਨੇ ਇਸ ਧਰਤੀ ਤੇ ਰਹਿੰਦਿਆਂ ਧਰਤੀ ਦੇ ਬਾਸ਼ਦਿਆਂ ਨੂੰ ਸਚਿਆਰ ਬਣਨ ਲਈ ਸੱਚ ਨਾਲ ਜੁੜਨ ਲਈ ਕਹਿਆ ਹੈ।

ਧਰਮ ਦੇ ਨਾਂ 'ਤੇ ਨਿਤ ਨਵੇਂ ਕਰਮ-ਕਾਂਡ, ਪੁਜਾਰੀਆਂ ਦੁਆਰਾ ਵਰ ਸਰਾਪ ਦੇ ਡਰਾਵੇ, ਸਮਾਜ ਵਿੱਚ ਜਾਤ ਪਾਤ ਦਾ ਕੋਹੜ, ਆਰਥਿਕ ਸਾਧਨਾ ਦੀ ਲੁੱਟ, ਇਸਤ੍ਰੀਆਂ ਦੀ ਦੁਰਗਤੀ, ਸਿੱਧਾਂ ਜੋਗੀਆਂ ਦਾ ਸਮਾਜ ਵਲੋਂ ਭਗੌੜਾ ਹੋਣਾ, ਰਾਜਿਆਂ ਸ਼ੀਹਾਂ ਵਾਂਗ ਖੂੰਖਾਰ ਤੇ ਉਹਨਾਂ ਦੇ ਕਰਿੰਦੇ ਕੁੱਤਿਆਂ ਦੀਆਂ ਨਹੁੰਦਰਾਂ ਬਣੇ ਹੋਏ ਦਿਸਦੇ ਸਨ। ਗੱਲ ਕੀ ਅੰਧੀ ਰਈਅਤ ਆਪਣੇ ਫ਼ਰਜ਼ਾਂ ਦੀ ਪਛਾਣ ਕਰਨੀ ਭੁੱਲ ਚੁੱਕੀ ਸਨ-- ਗੁਰੂ ਨਾਨਕ ਸਾਹਿਬ ਜੀ ਨੇ ਇਸ ਸਾਰੀ ਅਵਸਥਾ ਨੂੰ ਮਹਿਸੂਸ ਕਰਦਿਆਂ ਸੱਚ ਮਨੁੱਖਤਾ ਦੇ ਸਾਹਮਣੇ ਰੱਖਿਆ—

**ਸਚਿ ਕਾਲੁ ਕੂੜੁ ਵਰਤਿਆ**
**ਕਲਿ ਕਾਲਖ ਬੇਤਾਲ ॥**
**ਬੀਉ ਬੀਜਿ ਪਤਿ ਲੈ ਗਏ**
**ਅਬ ਕਿਉ ਉਗਵੈ ਦਾਲਿ ॥ (468)**

ਸੱਚ ਨੂੰ ਨਾ ਸਮਝਣ ਕਰਕੇ ਰਾਜੇ ਕਸਾਈਆਂ ਦਾ ਰੂਪ ਧਾਰਨ ਕਰ ਜਾਂਦੇ ਹਨ ਗੁਰੂ ਨਾਨਕ ਸਾਹਿਬ ਜੀ ਨੇ ਇਸ ਸਾਰੀ ਅਵਸਥਾ ਨੂੰ ਮਹਿਸੂਸ ਕਰਦਿਆਂ ਸੱਚ ਮਨੁੱਖਤਾ ਦੇ ਸਾਹਮਣੇ ਰੱਖਿਆ—

**ਕਲਿ ਕਾਤੀ ਰਾਜੇ ਕਾਸਾਈ**
**ਧਰਮੁ ਪੰਖ ਕਰਿ ਉਡਰਿਆ ॥**
**ਕੂੜੁ ਅਮਾਵਸ ਸਚੁ ਚੰਦ੍ਰਮਾ**
**ਦੀਸੈ ਨਾਹੀ ਕਹ ਚੜਿਆ ॥ (145)**

ਗੁਰੂ ਨਾਨਕ ਸਾਹਿਬ ਜੀ ਨੇ ਸਮਾਜ ਦੀ ਹਰ ਹਕੀਕਤ ਨੂੰ ਬਹੁਤ ਨੇੜਿਓਂ ਹੋ ਕੇ ਵੇਖਿਆ ਜਿਸ ਨੂੰ ਭਾਈ ਗੁਰਦਾਸ ਜੀ ਨੇ ਆਪਣੇ ਸ਼ਬਦਾਂ ਵਿੱਚ ਬਿਆਨ ਕੀਤਾ ਹੈ।

**ਬਾਬਾ ਦੇਖੈ ਧਿਆਨ ਧਰਿ**
**ਜਲਤੀ ਸਭਿ ਪ੍ਰਿਥਵੀ ਦਿਸਿ ਆਈ।**
**(ਵਾਰ-1, ਪਉੜੀ-24)**

ਫਿਰ ਧਰਤੀ ਨੂੰ ਸੋਧਣ ਲਈ ਭਾਵ ਮਨੁੱਖਤਾ ਨੂੰ ਜ਼ਿੰਦਗੀ ਦੀ ਸਹੀ ਦਿਸ਼ਾ ਦੇਣ ਲਈ—

**ਬਾਬੇ ਭੇਖ ਬਣਾਇਆ**
**ਉਦਾਸੀ ਕੀ ਰੀਤਿ ਚਲਾਈ।**
**(ਵਾਰ-1, ਪਉੜੀ-24)**

ਸਮਾਜ ਵਿੱਚ ਆਈ ਗਿਰਾਵਟ ਦੇ ਮੂਲ ਕਾਰਨ ਦੱਸਦਿਆਂ ਸਮਝਾਇਆ ਕਿ ਅਸੀਂ ਰੱਬ ਭਾਵ ਸੱਚ ਨਾਲੋਂ ਟੁੱਟ ਚੁੱਕੇ ਹਾਂ—

**ਮਾਣਸ ਖਾਣੇ ਕਰਹਿ ਨਿਵਾਜ ॥**
**ਛੁਰੀ ਵਗਾਇਨਿ ਤਿਨ ਗਲਿ ਤਾਗ ॥**
**ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥**
**ਉਨ੍ਹਾ ਭਿ ਆਵਹਿ ਓਈ ਸਾਦ ॥**
**ਕੂੜੀ ਰਾਸਿ ਕੂੜਾ ਵਾਪਾਰੁ ॥**
**ਕੂੜੁ ਬੋਲਿ ਕਰਹਿ ਆਹਾਰੁ ॥**
**ਸਰਮ ਧਰਮ ਕਾ ਡੇਰਾ ਦੂਰਿ ॥**
**ਨਾਨਕ ਕੂੜੁ ਰਹਿਆ ਭਰਪੂਰਿ॥ (471)**

ਗੁਰਬਾਣੀ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਹੇ ਮਨ ਤੂੰ ਆਪਣਾ ਮੂਲ ਭਾਵ ਸੱਚ ਦੀ ਪਛਾਣ ਕਰ। ਸੱਚ ਹਮੇਸ਼ਾਂ ਤੇਰੇ ਨਾਲ ਹੈ ਪਰ ਉਸ ਨੂੰ ਅਨੁਭਵ ਨਹੀਂ ਕਰਦਾ—

**ਮਨ ਤੂੰ ਜੋਤਿ ਸਰੂਪੁ ਹੈ**
**ਆਪਣਾ ਮੂਲੁ ਪਛਾਣੁ ॥**
**ਮਨ ਹਰਿ ਜੀ ਤੇਰੈ ਨਾਲਿ ਹੈ**
**ਗੁਰਮਤੀ ਰੰਗੁ ਮਾਣੁ ॥**
**ਮੂਲੁ ਪਛਾਣਹਿ ਤਾਂ ਸਹੁ ਜਾਣਹਿ**
**ਮਰਣ ਜੀਵਣ ਕੀ ਸੋਝੀ ਹੋਈ ॥**
**ਗੁਰ ਪਰਸਾਦੀ ਏਕੋ ਜਾਣਹਿ**
**ਤਾਂ ਦੂਜਾ ਭਾਉ ਨ ਹੋਈ ॥**
**ਮਨਿ ਸਾਂਤਿ ਆਈ ਵਜੀ ਵਧਾਈ**
**ਤਾ ਹੋਆ ਪਰਵਾਣੁ ॥**
**ਇਉ ਕਹੈ ਨਾਨਕੁ**
**ਮਨ ਤੂੰ ਜੋਤਿ ਸਰੂਪੁ ਹੈ**
**ਅਪਣਾ ਮੂਲੁ ਪਛਾਣੁ ॥5॥ (441)**

ਗੁਰੂ ਨਾਨਕ ਸਾਹਿਬ ਨੇ ਦਿਬ ਦ੍ਰਿਸ਼ਟੀ ਨਾਲ ਸੰਸਾਰ ਦੇ ਵਰਤਾਰੇ ਨੂੰ ਦੇਖਿਆ, ਵਿਚਾਰਿਆ ਤੇ ਉਸ ਨੂੰ ਅੰਤਰ ਆਤਮੇ ਨਾਲ ਮਹਿਸੂਸ ਕੀਤਾ। ਮੁਲਕ ਦੇ ਅੰਦਰੂਨੀ ਤੇ ਬਾਹਰੀ ਹਾਲਾਤਾਂ ਨੂੰ ਸਾਹਮਣੇ ਦੇਖ ਕੇ ਸੱਚ ਨਾਲ ਗੜੁੱਚ ਹੋਏ ਹਿਰਦੇ ਵਿਚੋਂ ਬੋਲ ਜਨਮ ਲੈਂਦੇ ਹਨ—ਤੇ ਇਹਨਾਂ ਨੂੰ ਹੀ ਖਸਮ ਕੀ ਬਾਣੀ ਕਹਿਆ ਹੈ।

**ਜੈਸੀ ਮੈ ਆਵੈ ਖਸਮ ਕੀ ਬਾਣੀ**
**ਤੈਸੜਾ ਕਰੀ ਗਿਆਨੁ ਵੇ ਲਾਲੋ ॥**
**ਪਾਪ ਕੀ ਜੰਞ ਲੈ ਕਾਬਲਹੁ**
**ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥**
**ਸਰਮੁ ਧਰਮੁ ਦੁਇ ਛਪਿ ਖਲੋਏ**

ਬਾਕੀ ਸਫਾ 13 'ਤੇ

# ਗੁਰੂ ਘਰ ਦੇ ਅਨਿੰਨ ਸੇਵਕ-

# ਦੀਵਾਨ ਟੋਡਰ ਮੱਲ

-ਕੁਲਵੰਤ ਕੌਰ (ਡਾ.)
98156-20515

ਨਿੱਕੀਆਂ ਜਿੰਦਾਂ ਵੱਲੋਂ ਵਰਤਾਏ ਵੱਡੇ ਸਾਕੇ ਦੇ ਚਸ਼ਮਦੀਨ ਗਵਾਹ ਸਤਿਕਾਰਤ ਦੀਵਾਨ ਟੋਡਰ ਮੱਲ ਜੀ ਉਰਫ਼ ਲਾਲਾ ਖੇਮ ਰਾਮ ਕਾਕਰਾ ਜੀ ਦਾ ਨਾਂ ਰਹਿੰਦੀ ਦੁਨੀਆ ਤੱਕ ਅਮਰ ਰਹੇਗਾ ਕਿਉਂਕਿ ਜਿਹੜੀ ਬੇਸ਼ਕੀਮਤੀ ਸੇਵਾ ਅਕਾਲ ਪੁਰਖ ਜੀ ਨੇ ਇਨ੍ਹਾਂ ਤੋਂ ਕਰਵਾਈ, ਉਹ ਸਾਰੇ ਜ਼ਮਾਨੇ ਵਿਚ ਕੋਈ ਹੋਰ ਕਰ ਹੀ ਨਹੀਂ ਸੀ ਸਕਦਾ। ਇਸੇ ਲਈ, ਇਸ ਮਹਾਨ, ਪਵਿੱਤਰ ਅਤੇ ਇਤਿਹਾਸਕ ਸਥਾਨ ਅੰਦਰ ਵੜਦਿਆਂ ਹੀ ਜਿਹੜਾ ਦਰਵਾਜ਼ਾ ਸਭ ਦਾ ਦਿਲੀ ਸਵਾਗਤ ਕਰਦਾ ਹੈ ਉਹ ਹੈ ਦੀਵਾਨ ਟੋਡਰ ਮੱਲ ਗੇਟ। ਗੁਰਦਵਾਰਾ ਸ੍ਰੀ ਫਤਹਿਗੜ੍ਹ ਸਾਹਿਬ ਦੇ ਪਿਛਲੇ ਪਾਸੇ ਬਣੇ ਵੱਡੇ ਹਾਲ ਦਾ ਨਾਂ ਹੈ ਦੀਵਾਨ ਟੋਡਰ ਮੱਲ ਹਾਲ ਜਿੱਥੇ ਸਾਲਾਨਾ ਸ਼ਹੀਦੀ ਸਭਾ ਮੌਕੇ ਮੇਰੀ ਸਮਾਜ ਸੇਵੀ ਸੰਸਥਾ ਵੱਲੋਂ 2005 ਤੋਂ ਲਗਾਤਾਰ ਤੇਰਾਂ ਸਾਲ ਮੈਡੀਕਲ ਕੈਂਪ ਆਯੋਜਿਤ ਕੀਤਾ ਜਾਂਦਾ ਰਿਹਾ ਹੈ। ਬਦਲੇ ਹਾਲਾਤ ਵਿਚ, ਦੋ ਕੁ ਸਾਲਾਂ ਤੋਂ ਸਾਨੂੰ ਭਾਵੇਂ ਇਸ ਸੇਵਾ ਤੋਂ, ਇੱਥੋਂ ਵੰਚਿਤ ਕਰ ਦਿੱਤਾ ਗਿਆ ਹੈ ਪਰੰਤੂ ਮੈਨੂੰ ਕੱਲ੍ਹ ਵਾਂਗ ਯਾਦ ਹੈ ਕਿ ਜਦੋਂ ਅਸੀਂ ਇੱਥੇ ਚੌਹਾਂ ਸਾਹਿਬਜ਼ਾਦਿਆਂ ਦੀ ਅਦੁੱਤੀ, ਬੇਮਿਸਾਲ, ਲਾਸਾਨੀ ਤੇ ਬੇਜੋੜ ਸ਼ਹਾਦਤ ਬਾਰੇ ਹਜ਼ਾਰਾਂ ਦੀ ਗਿਣਤੀ ਵਿਚ ਟਰੈਕਟ ਵੰਡਦੇ ਸਾਂ ਤਾਂ ਆਮ ਸੰਗਤਾਂ ਅਕਸਰ ਹੀ ਦੀਵਾਨ ਟੋਡਰ ਮੱਲ ਅਤੇ ਸ੍ਰੀ ਮੋਤੀ ਰਾਮ ਮਹਿਰਾ ਬਾਰੇ ਟਰੈਕਟ ਜਾਂ ਵਧੇਰੇ ਜਾਣਕਾਰੀ ਮੰਗਦੀਆਂ ਸਨ। ਕਈ ਵਾਰ ਚਾਹੁੰਦਿਆਂ ਹੋਇਆਂ ਵੀ, ਇਸ ਸੇਵਾ ਲਈ ਸਮਾਂ ਨਹੀਂ ਕੱਢ ਸਕੀ ਪਰ ਇਸ ਵਾਰ ਜਦੋਂ 'ਜਹਾਜ਼ੀ ਹਵੇਲੀ' ਦੀ ਅਤਿਅੰਤ ਦੁਰਦਸ਼ਾ ਦੇਖ ਕੇ ਪਰਤੀ ਤਾਂ ਆਪਣੇ ਸੁਹਿਰਦ ਪਾਠਕਾਂ ਅਤੇ ਸ਼ਰਧਾਲੂਆਂ ਦੀ ਓਸ ਚਿਰੋਕਣੀ ਮੰਗ ਪ੍ਰਤਿ ਚੁੱਪ ਕਰਕੇ ਨਹੀਂ ਬੈਠ ਸਕੀ।



ਮੁਗ਼ਲ ਸ਼ੈਲੀ ਵਿਚ ਬਣੀ, ਨਿਹਾਇਤ ਖ਼ੂਬਸੂਰਤ, ਦਿਲਖਿੱਚਵੀ, ਆਲੀਸ਼ਾਨ, ਪ੍ਰਭਾਵਸ਼ਾਲੀ ਅਤੇ ਵੱਡ ਆਕਾਰੀ ਹਵੇਲੀ ਭਾਵੇਂ ਅੱਜ ਅਸੀਂ ਸੰਭਾਲ ਨਹੀਂ ਸਕੇ, ਪਰ 'ਖੰਡਰ ਬਤਾ ਰਹੇ ਹੈਂ ਕਿ ਇਮਾਰਤ ਸ਼ਾਨਦਾਰ ਰਹੀ ਹੋਗੀ।' ਕਿੰਨੇ ਸੁਹਣੇ ਦਿਲ ਵਾਲਾ ਹੋਵੇਗਾ ਟੋਡਰ ਮੱਲ! ਕੇਡੇ ਵਿਸ਼ਾਲ ਦਿਲ ਵਾਲੀ ਹੋਵੇਗੀ ਉਸਦੀ ਹਮਸਫ਼ਰ!! ਕਿੰਨੀ ਮਹਾਨ ਹੋਵੇਗੀ ਉਸ ਦੀ ਬਿਰਧ ਮਾਤਾ!!! ਜਿਨ੍ਹਾਂ ਦੀਆਂ ਰੂਹਾਂ ਇਸ ਅਣਹੋਣੀ 'ਤੇ ਕੰਬੀਆਂ ਅਤੇ ਜ਼ਾਰੋ ਜ਼ਾਰ ਰੋਈਆਂ ਵੀ ਹੋਣਗੀਆਂ। ਇਸੇ ਲਈ ਗੁਰੂ ਦੇ ਮਾਸੂਮ ਲਾਲਾਂ ਦੀ ਲਾਮਿਸਾਲ ਸ਼ਹਾਦਤ ਪਿੱਛੋਂ ਬਿਰਧ ਮਾਤਾ, ਮਾਂ ਗੁਜਰੀ ਜੀ ਸਮੇਤ ਇਨ੍ਹਾਂ ਤਿੰਨਾਂ ਪਵਿੱਤਰ ਦੇਹਾਂ ਨੂੰ ਸਮੇਟਣਾ ਲਗਪਗ ਅਸੰਭਵ ਜਾਪਦਾ ਸੀ ਪਰੰਤੂ ਗੁਰੂ ਦੇ ਪਿਆਰੇ ਦੀਵਾਨ ਟੋਡਰ ਮੱਲ ਜੀ ਨੇ ਆਪਣੀ ਜਾਨ ਜੋਖ਼ਮ ਵਿਚ ਪਾ ਕੇ ਜ਼ਾਲਮ ਹਕੂਮਤ ਸਾਹਮਣੇ ਜੋ ਵੀ ਕੀਤਾ, ਉਹ ਯੁੱਗੋ ਯੁੱਗ ਅਟੱਲ ਹੋ ਗਿਆ ਹੈ। ਉਂਞ ਵੀ, ਔਲਾਦ ਤੋਂ ਵਿਰਵੇ ਟੋਡਰ ਮੱਲ ਨੂੰ ਕੁਦਰਤੀ ਤੌਰ 'ਤੇ ਵੀ ਬੱਚਿਆਂ ਲਈ ਕਿੰਨਾ ਉਦਰੇਵਾਂ, ਖਿੱਚ, ਸਿੱਕ, ਦੁਲਾਰ ਅਤੇ ਚਾਹਨਾ ਰਹੀ ਹੋਵੇਗੀ, ਇਸ ਗੱਲ ਦਾ ਅੰਦਾਜ਼ਾ ਅਸੀਂ ਸਹਿਵਨ ਹੀ ਲਾ ਸਕਦੇ ਹਾਂ। ਇਸ ਲਈ ਗੁਰੂ ਦੇ ਦੁਲਾਰਿਆਂ ਤੇ ਮਾਤਾਵਾਂ ਦੇ ਅੱਖਾਂ ਦੇ ਤਾਰਿਆਂ ਦਾ ਇਸ ਕਦਰ-ਜ਼ਾਲਮ ਹਕੂਮਤ ਵੱਲੋਂ ਕੋਹ ਕੋਹ ਕੇ ਸ਼ਹੀਦ ਕਰਨ ਦਾ ਮੰਜ਼ਰ ਕੇਡਾ ਅਕਹਿ ਤੇ ਅਸਹਿ ਸੀ ਕਿ ਪਰਜਾ ਵਿੱਚੋਂ ਦੋ ਕੁ ਮਰਜੀਵੜਿਆਂ ਤੋਂ ਬਿਨਾਂ ਸਾਰੇ ਖ਼ਾਮੋਸ਼ ਵੀ ਸਨ ਤੇ ਭੈਭੀਤ ਵੀ। ਪਰ ਇਥੇ ਉੱਠਿਆ ਗੁਰੂ ਦਾ ਬਖਸ਼ਿੰਦ ਲਾਲ ਜਿਸਨੇ ਚਾਰ ਵਰਗ ਗਜ਼ ਥਾਂ 78000 ਸੋਨੇ ਦੀਆਂ ਮੁਹਰਾਂ ਦੇ ਕੇ ਖ਼ਰੀਦੀ ਜਿਸ ਦੀ ਇਕ ਮੋਟੇ ਅੰਦਾਜ਼ੇ ਮੁਤਾਬਕ, ਕੁਲ ਕੀਮਤ ਅੱਜ ਢਾਈ ਅਰਬ ਬਣਦੀ ਹੈ- ਦੁਨੀਆ ਦੀ ਸਭ ਤੋਂ ਮਹਿੰਗੀ ਜ਼ਮੀਨ ਖਰੀਦਣ ਦਾ ਰਿਕਾਰਡ ਸਿੱਖ ਧਰਮ ਦੇ ਇਤਿਹਾਸ ਵਿਚ ਹੀ ਦਰਜ ਹੋਇਆ ਹੈ ਕਿਉਂਕਿ ਨਾ ਪਿੱਛੋਂ ਤੇ ਨਾ ਪਹਿਲਾਂ ਕਦੇ ਜ਼ਮੀਨ ਐਨੇ ਮਹਿੰਗੇ ਮੁੱਲ ਵਿਕੀ ਹੈ ਤੇ ਐਲਾਨੀਆਂ ਨਾ ਕਦੇ ਯੁੱਗਾਂ-ਯੁੱਗਾਂ ਤਕ ਵਿਕੇਗੀ ਹੀ। ਵਿਚਾਰਨਯੋਗ ਗੱਲ ਇਹ ਹੈ ਕਿ ਜਦੋਂ ਮੁਗ਼ਲ ਸ਼ਾਸਕਾਂ ਨੇ ਸਰਕਾਰੀ ਜ਼ਮੀਨ 'ਤੇ ਤਿੰਨ ਮਹਾਨ ਸ਼ਹੀਦਾਂ ਦਾ ਸਸਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੋਵੇ ਤਾਂ ਸ਼ਰਧਾਲੂ ਸੰਗਤਾਂ ਕੋਲ ਹੋਰ ਕੋਈ ਬਦਲ ਹੀ ਨਹੀਂ ਸੀ ਬਚਿਆ ਪਰ ਆਪਣੀ ਬੇਸ਼ੁਮਾਰ ਦੌਲਤ (78000 ਸੋਨੇ ਦੀਆਂ ਅਸ਼ਰਫੀਆਂ) ਨੂੰ ਕੁਰਬਾਨ ਕਰਨ ਵਾਲਾ ਆਪ ਮੁਹਾਰੇ ਨਿੱਤਰਦੇ ਮੈਦਾਨ ਵਿਚ! ਵਾਕਈ ਦੀਵਾਨ ਟੋਡਰ ਮੱਲ ਮਾਇਆ ਪੱਖੋਂ ਹੀ ਭਰਿਆ ਪੂਰਿਆ ਨਹੀਂ ਸੀ ਬਲਕਿ ਦਿਲ ਦਾ ਵੀ ਰੱਜ ਕੇ ਅਮੀਰ ਵਪਾਰੀ ਸੀ ਜਿਸ ਦੀ ਰਿਹਾਇਸ਼, ਕਿਹਾ ਜਾਂਦਾ ਹੈ ਕਿ ਵਜ਼ੀਰ ਖਾਂ ਦੀ ਰਿਹਾਇਸ਼ ਦੇ ਐਨ ਕਰੀਬ ਸੀ। ਸੋ, ਸਪੱਸ਼ਟ ਹੈ ਕਿ ਦੋਹਾਂ ਵਿਚ ਵੱਡੀ ਸਾਂਝ ਰਹੀ ਹੋਵੇਗੀ ਜਿਸ ਕਰਕੇ ਮੁੱਲ ਤਾਰਨ ਪਿੱਛੋਂ ਉਹ ਸਾਹਿਬਜ਼ਾਦਿਆਂ ਦੇ ਸਸਕਾਰ ਲਈ ਮੰਨ ਗਿਆ ਸੀ।

ਵਿਸਥਾਰ ਅਧੀਨ ਟੋਡਰ ਮੱਲ ਜੀ ਬਾਰੇ ਹੋਰ ਲਿਖਣ ਤੋਂ ਪਹਿਲਾਂ, ਇੱਥੇ



**ਦੀਵਾਨ ਟੋਡਰ ਮੱਲ ਹਵੇਲੀ, ਤਲਾਣੀਆਂ ਪਿੰਡ ਨਜ਼ਦੀਕ, ਮੁਹੱਲਾ ਹਰਨਾਮ ਨਗਰ ਵਿਚ ਸੁਸ਼ੋਭਿਤ ਹੈ ਜਿਹੜਾ ਸਰਹੰਦ ਰੋਪੜ ਰੇਲਵੇ ਲਾਈਨ ਨੇੜੇ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਕਿਲੋਮੀਟਰ ਕੁ ਦੀ ਦੂਰੀ 'ਤੇ ਸਥਿਤ ਹੈ। ਦੂਰੋਂ ਹੀ ਸ਼ਰਧਾਲੂਆਂ ਨੂੰ ਖਿੱਚਾਂ ਪਾਉਂਦੀ, ਧਿਆਨ ਖਿੱਚਦੀ ਇਹ ਅਤਿਅੰਤ ਆਲੀਸ਼ਾਨ ਇਮਾਰਤ ਕੇਡੀ ਸਾਂਭਣਯੋਗ ਸੀ, ਸੰਭਾਲਣਯੋਗ ਹੈ, ਸ਼ਾਇਦ ਸਾਡੇ 'ਜ਼ਿੰਮੇਵਾਰ' ਪ੍ਰਬੰਧਕਾਂ ਨੂੰ ਪੂਰਾ ਅਹਿਸਾਸ ਨਹੀਂ ਹੈ ਕਿਉਂਕਿ ਸਿੱਖ ਇਤਿਹਾਸ ਦੀਆਂ ਜੁਝਾਰੂ ਕਰਨੀਆਂ ਤੇ ਪ੍ਰਾਪਤੀਆਂ ਨੂੰ ਅਸੀਂ ਓਸ ਤਰ੍ਹਾਂ ਨਹੀਂ ਸਾਂਭ ਸਕੇ ਜਿਵੇਂ ਯਹੂਦੀਆਂ, ਅੰਗਰੇਜ਼ਾਂ 'ਤੇ ਦੂਸਰੀਆਂ ਕੌਮਾਂ ਨੇ ਸੰਭਾਲਿਆ ਹੋਇਆ ਹੈ।**

ਇਹ ਸਪੱਸ਼ਟ ਕਰ ਦੇਣਾ ਬਹੁਤ ਜ਼ਰੂਰੀ ਹੈ ਕਿ ਦੀਵਾਨ ਟੋਡਰ ਮੱਲ ਜੀ ਤੋਂ ਇਲਾਵਾ, ਬਾਦਸ਼ਾਹ ਅਕਬਰ ਦੇ ਦਰਬਾਰੀ ਨੌਂ ਰਤਨਾਂ ਵਿਚ ਸ਼ੁਮਾਰ, ਰਾਜਾ ਟੋਡਰ ਮੱਲ ਵੀ ਇਤਿਹਾਸ ਦਾ ਅਨਿੱਖੜ ਅੰਗ ਹੈ। ਹਿੰਦੂ ਧਰਮ ਦੇ ਮਨੇਤਾ ਟੋਡਰ ਮੱਲ, ਪਹਿਲੀ ਜਨਵਰੀ 1500 ਈ: ਵਿਚ ਯੂ.ਪੀ. ਦੇ ਲਹਿਰਪੁਰ ਪਿੰਡ ਵਿਚ ਪੈਦਾ ਹੋਏ ਸਨ ਜੋ ਕਿ ਬਾਅਦ ਵਿਚ ਮੁਗ਼ਲ ਰਾਜ ਸਮੇਂ ਖਜ਼ਾਨਾ ਮੰਤਰੀ ਦੇ ਵੱਡੇ ਅਹੁਦੇ ਤੱਕ ਪਹੁੰਚ ਗਏ। ਸਿਪਾਹੀ ਵਜੋਂ ਭਰਤੀ ਹੋਏ ਟੋਡਰ ਮੱਲ ਬੜੇ ਕਾਬਲ ਵਿਅਕਤੀ ਅਤੇ ਲਾਇਕ ਅਧਿਕਾਰੀ ਸਨ ਜਿਨ੍ਹਾਂ ਨੇ ਫ਼ਸਲਾਂ ਦੀ ਪੈਦਾਵਰ ਤੇ ਖ਼ਰਚ ਦੇ ਮੁਤਾਬਿਕ ਟੈਕਸ ਨਿਰਧਾਰਤ ਕੀਤੇ ਸਨ। ਮਾਲੀਏ ਦੀ ਉਗਰਾਹੀ ਲਈ ਪੰਦਰਾਂ ਸੂਬਿਆਂ ਤੇ ਅਗਾਂਹ ਹੋਰ ਪਰਗਨਿਆਂ ਦੀ ਵੰਡ ਇਸੇ ਰਾਜਾ ਟੋਡਰ ਮੱਲ ਦੇ ਦਿਮਾਗ਼ ਦੀ ਹੀ ਉਪਜ ਸੀ। ਜ਼ਮੀਨਾਂ ਦਾ ਇਹ ਪ੍ਰਬੰਧ ਭਾਰਤੀ ਉਪ ਮਹਾਂਦੀਪ ਵਿਚ ਹੁਣ ਤੱਕ ਪ੍ਰਚਲਿਤ ਹੈ ਭਾਵੇਂ ਬਰਤਾਨਵੀ ਤੇ ਭਾਰਤ ਸਰਕਾਰ ਦੇ ਇਸ ਵਿਚ ਹੋਰ ਵੀ ਕਈ ਸੁਧਾਰ ਕੀਤੇ ਹਨ। ਅਕਬਰ ਦੀਆਂ ਨਰਮ ਨੀਤੀਆਂ ਕਾਰਨ ਰਾਜਾ ਟੋਡਰ ਮੱਲ ਨੂੰ ਆਪਣੀ ਲਿਆਕਤ ਦਿਖਾਉਣ ਅਤੇ ਮਿਹਨਤ ਕਰਨ ਦਾ ਢੁੱਕਵਾਂ ਸਮਾਂ ਮਿਲਿਆ ਅਤੇ ਉਸ ਦਾ ਸ਼ੁਮਾਰ ਵੀ ਨੌਂਰਤਨਾਂ ਵਿਚ ਕੀਤਾ ਗਿਆ ਜਿਸ ਦੇ ਅਧੀਨ 15 ਹੋਰ ਦੀਵਾਨ ਕੰਮ ਕਰਦੇ ਸਨ। ਉਹ ਮੁਗ਼ਲ ਸਲਤਨਤ ਦਾ ਕਾਬਲ ਸਲਾਹਕਾਰ ਵੀ ਸੀ ਤੇ ਬਾਦਸ਼ਾਹ ਦਾ ਵਿਸ਼ਵਾਸਪਾਤਰ ਵੀ। 1589 ਵਿਚ, ਰਾਜਾ ਟੋਡਰ ਮੱਲ ਦਾ ਲਾਹੌਰ ਵਿਖੇ ਦੇਹਾਂਤ ਹੋ ਗਿਆ। ਚੰਗੀ ਸ਼ੁਹਰਤ, ਨੇਕਨਾਮੀ ਅਤੇ ਇੱਜ਼ਤ ਕਮਾ ਕੇ ਰਾਜਾ ਟੋਡਰ ਮੱਲ ਇਸ ਦੁਨੀਆ ਤੋਂ ਰੁਖ਼ਸਤ ਹੋਇਆ।

ਕਈ ਲੋਕ ਦੋਵਾਂ ਨੂੰ ਰਲਗੱਡ ਕਰਕੇ ਇਕੋ ਵਿਅਕਤੀ ਵਜੋਂ ਵੀ ਦੇਖਦੇ ਹਨ ਅਤੇ ਖਿੱਚ ਘਸੀਟ ਕੇ ਰਾਜਾ ਟੋਡਰ ਮੱਲ ਨੂੰ ਦੀਵਾਨ ਟੋਡਰ ਮੱਲ ਦੇ ਜੀਵਨ ਕਾਲ ਨਾਲ ਮੇਲਣ ਦੀ ਕੋਸ਼ਿਸ਼ ਕਰਦੇ ਹਨ। ਇਸ ਭੁਲੇਖੇ ਦਾ ਵੱਡਾ ਕਾਰਨ, ਸਾਡੀ ਜਾਚੇ ਨਾਵਾਂ ਦੀ ਸਾਂਝ ਦੇ ਨਾਲ-ਨਾਲ ਕਿੱਤਿਆਂ ਜਾਂ ਅਹੁਦਿਆਂ ਦੀ ਸਾਂਝ ਵੀ ਕਿਹਾ ਜਾ ਸਕਦਾ ਹੈ। ਦੋਵੇਂ ਮੁਗ਼ਲ ਹਕੂਮਤ ਨਾਲ ਵੀ ਵਾਬਸਤਾ ਸਨ ਤੇ ਦੋਵੇਂ ਹਿੰਦੂ ਧਰਮ ਨਾਲ ਸੰਬੰਧਿਤ ਸਨ। ਦੋਵੇਂ ਆਪਣੀ ਕਾਬਲੀਅਤ ਦੇ ਸਿਰ 'ਤੇ ਅਹਿਮ ਰੁਤਬਿਆਂ 'ਤੇ ਪਹੁੰਚੇ ਸਨ। ਦੋਵੇਂ ਹਰਮਨ ਪਿਆਰੇ ਵੀ ਸਨ ਤੇ ਜਨ ਆਧਾਰੀ ਵੀ। ਖ਼ਜ਼ਾਨਾ ਅਫ਼ਸਰ ਜਾਂ ਮੰਤਰੀ ਅੱਜ ਵੀ ਬੜਾ ਅਹਿਮ, ਮਹੱਤਵਪੂਰਨ ਅਤੇ ਵੱਕਾਰੀ ਵਿਭਾਗ ਮੰਨਿਆ ਜਾਂਦਾ ਹੈ ਉਹ ਵੀ ਮਹਾਂ ਤੁਅੱਸਬੀ, ਫ਼ਿਰਕਾਪ੍ਰਸਤ ਅਤੇ ਇਸਲਾਮੀ ਕੱਟੜਤਾ ਨਾਲ ਵਾਬਸਤਾ ਬਾਦਸ਼ਾਹਾਂ ਜਾਂ ਸੂਬੇਦਾਰਾਂ ਵਿਚ। ਇਸੇ ਲਈ ਦੋਵੇਂ ਹੀ ਦੀਵਾਨ ਟੋਡਰ ਮੱਲ ਗ਼ੈਰ ਇਸਲਾਮੀ ਸੰਸਾਰ ਵਿਚ ਵੀ ਬੇਹੱਦ ਮਕਬੂਲ, ਪ੍ਰਸਿੱਧ ਅਤੇ ਸਤਿਕਾਰਤ ਹੋਏ ਹਨ, ਜਦੋਂ ਕਿ ਸਿੱਖ ਜਗਤ ਵਿਚ ਦੀਵਾਨ ਟੋਡਰ ਮੱਲ ਸਦਾ ਸਦਾ ਲਈ ਅਮਰ ਹੋ ਗਏ ਹਨ।

ਦੀਵਾਨ ਟੋਡਰ ਮੱਲ ਹਵੇਲੀ, ਤਲਾਨੀਆਂ ਪਿੰਡ ਨਜ਼ਦੀਕ, ਮੁਹੱਲਾ ਹਰਨਾਮ ਨਗਰ ਵਿਚ ਸੁਸ਼ੋਭਿਤ ਹੈ ਜਿਹੜਾ ਸਰਹੰਦ ਰੋਪੜ ਰੇਲਵੇ ਲਾਈਨ ਨੇੜੇ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਕਿਲੋਮੀਟਰ ਕੁ ਦੀ ਦੂਰੀ 'ਤੇ ਸਥਿਤ ਹੈ। ਦੂਰੋਂ ਹੀ ਸ਼ਰਧਾਲੂਆਂ ਨੂੰ ਖਿੱਚਾਂ ਪਾਉਂਦੀ, ਧਿਆਨ ਖਿੱਚਦੀ ਇਹ ਅਤਿਅੰਤ ਆਲੀਸ਼ਾਨ ਇਮਾਰਤ ਕੇਡੀ ਸਾਂਭਣਯੋਗ ਸੀ, ਸੰਭਾਲਣਯੋਗ ਹੈ, ਸ਼ਾਇਦ ਸਾਡੇ 'ਜ਼ਿੰਮੇਵਾਰ' ਪ੍ਰਬੰਧਕਾਂ ਨੂੰ ਪੂਰਾ ਅਹਿਸਾਸ ਨਹੀਂ ਹੈ ਕਿਉਂਕਿ ਸਿੱਖ ਇਤਿਹਾਸ ਦੀਆਂ ਜੁਝਾਰੂ ਕਰਨੀਆਂ ਤੇ ਪ੍ਰਾਪਤੀਆਂ ਨੂੰ ਅਸੀਂ ਓਸ ਤਰ੍ਹਾਂ ਨਹੀਂ ਸਾਂਭ ਸਕੇ ਜਿਵੇਂ ਯਹੂਦੀਆਂ, ਅੰਗਰੇਜ਼ਾਂ 'ਤੇ ਦੂਸਰੀਆਂ ਕੌਮਾਂ ਨੇ ਸੰਭਾਲਿਆ ਹੋਇਆ ਹੈ। ਇਸ ਦਾ ਸਮੁੱਚਾ ਪ੍ਰਬੰਧਨ ਸਾਡੀ ਸ਼੍ਰੋਮਣੀ ਕਮੇਟੀ ਕੋਲ ਹੈ ਤੇ ਉਸ ਨੂੰ ਸਿਆਸਤ ਤੋਂ ਹੀ ਫ਼ੁਰਸਤ ਨਹੀਂ। ਸੱਭਿਆਚਾਰਕ ਤੇ ਵਿਰਾਸਤੀ ਸਥਾਨਾਂ ਦੀ ਸਾਂਭ ਸੰਭਾਲ ਤੇ ਦੇਖ-ਰੇਖ ਲਈ ਨਿਸਚੇ ਹੀ ਵੱਖਰਾ ਵਿਭਾਗ, ਮਾਹਿਰ ਬੰਦੇ ਅਤੇ ਸੁਚੱਜੀ ਵਿਉਂਤਬੰਦੀ ਦੀ ਲੋੜ ਹੈ ਜਿਸ ਵੱਲ ਨਾਮਾਤਰ ਹੀ ਧਿਆਨ ਦਿੱਤਾ ਗਿਆ ਹੈ। ਇਹ ਵੀ ਕਿ ਦੂਸਰੀਆਂ ਹੋਰ ਇਤਿਹਾਸਕ ਯਾਦਾਂ ਨੂੰ ਸੰਗਮਰਮਰਾਂ ਥੱਲੇ ਦੱਬਣ, ਲੁਕਾਉਣ ਅਤੇ ਮਲੀਆਮੇਟ ਕਰਨ ਵਾਲੇ ਕਾਰ ਸੇਵਕ ਬਾਬਿਆਂ ਤੋਂ ਬਚਾ ਕੇ, ਇਸਨੂੰ ਇਸਦੇ ਕੁਦਰਤੀ ਸਰੂਪ ਵਿੱਚ ਸੰਭਾਲਣ ਦੀ ਅੱਜ ਸ਼ਿੱਦਤ ਭਰੀ ਲੋੜ ਹੈ।

17ਵੀਂ ਸਦੀ ਵਿਚ ਹੋਏ ਦੀਵਾਨ ਜੀ ਬਾਰੇ ਅਧਿਐਨ ਕਰਦਿਆਂ, ਕੁਝ ਹੈਰਤ ਅੰਗੇਜ਼ ਤੱਥਾਂ ਦੀ ਜਾਣਕਾਰੀ ਵੀ ਮਿਲੀ ਕਿਉਂਕਿ ਪਟਿਆਲਾ ਜ਼ਿਲ੍ਹੇ ਦੇ ਕਾਕਰਾ ਪਿੰਡ ਵਿਚ ਪੈਦਾ ਹੋਏ ਦੀਵਾਨ ਟੋਡਰ ਮੱਲ ਦੀਆਂ ਗਾਥਾਵਾਂ ਤਾਂ ਹੁਣ ਤੱਕ ਦੱਖਣੀ ਭਾਰਤ ਦੇ ਤਿਰੁਪਤੀ ਮੰਦਰ ਵਿਚ ਵੀ ਪ੍ਰਚਲਿਤ ਹਨ ਜਿੱਥੇ ਉਸਦੀ ਪਤਨੀ ਤੇ ਮਾਤਾ ਸਮੇਤ ਤਿੰਨਾਂ ਦੀਆਂ ਮੂਰਤੀਆਂ ਸੁਸ਼ੋਭਿਤ ਹਨ ਕਿਉਂਕਿ ਕਿਹਾ ਜਾਂਦਾ ਹੈ ਕਿ ਜਦੋਂ ਔਰੰਗਜ਼ੇਬ ਤੱਕ ਇਸ ਸਾਰੇ ਬਿਰਤਾਂਤ ਦੀ ਖ਼ਬਰ ਪਹੁੰਚੀ ਸੀ ਤਾਂ ਟੋਡਰ ਮੱਲ ਜੀ ਨੂੰ ਹਕੂਮਤੀ ਜ਼ੁਲਮ ਦਾ ਸਾਹਮਣਾ ਕਰਨਾ ਪਿਆ। ਇਸ ਜ਼ੁਲਮ ਤੋਂ ਬਚਣ ਲਈ ਉਹ ਦੱਖਣੀ ਭਾਰਤ ਵਲ ਚਲੇ ਗਏ। ਓਸ ਵਕਤ ਥੀਰੂਮਾਲਾ ਤਿਰੁਪਤੀ ਮੰਦਰ ਵੀ ਬਹੁਤ ਸੰਕਟ ਵਿਚ ਸੀ ਕਿਉਂਕਿ ਨਿਜ਼ਾਮ ਦੀਆਂ ਮੁਸਲਿਮ ਫ਼ੌਜਾਂ ਅਤੇ ਅੰਗਰੇਜ਼ਾਂ ਦੀ ਕਾਣੀ ਅੱਖ ਵੀ ਇਸ ਸਮਰਿੱਧ, ਰੱਜੇ ਪੁੱਜੇ ਅਤੇ ਹਿੰਦੂਤਵ ਦੇ ਗੜ੍ਹ ਮੰਦਰ ਉੱਪਰ ਕਹਿਰਵਾਨ ਸੀ।

ਇਤਿਹਾਸ ਵਿਚ ਜ਼ਿਕਰਤ ਹੈ ਕਿ ਮੰਦਿਰ ਦੇ ਪਰੋਹਿਤਾਂ ਨੇ ਜਦੋਂ ਦੀਵਾਨ ਟੋਡਰ ਮੱਲ ਬਾਰੇ ਸੁਣਿਆ ਤਾਂ ਉਨ੍ਹਾਂ ਨੂੰ ਬਹੁਤ ਸੰਤਾਵਨਾ ਹੋਈ। ਸਕੂਨ ਮਿਲਿਆ ਕਿ ਉਹ ਸਰਹਿੰਦ ਵਿਖੇ ਐਡੇ ਜੋਖਮ ਭਰੇ ਕਾਰਜ ਨੂੰ ਸੰਪੂਰਨ ਕਰਨ ਮਗਰੋਂ, ਹੁਣ ਬਾਲਾ ਜੀ ਤਿਰੁਪਤੀ ਮੰਦਰ ਨੂੰ ਵੀ ਬਚਾਉਣਗੇ। ਆਪੂੰ ਖੱਤਰੀ ਧਰਮ ਦੇ ਆਸਥਾਵਾਨ ਹੋਣ ਕਰਕੇ ਉਨ੍ਹਾਂ ਨੇ ਪੂਰੀ ਨਿਡਰਤਾ ਅਤੇ ਫਰਾਖਦਿਲੀ ਨਾਲ ਇਸ ਮੰਦਰ ਨੂੰ ਵੀ ਨਿਜ਼ਾਮ ਅਤੇ ਅੰਗਰੇਜ਼ਾਂ ਤੋਂ ਬਚਾਇਆ। ਆਪਣੇ ਭਗਵਾਨ ਲਈ ਕੀਤੀਆਂ ਉਨ੍ਹਾਂ ਦੀਆਂ ਅਣਥੱਕ, ਨਿਸ਼ਕਾਮ ਅਤੇ ਸ਼ਾਨਦਾਰ ਸੇਵਾਵਾਂ ਲਈ ਮੰਦਰ-ਪ੍ਰਬੰਧਕਾਂ ਨੇ ਤਿੰਨਾਂ ਦੀਆਂ ਮੂਰਤੀਆਂ ਬਾਲਾ ਜੀ ਤਿਰੁਪਤੀ ਮੰਦਿਰ ਵਿਖੇ ਸੁਸ਼ੋਭਿਤ ਕਰ ਦਿੱਤੀਆਂ। ਇੰਞ ਦੀਵਾਨ ਟੋਡਰ ਮੱਲ ਦੀ ਘਾਲਣਾ ਯੁੱਗਾਂ-ਯੁੱਗਾਂ ਤੱਕ ਅਮਰ ਕਰ ਦਿੱਤੀ ਗਈ। ਵਾਕਈ ਕਿੰਨਾ ਮਹੀਨ ਤੇ ਜ਼ਹੀਨ ਬੁੱਧ ਇਨਸਾਨ ਸੀ ਦੀਵਾਨ ਟੋਡਰ ਮੱਲ ਜਿਸਨੇ ਸੰਸਾਰ ਵਿਚ ਐਡੇ ਮਹਾਨ ਕਾਰਜ ਕਰਕੇ ਗੁਰੂ ਪਿਆਰਿਆਂ ਦੇ ਨਾਲ-ਨਾਲ ਹਿੰਦੂ ਮੰਦਰ ਦੀ ਵੀ ਖ਼ਿਦਮਤ ਕੀਤੀ ਤੇ ਅਮਰਤਾ ਪ੍ਰਾਪਤ ਕੀਤੀ। ਬਿਨਾਂ ਸ਼ੱਕ, ਤਿਰੁਪਤੀ ਮੰਦਰ ਦੱਖਣੀ ਭਾਰਤ ਵਿਚ ਬੇਹੱਦ ਮਕਬੂਲ ਮੰਦਰ ਮੰਨਿਆ ਜਾਂਦਾ ਹੈ ਜਿੱਥੇ ਆਮ ਤੋਂ ਖ਼ਾਸ, ਸਾਰੇ ਸ਼ਰਧਾਲੂ ਆਪਣੀ ਆਪਣੀ ਮੰਨਤ ਪੂਰਨ ਢੁੱਕਦੇ ਹਨ। ਅਮਿਤਾਭ ਬਚਨ ਦਾ ਪਰਿਵਾਰ ਵੀ ਇਸੇ ਦਾ ਸ਼ਰਧਾਵਾਨ ਕਿਹਾ ਜਾਂਦਾ ਹੈ ਅਤੇ ਜਿਸ ਦੀ ਆਮਦਨ ਵੀ ਬੇਹਿਸਾਬੀ ਕਹੀ ਜਾਂਦੀ ਹੈ।

ਸਮੁੱਚੇ ਤੌਰ 'ਤੇ ਕਹਿਣਾ ਚਾਹੁੰਦੀ ਹਾਂ ਕਿ ਗੁਰੂ ਇਤਿਹਾਸ ਤੋਂ ਜਾਣੂੰ ਹਰੇਕ ਉਹ ਖ਼ੁਦਾ ਦਾ ਬੰਦਾ, ਜਿਹੜਾ ਦਸ਼ਮੇਸ਼ ਪਿਤਾ ਦੀ ਬੇਜੋੜ ਦੇਣ, ਮਾਤਾ ਗੁਜਰੀ ਤੇ ਨੰਨ੍ਹੇ ਸਾਹਿਬਜ਼ਾਦਿਆਂ ਦੀ ਬੇਮਿਸਾਲ ਸ਼ਹਾਦਤ ਦਾ ਕਦਰਦਾਨ ਹੈ, ਦੀਵਾਨ ਟੋਡਰ ਮੱਲ ਦੀ ਸਾਹਸੀ ਕੁਰਬਾਨੀ ਦਾ ਵੀ ਬੇਹੱਦ ਸਨਮਾਨ ਕਰਦਾ ਹੈ। ਹਰ ਆਸਥਾਵਾਨ ਹਰਨਾਮ ਨਗਰ ਦੀਆਂ ਤੰਗ ਜਿਹੀਆਂ ਗਲੀਆਂ ਤੇ ਗੰਦਗੀ ਭਰੇ ਰਾਹਾਂ ਤੋਂ ਹੋ ਕੇ ਅਤਿਅੰਤ ਨਿਮਰਤਾ ਅਤੇ ਸਤਿਕਾਰ ਨਾਲ ਇਸ ਖੰਡਰਨੁਮਾ ਹਵੇਲੀ ਤੱਕ ਪਹੁੰਚਦਾ ਹੈ। ਛੋਟੇ ਜਿਹੇ 'ਦੀਵਾਨ ਟੋਡਰ ਮੱਲ ਮਾਰਗ' ਦੀ ਤਖ਼ਤੀ ਤੋਂ ਪਹਿਲਾਂ ਕੋਈ ਦਿਸ਼ਾ ਸੂਚਕ ਬੋਰਡ ਨਹੀਂ, ਕੋਈ ਰੱਖ-ਰਖਾਅ ਨਹੀਂ, ਇਕ ਬਜ਼ੁਰਗ ਸਿੰਘ ਤੇ ਉਸ ਦੀ ਸਿੰਘਣੀ ਥੋੜ੍ਹੀ ਬਹੁਤ ਜਾਣਕਾਰੀ ਦੇ ਕੇ ਆਏ ਗਏ ਦਾ ਥੋੜ੍ਹਾ ਬਹੁਤ ਸਵਾਗਤ ਕਰਦੇ ਹਨ। ਕਿਤੇ ਆਈਆਂ ਸੰਗਤਾਂ ਦੀਆਂ ਕਾਰਾਂ ਖੜ੍ਹੀਆਂ ਕਰਨ ਦਾ ਪ੍ਰਬੰਧ ਨਹੀਂ ਜਿਵੇਂ ਗੁਰੂ ਘਰ ਦੇ ਦੀਵਾਨੇ ਦੀਵਾਨ ਜੀ ਦੀ ਇਸ ਮਾਅਰਕੇ ਦੀ ਜਹਾਜ਼ ਹਵੇਲੀ ਨੂੰ ਇਕ ਨਜ਼ਰ ਤੱਕਣ ਲਈ ਢੁੱਕਦੇ ਹਨ। ਬਜ਼ੁਰਗ ਜੋੜੇ ਨੇ ਇਹ ਵੀ ਦੱਸਿਆ ਕਿ ਪੁਰਾਤੱਤਵ ਵਿਭਾਗ ਤੋਂ ਸ਼੍ਰੋਮਣੀ ਕਮੇਟੀ ਨੇ ਇਸ ਵਿਰਾਸਤੀ ਹਵੇਲੀ ਦਾ ਕੇਸ ਜਿੱਤ ਲਿਆ ਹੈ। ਵਾਹਿਗੁਰੂ ਦੇ ਚਰਨਾਂ ਵਿਚ ਸਾਡੀ ਅਰਦਾਸ ਹੈ ਕਿ ਦੁਨੀਆ ਦੀ ਸਭ ਤੋਂ ਕੀਮਤੀ ਧਰਤੀ ਖ਼ਰੀਦ ਕੇ, ਗੁਰੂ ਮਾਤਾ ਤੇ ਗੁਰੂ ਲਾਲਾਂ ਦਾ ਸਸਕਾਰ ਕਰਕੇ ਦਰ ਬਦਰ ਹੋਣ ਵਾਲੇ ਦੀਵਾਨ ਟੋਡਰ ਮੱਲ ਦੀ ਕਦੇ ਰਿਹਾਇਸ਼ ਰਹੀ ਇਸ ਅਮੋਲਕ ਅਮਾਨਤ ਨੂੰ ਚਿਰਜੀਵੀ ਬਣਾਉਣ ਲਈ ਸਾਡੀ ਸ਼੍ਰੋਮਣੀ ਕਮੇਟੀ ਨੂੰ ਸੁਮਤਿ ਬਖ਼ਸ਼ਣ। ਇਸ ਦੀ ਸੁਚੱਜੀ ਸੰਭਾਲ ਅੱਜ ਦੀ ਮੁੱਖ ਲੋੜ ਹੈ। -0-

(ਸਾਕਾ ਚਮਕੌਰ ਸਾਹਿਬ 'ਤੇ)

–ਰਮੇਸ਼ ਬੱਗਾ ਚੋਹਲਾ

# ਬੱਸ ਏਕ ਹਿੰਦ ਮੇਂ ਤੀਰਥ ਹੈ

ਹਕੀਮ ਅੱਲ੍ਹਾ ਯਾਰ ਖਾਂ ਯੋਗੀ ਭਾਵੇਂ ਬੁਨਿਆਦੀ ਰੂਪ ਵਿਚ ਸਿੱਖ ਨਹੀਂ ਸੀ ਪਰ ਉਸ ਦੀ ਸ਼ਾਇਰਾਨਾ ਕਲਮ ਸਿੱਖੀ ਦੇ ਉਸ ਜਜ਼ਬੇ ਤੋਂ ਕੁਰਬਾਨ ਜਾਂਦੀ ਹੈ ਜਿਹੜਾ ਹੱਕ 'ਤੇ ਸੱਚ ਦੀ ਸਲਾਮਤੀ ਲਈ (ਸ਼ਹਾਦਤ ਦੇ ਰੂਪ ਵਿਚ) ਮੌਤ ਨੂੰ ਗਲੇ ਲਗਾਉਣ ਲਈ ਤਿਆਰ-ਬਰ-ਤਿਆਰ ਰਹਿੰਦਾ ਹੈ। ਇਸੇ ਕਰਕੇ ਹੀ ਉਸ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦੋ ਵੱਡੇ ਸਾਹਿਬਜ਼ਾਦਿਆਂ ਅਤੇ ਮੁੱਠੀ ਕੁ ਭਰ ਸਿਦਕੀ ਸਿੱਖਾਂ ਦੇ ਅਣਖ਼ੀ ਲਹੂ ਨਾਲ ਰੰਗੀ ਹੋਈ ਚਮਕੌਰ ਸਾਹਿਬ ਦੀ ਧਰਤੀ ਹਿੰਦੋਸਤਾਨ ਦੇ ਕਿਸੇ ਇਤਿਹਾਸਕ-ਮਿਥਿਹਾਸਕ ਤੀਰਥ ਸਥਾਨ ਤੋਂ ਘੱਟ ਨਜ਼ਰ ਨਹੀਂ ਆਉਂਦੀ। ਆਪਣੀ ਸ਼ਰਧਾਮਈ ਭਾਵਨਾ ਤਹਿਤ ਉਹ ਲਿਖਦਾ ਹੈ:-

ਬੱਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲਿਯੇ।
ਕਟਾਏ ਬਾਪ ਨੇ ਬੱਚੇ ਜਹਾਂ, ਖ਼ੁਦਾ ਕੇ ਲਿਯੇ।
ਚਮਕ ਹੈ ਮਿਹਰ ਕੀ ਚਮਕੌਰ! ਤੇਰੇ ਜ਼ੱਰੋਂ ਮੇਂ,
ਯਹੀ ਸੇ ਬਨ ਸਿਤਾਰੇ ਗਏ ਸਮਾਂ ਕੇ ਲਿਯੇ।

ਇਸ ਕਵੀ ਦੇ ਇਨ੍ਹਾਂ ਸ਼ਰਧਾਮਈ ਅਤੇ ਸਤਿਕਾਰਤ ਬੋਲਾਂ ਤੋਂ ਇਹ ਵੀ ਸਾਬਤ ਹੋ ਜਾਂਦਾ ਹੈ ਕਿ ਕਲਗੀਧਰ ਪਾਤਸ਼ਾਹ ਅਤੇ ਉਨ੍ਹਾਂ ਦੇ ਸਿੱਖ ਕਿਸੇ ਖਾਹ-ਮ-ਖਾਹ (ਬਿਨਾਂ ਕਿਸੇ ਠੋਸ ਕਾਰਨ) ਦੀ ਲੜਾਈ ਦੇ ਹੱਕ ਵਿਚ ਨਹੀਂ ਸਨ ਪਰ ਉਸ ਵਕਤ ਦੀ ਰਜਵਾੜਸ਼ਾਹੀ ਅਤੇ ਮੁਗ਼ਲੀਆ ਸਲਤਨਤ ਦੀਆਂ ਆਪ ਹੁਦਰੀਆਂ ਤੇ ਘਾਤਿਕ ਨੀਤੀਆਂ ਨੂੰ ਠੱਲ੍ਹ ਪਾਉਣ ਹਿੱਤ ਉਨ੍ਹਾਂ ਨੇ ਪਰਿਵਾਰ ਅਤੇ ਖ਼ਾਲਸਾ ਫ਼ੌਜ ਅੰਦਰ 'ਮੁਹਿ ਮਰਨੇ ਕਾ ਚਾਉ ਹੈ' ਦੀ ਬਿਰਤੀ ਨੂੰ ਬਲਵਾਨ ਬਣਾਈ ਰੱਖਿਆ। ਇਸ ਬਿਰਤੀ ਦੀ ਹੀ ਗਵਾਹੀ ਭਰਦਾ ਹੈ ਸਾਕਾ ਚਮਕੌਰ ਸਾਹਿਬ ਅਤੇ ਸਾਕਾ ਸਰਹਿੰਦ। ਪੋਹ ਮਹੀਨੇ ਦੀ ਠੰਢੀ-ਠਾਰ ਰੁੱਤ ਵਿਚ ਕੁੱਝ ਕੁ ਦਿਹਾੜਿਆਂ ਦੀ ਵਿੱਥ ਨਾਲ ਵਾਪਰੇ ਸਿੱਖ ਇਤਿਹਾਸ ਦੇ ਇਨ੍ਹਾਂ ਦੋ ਮਹਾਨ ਸਾਕਿਆਂ ਵਿਚ ਜਿਥੇ ਗੁਰੂ ਕੇ ਸਿੱਖਾਂ ਨੇ ਬੇਮਿਸਾਲ ਬਹਾਦਰੀ ਦਿਖਾ ਕੇ ਮੌਤ ਨੂੰ ਗਲੇ ਲਗਾਇਆ ਹੈ,ਉਥੇ ਗੁਰੂ-ਪਰਿਵਾਰ ਨੇ ਵੀ (ਕਿਸ ਸੌਖੇ ਪਰ ਸਿਧਾਂਤ ਹੀਣ ਜੀਵਨ ਨੂੰ ਪ੍ਰਵਾਨ ਨਾ ਕਰਦੇ) 'ਸੀਸ ਦੀਆ ਪਰ ਸਿਰਰੁ ਨ ਦੀਆ' ਦੀ ਅਣਖੀਲੀ ਰਿਵਾਇਤ ਨੂੰ ਕਾਇਮ ਰੱਖਿਆ।

ਮੁਗ਼ਲ ਹਕੂਮਤ ਅਤੇ ਪਹਾੜੀ ਰਾਜਿਆਂ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਅੱਧੇ ਸਾਲ ਤੋਂ ਵੱਧ ਸਮੇਂ ਤੱਕ ਘੇਰਾ ਪਾਈ ਰੱਖਿਆ। ਆਪਣਾ ਮਨਸੂਬਾ (ਗੁਰੂ ਸਾਹਿਬ ਨੂੰ ਜਿਉਂਦਾ ਫੜਕੇ ਬਾਦਸ਼ਾਹ ਸਾਹਮਣੇ ਪੇਸ਼ ਕਰਨ ਅਤੇ ਇਨਾਮ ਹਾਸਲ ਕਰਨ ਦਾ) ਪੂਰਾ ਨਾ ਹੁੰਦਿਆਂ ਦੇਖ ਕੇ ਹਾਕਮ ਧਿਰ ਕਿਲ੍ਹੇ ਨੂੰ ਖਾਲੀ ਕਰਵਾਉਣ ਵਿਚ ਹੀ ਭਲਾ ਸਮਝਣ ਲੱਗੀ। ਇਸ ਉਦੇਸ਼ ਦੀ ਪ੍ਰਾਪਤੀ ਲਈ ਹਾਕਮਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਇੱਕ ਪੰਡਤ ਅਤੇ ਮੌਲਵੀ ਨੂੰ ਕਿਲ੍ਹੇ ਦੇ ਅੰਦਰ ਭੇਜਿਆ ਜਿਨ੍ਹਾਂ ਨੇ ਗੀਤਾ ਅਤੇ ਕੁਰਨ ਦੀ ਕਸਮ ਖਾ ਕੇ ਕਿਹਾ,'ਜੇਕਰ ਗੁਰੂ ਸਾਹਿਬ ਕਿਲ੍ਹੇ ਨੂੰ ਖਾਲੀ ਕਰ ਜਾਣ ਤਾਂ ਉਨ੍ਹਾਂ ਨੂੰ ਕੁੱਝ ਨਹੀਂ ਕਿਹਾ ਜਾਵੇਗਾ,ਉਹ ਜਿਥੇ ਵੀ ਚਾਹੁਣ ਜਾ ਕੇ ਰਹਿ ਸਕਦੇ ਹਨ।'

ਗੁਰੂ ਸਾਹਿਬ ਨੂੰ ਉਨ੍ਹਾਂ ਦੀਆਂ ਇਨ੍ਹਾਂ ਕਸਮਾਂ 'ਤੇ ਯਕੀਨ ਨਹੀਂ ਸੀ। ਆਪਣੇ ਯਕੀਨ ਨੂੰ ਪੱਕਿਆਂ ਕਰਨ ਲਈ ਦਸਮੇਸ਼ ਪਿਤਾ ਨੇ ਇੱਕ ਗੱਡੇ ਉਪਰ ਕੂੜ-ਕਬਾੜ ਲੱਦ ਕੇ ਉਪਰ ਇੱਕ ਰੇਸ਼ਮੀ ਕੱਪੜਾ ਪਾ ਦਿੱਤਾ। ਜਦੋਂ ਇੱਕ ਸਿੱਖ ਇਸ ਗੱਡੇ ਨੂੰ ਬਾਹਰ ਲੈ ਕੇ ਆਇਆ ਤਾਂ ਮੁਗ਼ਲ ਸਿਪਾਹੀ ਇਸ ਨੂੰ ਗੁਰੂ ਕਾ ਖ਼ਜਾਨਾ ਸਮਝ ਕੇ ਇਸ ਉਪਰ ਟੁੱਟ ਕੇ ਪੈ ਗਏ। ਇਸ ਲਾਲਚੀ ਹਰਕਤ ਕਾਰਨ ਉਨ੍ਹਾਂ ਦੇ ਹੱਥ-ਪੱਲੇ 'ਤੇ ਕੁੱਝ ਪਿਆ ਨਹੀਂ ਪਰ ਉਨ੍ਹਾਂ ਨੂੰ ਸ਼ਰਮਿੰਦੇ ਜ਼ਰੂਰ ਹੋਣਾ ਪਿਆ।

ਕੁੱਝ ਕੁ ਦਿਨਾਂ ਬਾਅਦ ਮੁਗ਼ਲ ਸਿਪਾਹੀਆਂ ਨੇ ਫਿਰ ਬਾਦਸ਼ਾਹ ਔਰੰਗਜ਼ੇਬ ਦੇ ਦਸਤਖ਼ਤਾਂ ਵਾਲਾ ਕੁਰਾਨ-ਸ਼ਰੀਫ਼ ਅਤੇ ਇੱਕ ਚਿੱਠੀ ਕਲਗੀਧਰ ਪਾਤਸ਼ਾਹ ਵੱਲ ਭੇਜੀ ਜਿਸ ਵਿਚ ਲਿਖਿਆ ਗਿਆ ਸੀ-'ਅਸੀਂ ਆਪਣੀ ਵਾਅਦਾ ਖ਼ਿਲਾਫ਼ੀ ਤੋਂ ਬਹੁਤ ਸ਼ਰਮਿੰਦੇ ਹਾਂ ਅਤੇ ਦੁਬਾਰਾ ਗੁਰੂ ਸਾਹਿਬ ਨੂੰ ਕਿਲ੍ਹਾ ਖ਼ਾਲੀ ਕਰਨ ਦੀ ਬੇਨਤੀ ਕਰਦੇ ਹਾਂ। ਜੇਕਰ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿੱਖ ਸਾਡੀ ਬੇਨਤੀ ਨੂੰ ਪ੍ਰਵਾਨ ਕਰ ਲੈਂਦੇ ਹਨ ਤਾਂ ਅਸੀਂ ਹੁਣ ਕੋਈ ਵੀ ਕੋਝਾ ਕੰਮ ਨਹੀਂ ਕਰਾਂਗੇ।'

ਭਾਵੇਂ ਗੁਰੂ ਸਾਹਿਬ ਇਸ ਲੜਾਈ ਨੂੰ ਕਿਸੇ ਸਿੱਟੇ (ਜਿੱਤ-ਹਾਰ) 'ਤੇ ਪਹੁੰਚਾਉਣ ਤੋਂ ਪਹਿਲਾਂ ਕਿਲ੍ਹੇ ਨੂੰ ਖਾਲੀ ਕਰਨ ਦੇ ਹੱਕ ਵਿਚ ਨਹੀਂ ਸਨ ਪਰ ਭੁੱਖ-ਦੁੱਖ ਦੇ ਸਤਾਏ ਕੁੱਝ ਸਿੱਖਾਂ ਨੇ ਗੁਰੂ ਸਾਹਿਬ ਨੂੰ ਕਿਲ੍ਹਾ ਖਾਲੀ ਕਰਨ ਲਈ ਰਜ਼ਾਮੰਦ ਕਰ ਲਿਆ।

20 ਦਿਸੰਬਰ 1704 ਈ. ਦੀ ਸਿਆਲੀ ਰਾਤ ਨੂੰ ਕਲਗੀਧਰ ਪਾਤਸ਼ਾਹ ਆਪਣੇ ਪਰਿਵਾਰ ਅਤੇ ਸਿੱਖਾਂ ਨੂੰ ਲੈ ਕੇ ਕਿਲ੍ਹੇ 'ਚੋਂ ਬਾਹਰ ਆ ਗਏ। ਹਨ੍ਹੇਰੀ ਰਾਤ ਦਾ ਸਫ਼ਰ ਮੁਕਾਉਂਦੀ ਹੋਈ ਖ਼ਾਲਸੇ ਦੀ ਇਹ ਫ਼ੌਜ ਸਰਸਾ ਨਦੀ 'ਤੇ ਪਹੁੰਚ ਗਈ। ਇਥੇ ਪਹੁੰਚ ਕੇ ਗੁਰੂ ਸਾਹਿਬ ਅਤੇ ਸਿੱਖਾਂ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਅਜੇ ਕੀਰਤਨ ਦੀ ਸਮਾਪਤੀ ਹੋਈ ਹੀ ਸੀ ਕਿ ਮੁਗ਼ਲ ਅਤੇ ਪਹਾੜੀ ਰਾਜਿਆਂ ਦੀ ਧਾੜ ਵੀ ਉਥੇ ਆਣ ਪਹੁੰਚੀ। ਇਸ ਸੰਕਟ ਦੀ ਘੜੀ ਭਾਈ ਉਦੇ ਸਿੰਘ ਅਤੇ ਭਾਈ ਜੀਵਨ ਸਿੰਘ (ਜੇਤਾ ਜੀ) ਨੇ ਮੁਗ਼ਲ ਫ਼ੌਜ ਦਾ ਡੱਟ ਕੇ ਸਾਹਮਣਾ ਕੀਤਾ ਅਤੇ ਉਸ ਨੂੰ ਅੱਗੇ ਵੱਧਣ ਤੋਂ ਰੋਕੀ ਰੱਖਿਆ।

ਸਰਸਾ ਨਦੀ ਨੂੰ ਪਾਰ ਕਰਦਿਆਂ ਹੀ ਗੁਰੂ ਪਰਿਵਾਰ ਵਿਚ ਵਿਛੋੜਾ ਪੈ ਗਿਆ। ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ ਗੁਰੂ ਸਾਹਿਬ ਅਤੇ ਸਿੱਖਾਂ ਤੋਂ ਵੱਖ ਹੋ ਕੇ ਕਿਸੇ ਔਝੜੇ ਰਾਹ ਪੈ ਗਏ। ਇਧਰ ਗੁਰੂ ਗੋਬਿੰਦ ਸਿੰਘ ਜੀ ਆਪਣੇ ਵੱਡੇ ਦੋ ਫ਼ਰਜ਼ੰਦਾਂ ਅਤੇ 40 ਕੁ ਸਿੱਖਾਂ ਨੂੰ ਨਾਲ ਲੈ ਕੇ ਰੋਪੜ ਦੇ ਇਲਾਕੇ ਵਿਚ ਪਹੁੰਚ ਗਏ। ਇਸ ਇਲਾਕੇ ਵਿਚ ਆ ਕੇ ਪਾਤਸ਼ਾਹ ਆਉਣ ਵਾਲੇ ਸੰਕਟ (ਪਿੱਛਾ ਕਰ ਰਹੀਆਂ ਮੁਗ਼ਲ ਫ਼ੌਜਾਂ) ਦਾ ਸਾਹਮਣਾ ਕਰਨ ਦੀ ਵਿਉਂਤਬੰਦੀ ਕਰਨ ਲੱਗੇ।



ਚਮਕੌਰ ਦੀ ਗੜ੍ਹੀ ਦੀ ਪੁਰਾਣੀ ਤਸਵੀਰ

ਇਸ ਵਿਉਂਤਬੰਦੀ ਤਹਿਤ ਗੁਰੂ ਸਾਹਿਬ ਅਤੇ ਸਿੰਘਾਂ ਨੇ ਦੁਸ਼ਮਣ ਨਾਲ ਦੋ ਹੱਥ ਕਰਨ ਦੀ ਠਾਣ ਲਈ ਅਤੇ ਇਸ ਮਨੋਰਥ ਦੀ ਸਿੱਧੀ ਵਾਸਤੇ ਚਮਕੌਰ ਸਾਹਿਬ ਦੇ ਰਹਿਣ ਵਾਲੇ ਚੌਧਰੀ ਬੱਧੂ ਚੰਦ ਦੀ ਕੱਚੀ ਹਵੇਲੀ (ਗੜ੍ਹੀ) ਦੀ ਚੋਣ ਕੀਤੀ ਗਈ। ਹਵੇਲੀ ਦੀ ਮੋਰਚਾਬੰਦੀ ਕਰਕੇ ਗੁਰੂ ਸਾਹਿਬ ਅਤੇ ਖ਼ਾਲਸਾ ਫ਼ੌਜ ਮੁਗ਼ਲਾਂ ਦੇ ਟਿੱਡੀ ਦਲ ਨਾਲ ਲੋਹਾ ਲੈਣ ਲਈ ਤਿਆਰ-ਬਰ-ਤਿਆਰ ਹੋ ਗਏ। ਦੂਸਰੇ ਪਾਸੇ ਸਰਹੰਦ ਦੇ ਸੂਬੇਦਾਰ ਅਤੇ ਉਸ ਦੇ ਲਾਮ-ਲਸ਼ਕਰ ਨੇ ਇਸ ਹਵੇਲੀ ਨੂੰ ਬਾਹਰ ਤੋਂ ਪੂਰੀ ਤਰ੍ਹਾਂ ਨਾਲ ਘੇਰ ਲਿਆ। ਬਾਹਰ ਤੋਂ ਜਾ ਅਲੀ ਦੇ ਨਾਅਰੇ ਵੱਜ ਰਹੇ ਸਨ ਅਤੇ ਹਵੇਲੀ ਦੇ ਅੰਦਰੋਂ 'ਗਗਨ ਦਮਾਮਾ ਬਾਜਿਓ,ਪਰਿਓ ਨਿਸ਼ਾਨੇ ਘਾਓ' ਦੇ। 22 ਦਸੰਬਰ ਵਾਲੇ ਦਿਨ ਇਸ ਸਥਾਨ 'ਤੇ ਸੰਸਾਰ ਦਾ ਅਨੋਖਾ ਯੁੱਧ ਸ਼ੁਰੂ ਹੋਇਆ। ਸਿੱਖ ਸੈਨਾ ਦੀ ਤਦਾਦ ਭਾਵੇਂ ਅੱਧੇ ਕੁ ਸੈਂਕੜੇ ਤੱਕ ਵੀ ਨਹੀਂ ਸੀ ਪਹੁੰਚਦੀ ਪਰ ਗੁਰੂ ਸਾਹਿਬ ਦੇ ਪਿਆਰ ਅਤੇ ਵਿਹਾਰ ਕਾਰਨ ਚੜ੍ਹਦੀ ਕਲਾ ਅਤੇ ਪੂਰੇ ਜਲਾਲ ਵਿਚ ਸੀ। ਵਿਲੱਖਣ ਅਤੇ ਕਾਰਗਰ ਰਣਨੀਤੀ ਤਹਿਤ ਦਸਮੇਸ਼ ਪਿਤਾ ਜੀ ਪੰਜ-ਪੰਜ ਸਿੰਘਾਂ ਦਾ ਜਥਾ ਬਣਾ ਕੇ ਮੈਦਾਨ-ਏ-ਜੰਗ ਵਿਚ ਜੂਝਣ ਲਈ ਭੇਜਦੇ ਰਹੇ,ਜੋ ਜੈਕਾਰਿਆਂ ਦੀ ਗੂੰਜ ਨਾਲ ਦੁਸ਼ਮਣਾਂ 'ਤੇ ਪੈਂਦਾ ਅਤੇ ਕਈਆਂ ਨੂੰ ਮੌਤ ਦੇ ਮੂੰਹ ਵਿਚ ਪਾ ਕੇ ਆਪ ਸ਼ਹੀਦ ਹੋ ਜਾਂਦਾ। ਇਨ੍ਹਾਂ ਜਥਿਆਂ ਵਿਚ ਗੁਰੂ ਕੇ ਲਾਲਾਂ (ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ) ਦਾ ਜਥਾ ਵੀ ਬੇਮਿਸਾਲ ਹੌਂਸਲੇ ਨਾਲ ਲੜਿਆ ਅਤੇ ਸ਼ਹਾਦਤ ਦਾ ਜਾਮ ਪੀ ਗਿਆ।

ਸਰਸਾ ਨਦੀਂ ਦੇ ਕਿਨਾਰੇ ਤੋਂ ਵਿਛੜੇ ਗੁਰੂ ਪਰਿਵਾਰ ਦੇ ਇੱਕ ਹਿੱਸੇ ਨੂੰ ਗੰਗੂ ਗ਼ਦਾਰ ਦੀ ਗ਼ਦਾਰੀ ਦਾ ਸ਼ਿਕਾਰ ਹੋਣਾ ਪਿਆ। ਗੁਰੂ ਕੇ ਗ੍ਰਹਿ ਵਿਖੇ ਸਾਲਾਂ ਬੱਧੀ ਰਸੋਈਏ ਦੀ ਡਿਊਟੀ ਨਿਭਾਉਣ ਵਾਲਾ ਗੰਗੂ ਬ੍ਰਹਾਮਣ ਜਦੋਂ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ (ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ) ਨੂੰ ਮਿਲਿਆ ਤਾਂ ਮਾਤਾ ਜੀ ਨੇ ਔਖੀ ਘੜੀ ਵਿਚ ਕਿਸੇ ਆਪਣੇ ਦੇ ਮਿਲਾਪ ਲਈ ਅਕਾਲ-ਪੁਰਖ ਦੀ ਸ਼ੁਕਰਗੁਜ਼ਾਰੀ ਕੀਤੀ। ਪਰ ਜਿਸ ਨੂੰ ਮਾਤਾ ਜੀ ਨੇ ਆਪਣਾ ਸਮਝਿਆ ਸੀ ਉਸ ਦਾ ਵਿਹਾਰ ਤਾਂ ਸਤ-ਬਿਗਾਨਿਆਂ ਤੋਂ ਵੀ ਘਟੀਆ ਹੋ ਨਿੱਬੜਿਆ। ਲਾਲਚ ਵਿਚ ਆ ਕੇ ਉਸ ਨੇ ਮੋਰਿੰਡੇ ਦੇ ਥਾਣੇ ਵਿਚ ਦਾਦੀ-ਪੋਤਿਆਂ ਦੀ ਮੁਖ਼ਬਰੀ ਕਰ ਦਿੱਤੀ। ਸਿੱਟੇ ਵਜੋਂ ਮੋਰਿੰਡੇ ਦੇ ਥਾਣੇਦਾਰ ਜਾਨੀ ਖਾਂ ਅਤੇ ਮਾਨੀ ਖਾਂ ਨੇ ਬਜ਼ੁਰਗ ਮਾਤਾ ਅਤੇ ਦੋਵਾਂ ਬੱਚਿਆਂ ਨੂੰ ਗ੍ਰਿਫ਼ਤਾਰ ਕਰਕੇ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਂ ਦੇ ਹਵਾਲੇ ਕਰ ਦਿੱਤਾ।

ਸਰਹੰਦ ਦੇ ਸੂਬੇਦਾਰ ਵਜ਼ੀਰ ਖਾਂ ਨੇ ਬਿਰਧ ਮਾਂ ਅਤੇ ਉਸ ਦੇ ਮਸੂਮ ਪੋਤਿਆਂ ਦੀ ਹਵਾਲਗੀ ਨੂੰ ਆਪਣੀ ਜਿੱਤ ਸਮਝ ਲਿਆ ਅਤੇ ਉਨ੍ਹਾਂ ਨੂੰ ਦੀਨ ਕਬੂਲ ਕਰਵਾਉਣ ਦੀਆਂ ਵਿਉਂਤਾਂ ਬਣਾਉਣ ਲੱਗਾ। ਕਲਗੀਧਰ ਦੇ ਲਾਡਲਿਆਂ ਨੂੰ ਇਸਲਾਮ ਵਿਚ ਲਿਆਉਣ ਦਾ ਮਕਸਦ ਕੋਈ ਮੁਸਲਮਾਨਾਂ ਦੀ ਤਦਾਦ ਵਧਾਉਣਾ ਨਹੀਂ ਸੀ,ਸਗੋਂ ਮਨੁੱਖੀ ਬਰਾਬਰਤਾ ਅਤੇ ਆਪਸੀ ਭਾਈਚਾਰੇ ਦੀਆਂ ਕਰੂੰਬਲਾ ਕੱਢ ਰਹੇ ਸਿੱਖੀ ਦੇ ਬੂਟੇ ਦੀਆਂ ਜੜ੍ਹਾਂ ਨੂੰ ਕਮਜ਼ੋਰ ਕਰਨਾ ਸੀ। ਪਰ ਇਹ ਕੇਵਲ ਉਸ ਦਾ ਭਰਮ ਹੀ ਨਿਕਲਿਆ ਜਦੋਂ 9 ਸਾਲ ਅਤੇ 7 ਸਾਲ ਦੇ ਬੱਚਿਆਂ ਨੇ ਉਸ ਦੇ ਕਿਸੇ ਵੀ ਮਨਸੂਬੇ (ਲਾਲਚ,ਡਰਾਵੇ ਅਤੇ ਝੂਠ) ਨੂੰ ਕਾਮਯਾਬ ਨਹੀਂ ਹੋਣ ਦਿੱਤਾ, ਸਗੋਂ ਦਲੇਰਾਨਾ ਦਲੀਲਾਂ ਦੇ ਕੇ ਉਸ ਦੀ ਉਮੀਦਾਂ 'ਤੇ ਪਾਣੀ ਫੇਰ ਦਿੱਤਾ। ਭਾਵੇਂ ਸੂਬਾ ਸਰਹੰਦ ਦੇ ਕੁੱਝ ਸਰਕਾਰੀ ਕਰਿੰਦਿਆਂ ਨੇ ਵੀ ਸਾਹਿਬਜ਼ਾਦਿਆਂ ਨੂੰ ਧਰਮ ਤੋਂ ਥਿਰਕਾਉਣ ਲਈ ਆਪਣੀ ਵੱਖਰੀ ਵਾਹ ਲਾਈ ਪਰ ਉਨ੍ਹਾਂ ਦੀ ਦ੍ਰਿੜ੍ਹਤਾ ਅੱਗੇ ਉਨ੍ਹਾਂ (ਕਰਿੰਦਿਆਂ) ਦੀ ਕੋਈ ਪੇਸ਼ ਨਾ ਗਈ।

ਆਪਣੇ ਪੱਖ ਦੀ ਕੋਈ ਵੀ ਗੱਲ ਨਾ ਬਣਦੀ ਦੇਖ ਕੇ ਸੂਬਾ ਸਰਹੰਦ ਅਤੇ ਉਸ ਦੇ ਅਹਿਲਕਾਰਾਂ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਨ ਦਾ ਫ਼ੈਸਲਾ ਕਰ ਲਿਆ। ਇਸ ਫ਼ੈਸਲੇ ਮੁਤਾਬਿਕ ਹੀ 26 ਦਸੰਬਰ 1704 ਈ. ਨੂੰ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਨੂੰ ਦਿੱਲੀ ਦੇ ਸਰਕਾਰੀ ਜਲਾਦਾਂ ਦੇ ਹਵਾਲੇ ਕਰ ਦਿੱਤਾ ਗਿਆ,ਜਿਨ੍ਹਾਂ ਨੇ ਗੁਰੂ ਕੇ ਦੋਹਾਂ ਲਾਲਾਂ ਨੂੰ ਖੜ੍ਹਾ ਕਰਕੇ ਕੰਧ ਦੀ ਉਸਾਰੀ ਆਰੰਭ ਕਰ ਦਿੱਤੀ। ਜਦੋਂ ਕੰਧ ਛਾਤੀ ਤੱਕ ਪਹੁੰਚੀ ਤਾਂ ਦੋਵੇਂ ਮਸੂਮ ਜਿੰਦਾਂ ਬੇਹੋਸ਼ ਹੋ ਗਈਆਂ ਅਤੇ ਕੰਧ ਡਿੱਗ ਗਈ। 27 ਦਸੰਬਰ ਦੀ ਸਵੇਰ ਨੂੰ ਜਦੋਂ ਉਨ੍ਹਾਂ ਨੂੰ ਹੋਸ਼ ਆਈ ਤਾਂ ਦੋਵੇਂ ਅਕਹਿ ਅਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤੇ ਗਏ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਸੁਣ ਮਾਤਾ ਗੁਜਰੀ ਜੀ ਵੀ ਸੱਚਖੰਡ ਨੂੰ ਪਿਆਨਾ ਕਰ ਗਏ।

ਇਸ ਤਰ੍ਹਾਂ ਪੋਹ ਦੇ ਅਤਿ ਸਰਦੀਲੇ ਮਹੀਨੇ ਵਿਚ ਸ੍ਰੀ ਗੁਰੂ ਗੋਬਿੰਦ ਦੇ ਪਰਿਵਾਰ ਦਾ ਇੱਕ ਵਡੇਰਾ ਹਿੱਸਾ ਅਤੇ ਜਾਨ ਤੋਂ ਪਿਆਰੇ ਸਿੱਖ ਅਕਾਲ-ਪੁਰਖ ਦੇ ਭਾਣੇ ਨੂੰ ਮੰਨਦੇ ਹੋਏ ਭਾਰੀਆਂ ਮੰਜ਼ਿਲਾਂ ਨੂੰ ਲੰਘੀ ਗਏ। -0-

---

ਸਫਾ 9 ਦਾ ਬਾਕੀ

## ਸ਼ਬਦ ਵੀਚਾਰ

**ਕੂੜੁ ਫਿਰੈ ਪਰਧਾਨੁ ਵੇ ਲਾਲੋ ॥**
**ਕਾਜੀਆ ਬਾਮਣਾ ਕੀ ਗਲ ਥਕੀ**
**ਅਗਦੁ ਪੜੈ ਸੈਤਾਨੁ ਵੇ ਲਾਲੋ ॥ (722)**

ਮਹਾਨ ਕੋਸ਼ ਵਿੱਚ ਖਸਮ ਸ਼ਬਦ ਦੇ ਅਰਥ ਇਸ ਤਰ੍ਹਾਂ ਆਉਂਦੇ ਹਨ--ਖ਼ਸਮ-ਸੰਗਿਆ—ਸੁਆਮੀ, ਆਕਾ, ਮਾਲਕ— "ਨਾਨਕ ਹੁਕਮੁ ਨਾ ਚਲਈ ਨਾਲਿ ਖਸਮ ਚਲੈ ਅਰਦਾਸਿ" ੨ ਭਾਵ ਜਗਨਨਾਥ, ਕਰਤਾਰ, "ਖਸਮ ਵਿਸਾਰਿ ਕੀਏ ਰਸ ਭੋਗ" (ਮਲਾਰ ਮ. ੧) ੩ ਪਤਿ, ਭਰਤਾ "ਪਰਪਿਤ ਰਾਤੀ ਖਸਮੁ ਵਿਸਾਰਾ" (ਮਾਰੂ ਸੋਹਲੇ ਮ: ੧) ੪ ਵੈਰੀ ਦੁਸ਼ਮਨ "ਕਹੁ ਕਬੀਰ ਅਖਰ ਦੋਇ ਭਾਖਿ॥ ਹੋਇਗਾ ਖਸਮੁ ਤਉ ਲੇਇਗਾ ਰਾਖਿ" (ਗਉੜੀ ਕਬੀਰ ਜੀ) ਜੇ ਕੋਈ ਤੇਰਾ ਆਕਾਰਣ ਦੁਸ਼ਮਣ ਹੋਏਗਾ ਤਾਂ ਰਾਮ ਰੱਖਿਆ ਕਰੇਗਾ। ੫ ਖਿਸਮ—ਮਿੱਤਰ, ਦੋਸਤ ੬ ਸਬੰਧੀ ਰਿਸ਼ਤੇਦਾਰ ੭ ਖ਼ਸ਼ਮ ਕ੍ਰੋਧ ਗੁੱਸਾ ਖਸਮ ਸ਼ਬਦ ਅਲੰਕਾਰ ਦੇ ਰੂਪ ਵਿੱਚ ਵਰਤਿਆ ਹੈ ਇਸ ਦਾ ਭਾਵ ਅਰਥ ਦੂਰ ਦ੍ਰਿਸ਼ਟੀ, ਅਨੁਭਵਤਾ, ਸੱਚ ਨਾਲ ਇਕਮਿਕਤਾ, ਸਮੁੱਚੇ ਬ੍ਰਹਿਮੰਡ ਦਾ ਬੱਝਵਾਂ ਨਿਯਮ ਜੋ ਸੱਚ ਦੇ ਅਧਾਰਤ ਖੜਾ ਹੈ। ਗੁਰਬਾਣੀ ਵਿੱਚ ਇਸ ਤਰ੍ਹਾਂ ਦੇ ਹੋਰ ਬੋਲ ਵੀ ਆਉਂਦੇ ਹਨ—

**1. ਸਚ ਕੀ ਬਾਣੀ ਨਾਨਕੁ ਆਖੈ**
**ਸਚੁ ਸੁਣਾਇਸੀ ਸਚ ਕੀ ਬੇਲਾ ॥ (723)**
**2. ਤਾ ਮੈ ਕਹਿਆ**
**ਕਹਣੁ ਜਾ ਤੁਝੈ ਕਹਾਇਆ ॥ (566)**
**3. ਧੁਰ ਕੀ ਬਾਣੀ ਆਈ ॥**
**ਤਿਨਿ ਸਗਲੀ ਚਿੰਤ ਮਿਟਾਈ ॥ (528)**
**4. ਹਉ ਆਪਹੁ ਬੋਲਿ ਨ ਜਾਣਦਾ**
**ਮੈ ਕਹਿਆ ਸਭੁ ਹੁਕਮਾਉ ਜੀਉ ॥**
**(763)**

ਗੁਰ ਸਾਹਿਬ ਦਾ ਆਸ਼ਾ ਸੱਚ ਦੇ ਅਧਾਰਤ ਹੈ ਤੇ ਸੱਚ ਕਦੇ ਪੁਰਾਣਾ ਨਹੀਂ ਹੁੰਦਾ—

**ਸਚੁ ਪੁਰਾਣਾ ਨਾ ਥੀਐ**
**ਨਾਮੁ ਨ ਮੈਲਾ ਹੋਇ ॥ (1248)**

ਗੁਰਬਾਣੀ ਕਾਵਿਕ ਰੂਪ ਵਿੱਚ ਹੈ ਜਿਸ ਵਿੱਚ ਅੰਲਕਾਰ, ਤਸ਼ਬੀਹਾਂ, ਮਿੱਥਾਂ ਦੇ ਹਵਾਲਿਆਂ ਨੂੰ ਸਮਝਣ ਦੀ ਜ਼ਰੂਰਤ ਹੈ। ਜਿੱਥੇ ਗੁਰਬਾਣੀ ਦੇ ਅੱਖਰੀਂ ਅਰਥਾਂ ਦੀ ਵਿਚਾਰ ਕਰਨੀ ਹੈ ਉਥੇ ਗੁਰਬਾਣੀ ਵਿਚਲੇ ਭਾਵ ਅਰਥਾਂ ਨੂੰ ਵੀ ਸਮਝਣ ਦੀ ਜ਼ਰੂਰਤ ਹੈ। ਇਹਨਾਂ ਭਾਵ ਅਰਥਾਂ ਨੂੰ ਸਮਝਣ ਤੋਂ ਬਿਨਾਂ ਸਾਨੂੰ ਸਹੀ ਜੀਵਨ ਜਾਚ ਨਹੀਂ ਆ ਸਕਦੀ। ਗੁਰੂ ਸਾਹਿਬ ਜੀ ਨੇ ਬ੍ਰਹਿਮੰਡੀ ਨਿਯਮਾਵਲੀ ਦੀਆਂ ਗਹਿਰਾਈਆਂ ਤੇ ਸਮਾਜਿਕ ਵਰਤਾਰੇ ਦੀ ਅਨੁਭਵਤਾ ਨੂੰ ਪ੍ਰਗਟ ਕਰਦਿਆਂ ਕਹਿਆ ਕਿ ਸੰਸਾਰ ਸੱਚੇ ਗਿਆਨ ਤੋਂ ਬਿਨਾ ਭਟਕ ਰਿਹਾ ਹੈ।

**ਗਿਆਨ ਹੀਣੰ ਅਗਿਆਨ ਪੂਜਾ ॥**
**ਅੰਧ ਵਰਤਾਵਾ ਭਾਉ ਦੂਜਾ ॥ (1412)**

ਗੁਰੂ ਨਾਨਕ ਸਾਹਿਬ ਜੀ ਨੇ ਮਨੁੱਖਤਾ ਨੂੰ ਸਮਝਾਇਆ ਕਿ ਰੱਬ ਲੱਭਣ ਦੀ ਜ਼ਰੂਰਤ ਨਹੀਂ ਸਗੋਂ ਅੰਦਰਲੇ ਦੈਵੀ ਗੁਣਾਂ ਨਾਲ ਸਾਂਝ ਪਾ ਕੇ ਰੱਬ ਵਰਗੇ ਹੀ ਬਣਨਾ ਹੈ—

**ਉਤਮੁ ਏਹੁ ਬੀਚਾਰੁ ਹੈ**
**ਜਿਨਿ ਸਚੇ ਸਿਉ ਚਿਤੁ ਲਾਇਆ ॥**
**ਜਗਜੀਵਨੁ ਦਾਤਾ ਪਾਇਆ ॥6॥**
**(466)**

-0-





ਬਹਾਦਰ ਸਿੰਘ ਗੋਸਲ
98764-52223

14 ਮਈ 1710 ਨੂੰ ਸਿੰਘਾਂ ਨੇ ਸਰਹਿੰਦ ਵਿੱਚ ਦਾਖਲ ਹੋ ਕੇ ਸਰਹਿੰਦ ਸ਼ਹਿਰ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਚੱਪੜਚਿੜੀ ਦੀ ਰਣਭੂਮੀ ਸਿੱਖ ਇਤਿਹਾਸ ਵਿੱਚ ਅੱਜ ਵੀ ਬਹੁਤ ਅਹਿਮ ਬਣੀ ਹੋਈ ਹੈ ਅਤੇ ਇਸ ਸਥਾਨ 'ਤੇ ਅੱਜ-ਕੱਲ੍ਹ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦਗਾਰ ਅਤੇ ਇੱਕ ਫਤਹਿ ਮੀਨਾਰ ਬਣਾਈ ਗਈ ਹੈ।

# ਪੁਆਦ ਖੇਤਰ ਦੀਆਂ ਰਣ-ਭੂਮੀਆਂ

ਸਿੱਖ ਗੁਰੂ ਸਾਹਿਬਾਨ ਅਤੇ ਬਾਅਦ ਵਿੱਚ ਸਿੰਘਾਂ ਨੂੰ ਆਪਣੀ ਕੌਮ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਲਈ ਅਨੇਕਾਂ ਜੰਗਾਂ ਲੜਨੀਆਂ ਪਈਆਂ। ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ 1699 ਈ. ਨੂੰ ਖਾਲਸਾ ਫ਼ੌਜ ਦੀ ਸਥਾਪਨਾ ਤੋਂ ਬਾਅਦ ਇਹ ਜੰਗਾਂ ਹੋਰ ਵੀ ਫੈਸਲਾਕੁਨ ਹੁੰਦੀਆਂ ਗਈਆਂ। ਇਨ੍ਹਾਂ 'ਚੋਂ ਹੇਠ ਲਿਖੀਆਂ ਥਾਵਾਂ ਪੰਜਾਬ ਦੇ ਪੁਆਧੀ ਖੇਤਰ ਨਾਲ ਸਬੰਧਤ ਹਨ:

• **ਸ੍ਰੀ ਆਨੰਦਪੁਰ ਸਾਹਿਬ:** ਇੱਥੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਈ ਧਰਮ ਯੁੱਧ ਲੜਨੇ ਪਏ ਕਿਉਂਕਿ ਇਹ ਪਵਿੱਤਰ ਧਰਤੀ ਪਹਾੜੀ ਰਾਜਾਂ ਦੇ ਨਾਲ ਲੱਗਦੀ ਸੀ ਅਤੇ ਕਹਿਲੂਰ, ਜਸਵਾਲ, ਸਰਮੌਰ ਜਿਹੇ ਕਈ ਰਾਜਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਦੀ ਚੜ੍ਹਤ ਨਹੀਂ ਸੀ ਭਾਉਂਦੀ। ਉਹ ਆਨੇ-ਬਹਾਨੇ ਕੋਈ ਨਾ ਕੋਈ ਮੁਗਲ ਸਰਕਾਰਾਂ ਤੋਂ ਮਦਦ ਲੈ ਕੇ ਆਨੰਦਪੁਰ ਸਾਹਿਬ 'ਤੇ ਹਮਲੇ ਕਰਦੇ ਰਹੇ। ਇਸ ਨਾਲ ਸਿੰਘ ਸੂਰਮਿਆਂ ਨੂੰ ਆਨੰਦਪੁਰ ਸਾਹਿਬ ਦੀ ਰਣ ਭੂਮੀ ਵਿੱਚ ਆਪਣੇ ਜੌਹਰ ਦਿਖਾਉਣ ਦਾ ਮੌਕਾ ਮਿਲਦਾ ਰਿਹਾ। ਕੁੱਲ ਮਿਲਾ ਕੇ ਇਸ ਰਣ-ਭੂਮੀ ਵਿੱਚ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੀਆਂ ਫੌਜਾਂ ਨੂੰ ਪੰਜ ਧਰਮ ਯੁੱਧ ਲੜਨੇ ਪਏ। ਆਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਸੰਨ 1701 ਵਿੱਚ ਲੜੀ ਗਈ। ਸਿੰਘ ਸੂਰਬੀਰ ਮੁਗਲਾਂ ਅਤੇ ਪਹਾੜੀ ਹਿੰਦੂ ਰਾਜਿਆਂ ਦੀ ਸਾਂਝੀ ਫੌਜ ਅੱਗੇ ਜਾ ਟੱਕਰੇ ਅਤੇ ਬੜੇ ਘਮਸਾਨ ਦਾ ਯੁੱਧ ਹੋਇਆ, ਜਿਸ ਵਿੱਚ ਗੁਰੂ ਫੌਜਾਂ ਦੀ ਫ਼ਤਹਿ ਹੋਈ। ਦੂਜੀ ਲੜਾਈ ਨਵੰਬਰ 1701 ਈ: ਵਿੱਚ ਉਦੋਂ ਲੜੀ ਗਈ ਜਦੋਂ ਪਹਾੜੀ ਹਿੰਦੂ ਰਾਜੇ ਫਿਰ ਇਕੱਠੇ ਹੋਏ ਅਤੇ ਆਨੰਦਪੁਰ ਸਾਹਿਬ 'ਤੇ ਚੜ੍ਹ ਕੇ ਆਏ। ਇਸ ਜੰਗ 'ਚ ਭਾਈ ਉਦੈ ਸਿੰਘ ਨੇ ਰਾਜਾ ਕੇਸਰੀ ਚੰਦ ਦਾ ਤਲਵਾਰ ਨਾਲ ਸਿਰ ਵੱਢਿਆ ਸੀ ਤੇ ਭਾਈ ਬਚਿੱਤਰ ਸਿੰਘ ਨੇ ਨਾਗਣੀ ਨਾਲ ਹਾਥੀ ਦਾ ਮੁਕਾਬਲਾ ਕੀਤਾ ਸੀ। ਮੈਦਾਨ ਸਿੰਘਾਂ ਦੇ ਹੱਥ ਆਇਆ ਤੇ ਖਾਲਸੇ ਦੀ ਜਿੱਤ ਹੋਈ।

ਤੀਜੀ ਲੜਾਈ ਵੀ ਆਨੰਦਪੁਰ ਸਾਹਿਬ ਦੀ ਰਣ-ਭੂਮੀ ਵਿੱਚ ਹੀ ਸੰਨ 1703 ਈ: ਵਿੱਚ ਲੜੀ ਗਈ। ਇਸ ਲੜਾਈ ਵਿੱਚ ਇੱਕ ਪਾਸੇ ਉੱਚ ਜਾਤੀ ਦੇ ਲੋਕ ਸਨ ਤੇ ਗੁਰੂ ਜੀ ਦੀ ਫ਼ੌਜ ਵਿੱਚ ਨੀਵੀਆਂ ਜਾਤੀਆਂ ਕਹੇ ਜਾਣ ਵਾਲੇ ਲੋਕ ਸ਼ਾਮਲ ਸਨ। ਗੁਰੂ ਜੀ ਦੀ ਇਸ ਲੜਾਈ ਵਿੱਚ ਵੀ ਜਿੱਤ ਹੋਈ। ਇਸੇ ਤਰ੍ਹਾਂ ਆਨੰਦਪੁਰ ਸਾਹਿਬ ਦੀ ਚੌਥੀ ਲੜਾਈ ਵੀ ਬੜੀ ਅਹਿਮ ਰਹੀ ਹੈ। ਇਸ ਲੜਾਈ ਵਿੱਚ ਦਿੱਲੀ ਤੋਂ ਜਰਨੈਲ ਸੈਦ ਖਾਂ ਸਵਾ ਲੱਖ ਦੀ ਵੱਡੀ ਫੌਜ ਲੈ ਕੇ ਸਢੌਰੇ ਵਿੱਚ ਪੀਰ ਬੁੱਧੂ ਸ਼ਾਹ ਦੇ ਸਮਝਾਉਣ ਦੇ ਬਾਵਜੂਦ ਆਨੰਦਪੁਰ ਸਾਹਿਬ ਪਹੁੰਚ ਗਿਆ। ਇਸ ਲੜਾਈ ਵਿੱਚ ਗੁਰੂ ਜੀ ਆਪ ਵੀ ਸ਼ਸਤਰ ਪਹਿਨ ਕੇ ਇੱਕ ਉਚੇ ਟਿੱਬੇ 'ਤੇ ਬੈਠ ਗਏ। ਅਖੀਰ ਜਿੱਤ ਸਿੱਖ ਫੌਜਾਂ ਦੀ ਹੋਈ। ਜਦੋਂ ਫਿਰ ਮੁਗਲਾਂ ਅਤੇ ਪਹਾੜੀ ਹਿੰਦੂ ਰਾਜਿਆਂ ਦੀ ਸਾਂਝੀ ਫੌਜ ਨੇ ਚੜ੍ਹਦੇ ਅਤੇ ਲਹਿੰਦੇ ਦੋਹਾਂ ਪਾਸਿਆਂ ਤੋਂ 20 ਮਈ ਸੰਨ 1704 ਈ. ਨੂੰ ਆਨੰਦਪੁਰ ਸਾਹਿਬ 'ਤੇ ਹੱਲਾ ਬੋਲ ਦਿੱਤਾ ਤਾਂ ਇਸੇ ਰਣ-ਭੂਮੀ ਵਿੱਚ ਪੰਜਵੀਂ ਲੜਾਈ ਲੜੀ ਗਈ। ਇਸ ਲੜਾਈ ਵਿੱਚ ਮੁਗਲ ਫੌਜਾਂ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਕੇ ਬੈਠ ਗਈਆਂ। ਗੁਰੂ ਜੀ ਦੀਆਂ ਫੌਜਾਂ ਕੋਲ ਰਾਸ਼ਨ, ਅੰਨ-ਪਾਣੀ ਅਤੇ ਘੋੜਿਆਂ ਲਈ ਦਾਣੇ ਆਦਿ ਦੀ ਤੰਗੀ ਆ ਗਈ। ਛੇ-ਸੱਤ ਮਹੀਨੇ ਸਿੰਘ ਸਿਰ-ਧੜ ਦੀ ਬਾਜੀ ਲਗਾ ਕੇ ਲੜ ਰਹੇ ਸਨ। ਪਹਾੜੀ ਰਾਜਿਆਂ ਦੀ ਸਹੁੰਆਂ, ਬਾਦਸ਼ਾਹ ਵੱਲੋਂ ਕੁਰਾਨ ਦੀ ਕਸਮ ਅਤੇ ਸਿੰਘਾਂ ਦੀਆਂ ਔਕੜਾਂ ਨੂੰ ਦੇਖਦੇ ਹੋਏ ਗੁਰੂ ਜੀ ਨੇ 6 ਅਤੇ 7 ਪੋਹ ਦੀ ਵਿਚਕਾਰਲੀ ਰਾਤ ਸੰਮਤ 1761 ਨੂੰ ਆਨੰਦਪੁਰ ਸਾਹਿਬ ਖਾਲੀ ਕਰ ਦਿੱਤਾ। ਇਸ ਤਰ੍ਹਾਂ ਆਨੰਦਪੁਰ ਸਾਹਿਬ ਦੀ ਪੰਜਵੀਂ ਲੜਾਈ ਦਾ ਅੰਤ ਹੋ ਗਿਆ।

• **ਨਿਰਮੋਹਗੜ੍ਹ ਦਾ ਮੈਦਾਨ-ਏ-ਜੰਗ:** ਕੀਰਤਪੁਰ ਸਾਹਿਬ ਦੇ ਨੇੜੇ ਪਿੰਡ ਨਿਰਮੋਹ ਦੀ ਇਸ ਰਣ ਭੂਮੀ ਵਿੱਚ ਇਹ ਲੜਾਈ 1701 ਈ: ਵਿੱਚ



ਗੁਰਦੁਆਰਾ ਨਿਰਮੋਹਗੜ੍ਹ ਸਾਹਿਬ

ਆਨੰਦਪੁਰ ਸਾਹਿਬ ਦੀ ਦੂਜੀ ਲੜਾਈ ਤੋਂ ਬਾਅਦ ਲੜੀ ਗਈ ਸੀ। ਗੁਰੂ ਜੀ ਨੇ ਇਸ ਜੰਗ ਵਿੱਚ ਪਿੰਡ ਨਿਰਮੋਹ ਦੇ ਨੇੜੇ ਇੱਕ ਉੱਚੀ ਟਿੱਬੀ 'ਤੇ ਡੇਰਾ ਕਰ ਲਿਆ ਪਰ ਪਹਾੜੀ ਰਾਜਿਆਂ ਨੇ ਇਨਾਮ ਦਾ ਲਾਲਚ ਦੇ ਕੇ ਦੋ ਤੋਪਚੀਆਂ ਨੂੰ ਗੋਲੇ ਸੁੱਟਣ ਲਈ ਕਿਹਾ। ਇਕ ਤੋਪਚੀ ਦੇ ਨਿਸ਼ਾਨੇ ਨਾਲ ਗੁਰੂ ਜੀ ਦਾ ਚੌਰ-ਬਰਦਾਰ ਸਿੰਘ ਸ਼ਹੀਦ ਹੋ ਗਿਆ ਪਰ ਗੁਰੂ ਜੀ ਬਚ ਗਏ ਅਤੇ ਉਨ੍ਹਾਂ ਨੇ ਤੁਰੰਤ ਦੋਹਾਂ ਤੋਪਚੀਆਂ ਨੂੰ ਤੀਰ ਮਾਰ ਕੇ ਮਾਰ ਦਿੱਤਾ। ਗੁਰੂ ਜੀ ਸਿੰਘਾਂ ਸਮੇਤ ਸਤਲੁਜ ਪਾਰ ਕਰਕੇ ਬਸਾਲੀ ਦੇ ਰਾਜਾ ਸਲਾਹੀ ਚੰਦ ਦੀ ਇੱਛਾ ਪੂਰੀ ਕਰਨ ਲਈ ਉਸ ਦੀ ਰਿਆਸਤ ਵਿੱਚ ਪਹੁੰਚ ਗਏ। ਮੁਗਲ ਅਤੇ ਪਹਾੜੀ ਰਾਜੇ ਆਪਣੇ ਟਿਕਾਣਿਆਂ ਵੱਲ ਚਲੇ ਗਏ।

• **ਸਰਸਾ ਨਦੀ ਦਾ ਕੰਢਾ:** ਜਦੋਂ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਰਿਵਾਰ ਅਤੇ ਸਿੰਘਾਂ ਸਮੇਤ ਸੰਮਤ 1761 ਦੇ 6-7 ਪੋਹ ਦੀ ਵਿਚਕਾਰਲੀ ਰਾਤ ਆਨੰਦਪੁਰ ਸਾਹਿਬ ਛੱਡ ਕੇ ਉਥੋਂ 10-11 ਮੀਲ ਦੂਰ ਸਰਸਾ ਨਦੀ ਦੇ ਕੰਢੇ ਪਹੁੰਚ ਗਏ ਤਾਂ ਨਦੀ ਵਿੱਚ ਹੜ੍ਹ ਆਇਆ ਹੋਇਆ ਸੀ। ਪਿਛੋਂ ਅਜਮੇਰ ਚੰਦ ਅਤੇ ਸਰਹਿੰਦ ਦੇ ਹਾਕਮ ਵਜ਼ੀਰ ਖਾਂ ਦੀਆਂ ਫੌਜਾਂ ਨੇ ਹਮਲਾ ਕਰ ਦਿੱਤਾ। ਸਰਸਾ ਨਦੀ ਦੇ ਕੰਢੇ 'ਤੇ ਭਿਆਨਕ ਯੁੱਧ ਹੋਇਆ। ਇਸ ਯੁੱਧ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ, ਭਾਈ ਮਦਨ ਸਿੰਘ ਅਤੇ ਭਾਈ ਉਦੈ ਸਿੰਘ ਨੇ ਮੁਗਲ ਸੈਨਾ ਨੂੰ ਰੋਕਣ ਵਿੱਚ ਅਥਾਹ ਜੋਸ਼ ਦਿਖਾਇਆ। ਇਸ ਲੜਾਈ ਵਿੱਚ ਭਾਈ ਉਦੈ ਸਿੰਘ ਸ਼ਹੀਦ ਹੋ ਗਏ। ਹਫੜਾ-ਦਫੜੀ ਵਿੱਚ ਗੁਰੂ ਪਰਿਵਾਰ ਵੀ ਸਾਰੇ ਸਿੰਘਾਂ ਨਾਲ ਸਰਸਾ ਪਾਰ ਕਰ ਕੇ ਰੋਪੜ ਵੱਲ ਚਲਾ ਗਿਆ।

• **ਪਿੰਡ ਮਲਕਪੁਰ ਦਾ ਮੈਦਾਨ:** ਸਰਸਾ ਨਦੀ ਪਾਰ ਕਰਨ ਮਗਰੋਂ ਜਿਹੜੇ ਸਿੰਘ ਬਚ ਗਏ ਸਨ ਉਹ ਸਭ ਰੋਪੜ ਵੱਲ ਚਲ ਪਏ ਸਨ। ਗੁਰੂ ਜੀ ਨੇ ਭਾਈ ਬਚਿੱਤਰ ਸਿੰਘ ਦੇ ਜਥੇ ਨੂੰ ਦੁਸ਼ਮਣ ਫੌਜਾਂ ਦਾ ਮੁਕਾਬਲਾ ਕਰਨ ਦਾ ਹੁਕਮ ਦਿੱਤਾ ਪਰ ਪਿੰਡ ਮਲਕਪੁਰ ਦੇ ਰੰਗੜਾਂ ਤੇ ਗੁਜਰਾਂ ਨੇ ਹਮਲਾ ਕਰ ਦਿੱਤਾ ਜਿਸ ਕਾਰਨ ਇੱਥੇ ਗਹਿ-ਗੱਚ ਲੜਾਈ ਹੋਈ। ਭਾਈ ਬਚਿੱਤਰ ਸਿੰਘ ਗੰਭੀਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਬਾਅਦ 'ਚ ਬਾਬਾ ਅਜੀਤ ਸਿੰਘ ਅਤੇ ਭਾਈ ਮਦਨ ਸਿੰਘ ਦੇ ਜਥੇ ਨੇ ਉਥੋਂ 6 ਕਿਲੋਮੀਟਰ ਦੂਰ ਕੋਟਲਾ ਨਿਹੰਗ ਪਹੁੰਚਾਇਆ ਜਿੱਥੇ ਬਾਅਦ ਵਿੱਚ ਉਹ ਸ਼ਹੀਦੀ ਪ੍ਰਾਪਤ ਕਰ ਗਏ।

• **ਸ੍ਰੀ ਚਮਕੌਰ ਸਾਹਿਬ ਦਾ ਮੈਦਾਨ-ਏ-ਜੰਗ:** ਸਿੱਖ ਇਤਿਹਾਸ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਸਾਹਿਬ ਵਿੱਚ ਦੋ ਵਾਰ ਯੁੱਧ ਲੜਿਆ। ਪ੍ਰੋ. ਸਾਹਿਬ ਸਿੰਘ ਅਨੁਸਾਰ ਸੰਨ 1703 ਈ: ਦੇ ਜਨਵਰੀ ਮਹੀਨੇ ਗੁਰੂ ਗੋਬਿੰਦ ਸਿੰਘ ਜੀ ਸੂਰਜ ਗ੍ਰਹਿਣ ਦੇ ਮੇਲੇ 'ਤੇ ਕੁਰੂਕਸ਼ੇਤਰ ਗਏ ਅਤੇ ਵਾਪਸੀ ਸਮੇਂ ਰੋਪੜ ਤੋਂ ਪੰਦਰਾਂ ਕੁ ਮੀਲ ਦੀ ਦੂਰੀ 'ਤੇ ਚਮਕੌਰ ਸਾਹਿਬ ਪਹੁੰਚ ਗਏ ਜਿੱਥੇ ਫੌਜਦਾਰ ਅਲਫ਼ ਖਾਂ ਅਤੇ ਸੈਦ ਬੇਗ ਨੇ ਮੌਕਾ ਦੇਖ ਕੇ ਸਿੰਘਾਂ 'ਤੇ ਹਮਲਾ ਕਰ ਦਿੱਤਾ ਪਰ ਸੈਦ ਬੇਗ ਵੱਲੋਂ ਪਾਸਾ ਪਲਟਨ ਕਰਕੇ ਅਲਫ਼ ਖਾਂ ਬਹੁਤੀ ਦੇਰ ਲੜ ਨਾ ਸਕਿਆ ਅਤੇ ਆਪਣੀ ਫੌਜ ਲੈ ਕੇ ਦਿੱਲੀ ਵੱਲ ਚਲਾ ਗਿਆ। ਗੁਰੂ ਜੀ ਸਿੰਘਾਂ ਸਮੇਤ ਸ੍ਰੀ ਆਨੰਦਪੁਰ ਸਾਹਿਬ ਆ ਗਏ। ਇਸ ਯੁੱਧ ਨੂੰ ਚਮਕੌਰ ਦਾ ਪਹਿਲਾ ਯੁੱਧ ਵੀ ਕਿਹਾ ਜਾਂਦਾ ਹੈ।

ਫਿਰ ਸਰਸਾ ਕੰਢੇ ਯੁੱਧ ਤੋਂ ਬਾਅਦ ਗੁਰੂ ਜੀ ਦੋਵੇਂ ਵੱਡੇ ਸਾਹਿਬਜ਼ਾਦੇ ਅਤੇ 40 ਸਿੰਘਾਂ ਸਮੇਤ ਚਮਕੌਰ ਸਾਹਿਬ ਪਹੁੰਚ ਗਏ ਅਤੇ ਇੱਕ ਕੱਚੀ ਗੜ੍ਹੀ ਵਿੱਚ ਡੇਰਾ ਕਰ ਲਿਆ। ਜਦੋਂ ਅੱਠ ਪੋਹ ਸੰਮਤ 1761 ਦਾ ਦਿਨ ਚੜ੍ਹਿਆ ਤਾਂ ਲਗਪਗ ਦਸ ਲੱਖ ਮੁਗਲ ਸੈਨਾ ਟਿੱਡੀ ਦਲ ਵਾਂਗ ਗੜ੍ਹੀ ਨੂੰ ਚੁਫੇਰਿਓਂ ਘੇਰ ਕੇ ਮਾਰੋ-ਮਾਰ ਬੰਦੂਕਾਂ ਅਤੇ ਸ਼ਸਤਰ ਚਲਾਉਣ ਲੱਗੀ। ਗੁਰੂ ਜੀ ਨੇ ਆਪਣੀ ਯੁੱਧ ਨੀਤੀ ਅਨੁਸਾਰ ਅੱਠ-ਅੱਠ ਸਿੰਘਾਂ ਨੂੰ ਤੀਰਾਂ, ਬੰਦੂਕਾਂ ਅਤੇ ਸ਼ਸਤਰਾਂ ਨਾਲ ਲੈਸ ਕਰ ਗੜ੍ਹੀ ਦੇ ਚਾਰ ਕੋਨਿਆਂ 'ਤੇ ਤਾਇਨਾਤ ਕਰ ਦਿੱਤਾ। ਸਿੰਘਾਂ ਕੋਲ ਹਥਿਆਰ ਅਤੇ ਗੋਲੀ-ਸਿੱਕਾ ਬਹੁਤਾ ਨਹੀਂ ਸੀ ਅਤੇ ਦਸ ਲੱਖ ਫੌਜ ਦਾ ਮੁਕਾਬਲਾ ਕਰਨਾ ਵੀ ਕੋਈ ਸੌਖਾ ਨਹੀਂ ਸੀ। ਆਖਰ ਮੁਗਲਾਂ ਨੇ ਇਕੱਠੇ ਹੋ ਕੇ ਦਰਵਾਜ਼ੇ ਵਾਲੇ ਪਾਸਿਓਂ ਹਮਲਾ ਕਰਨ ਦੀ ਠਾਣੀ ਤਾਂ ਗੁਰੂ ਜੀ ਨੇ ਵੀ ਪੰਜ-ਪੰਜ ਸਿੰਘਾਂ ਦੇ ਜਥੇ ਬਣਾ ਕੇ ਰਣਖੇਤਰ ਵਿੱਚ ਜੂਝਣ ਦਾ ਫੈਸਲਾ ਕੀਤਾ। ਇਸ ਯੁੱਧ ਵਿੱਚ ਗੁਰੂ ਜੀ ਦੇ ਦੋਵੇਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਸ਼ਹੀਦ ਹੋ ਗਏ। ਸਿੰਘਾਂ ਦੇ ਹੁਕਮ ਦੇਣ 'ਤੇ ਗੁਰੂ ਜੀ ਸ੍ਰੀ ਚਮਕੌਰ ਸਾਹਿਬ ਛੱਡ ਕੇ ਰਾਤ ਨੂੰ ਮਾਛੀਵਾੜੇ ਵੱਲ ਨਿਕਲ ਗਏ। ਇਸ ਲੜਾਈ ਵਿੱਚ ਗੁਰੂ ਜੀ ਦੇ 40 ਸਿੰਘ ਵੀ ਸ਼ਹੀਦ ਹੋਏ।

• **ਪਿੰਡ ਖ਼ਿਦਰਾਬਾਦ ਦੀ ਰਣ ਭੂਮੀ:** ਜਦੋਂ ਆਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਵਿੱਚ ਖਾਲਸੇ ਦੀ ਫਤਹਿ ਹੋ ਗਈ ਤਾਂ ਮੁਗਲ ਫੌਜਾਂ ਅਤੇ ਪਹਾੜੀਏ ਹਿੰਦੂ ਮੈਦਾਨ ਛੱਡ ਕੇ ਭੱਜ ਗਏ। ਉਨ੍ਹਾਂ ਦੇ ਪੈਰ ਚੰਗੀ ਤਰ੍ਹਾਂ ਉੱਖੜ ਗਏ ਸਨ ਪਰ ਸਿੰਘਾਂ ਦੇ ਮਨਾਂ ਵਿੱਚ ਅਥਾਹ ਜੋਸ਼ ਸੀ ਅਤੇ ਉਹ ਉਨ੍ਹਾਂ ਦਾ ਪਿੱਛਾ ਕਰਦੇ ਜ਼ਿਲ੍ਹਾ ਅੰਬਾਲਾ, ਤਹਿਸੀਲ ਖਰੜ ਦੇ ਪਿੰਡ ਖ਼ਿਦਰਾਬਾਦ ਪਹੁੰਚ ਗਏ। ਇਸ ਥਾਂ 'ਤੇ ਸਿੰਘਾਂ ਨੇ ਬਚੇ ਹੋਏ ਮੁਗਲਾਂ ਨਾਲ ਫਿਰ ਯੁੱਧ ਕੀਤਾ ਅਤੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਪਛਾੜਿਆ। ਇਸ ਤਰ੍ਹਾਂ ਇਸ ਸਥਾਨ 'ਤੇ ਸੰਨ 1701 ਈ. ਵਿੱਚ ਜੰਗ ਲੜੀ ਗਈ।

• **ਚੱਪੜਚਿੜੀ ਦੀ ਰਣ-ਭੂਮੀ:** ਖਰੜ-ਬਨੂੜ ਸੜਕ 'ਤੇ ਪੈਂਦੇ ਖਰੜ ਤੋਂ ਚਾਰ ਕੁ ਮੀਲ ਦੂਰ ਚੱਪੜਚਿੜੀ ਦਾ ਮੈਦਾਨ-ਏ-ਜੰਗ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਥਾਂ ਰੱਖਦਾ ਹੈ ਕਿਉਂਕਿ ਇਸ ਸਥਾਨ 'ਤੇ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਫੌਜਾਂ ਨੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਨ ਨਾਲ ਇੱਕ ਫੈਸਲਾਕੁੰਨ ਲੜਾਈ ਲੜੀ ਸੀ। ਸਿੱਖ ਇਤਿਹਾਸ ਅਨੁਸਾਰ ਸੰਢੋਰੇ 'ਤੇ ਫ਼ਤਹਿ ਪਾਉਣ ਤੋਂ ਬਾਅਦ ਸਿੰਘਾਂ ਦਾ ਮੁੱਖ ਨਿਸ਼ਾਨਾ ਸਰਹਿੰਦ ਹੀ ਸੀ। ਉਧਰ ਜਦੋਂ ਬਨੂੜ ਨੂੰ ਫਤਹਿ ਕਰ ਕੇ ਸਿੰਘ ਅੱਗੇ ਵਧੇ ਤਾਂ ਦੂਜੇ ਪਾਸਿਓਂ ਰੋਪੜ ਕੋਲ ਹੋਈ ਲੜਾਈ ਵਿੱਚ ਸਤਲੁਜ ਪਾਰੋਂ ਆਏ ਸਿੰਘ ਵੀ ਫ਼ਤਹਿ ਪਾ ਕੇ ਬਾਬਾ ਜੀ ਨੂੰ ਮਿਲਣ ਲਈ ਅੱਗੇ ਵਧੇ। ਉਨ੍ਹਾਂ ਦਾ ਮਿਲਣ ਅੰਬਾਲੇ ਤੋਂ ਰੋਪੜ ਨੂੰ ਜਾ ਰਹੀ ਸੜਕ 'ਤੇ ਬਨੂੜ ਅਤੇ ਖਰੜ ਵਿਚਕਾਰ ਹੋਇਆ। ਬਾਬਾ ਜੀ ਆਪਣੀ ਸ਼ਕਤੀ ਵਿੱਚ ਵਾਧਾ ਦੇਖ ਕੇ ਬਹੁਤ ਖੁਸ਼ ਹੋਏ ਅਤੇ ਸਰਹਿੰਦ 'ਤੇ ਹਮਲਾ ਕਰਨ ਲਈ ਚੱਲ ਪਏ। ਉਧਰ ਸਰਹਿੰਦ ਦਾ ਸੂਬੇਦਾਰ ਵਜ਼ੀਰ ਖਾਨ ਵੀ ਤੋਪਾਂ, ਹਾਥੀਆਂ ਅਤੇ ਬੰਦੂਕ ਧਾਰੀਆਂ ਦੀ 15000 ਫੌਜ ਲੈ ਕੇ ਚੱਪੜਚਿੜੀ ਦੇ ਮੈਦਾਨ ਪਹੁੰਚ ਗਿਆ। ਬਾਬਾ ਜੀ ਨੇ ਸਿੰਘਾਂ ਦੇ ਦਲ ਦੀ ਕਮਾਨ ਭਾਈ ਫਤਿਹ ਸਿੰਘ, ਧਰਮ ਸਿੰਘ, ਆਲੀ ਸਿੰਘ ਅਤੇ ਸ਼ਾਮ ਸਿੰਘ ਦੇ ਹਵਾਲੇ ਕਰ ਕੇ ਆਪ ਇੱਕ ਉੱਚੀ ਟਿੱਬੀ 'ਤੇ ਬੈਠ ਨਿਗਰਾਨੀ ਕਰਨ ਲੱਗੇ। ਜਿਉਂ ਹੀ ਤੋਪਾਂ ਅਤੇ ਹਾਥੀ ਮਾਰੋ-ਮਾਰ ਕਰਦੇ ਅੱਗੇ ਵਧੇ ਤਾਂ ਸਿੰਘ ਟੁੱਟ ਕੇ ਪੈ ਗਏ। ਬਾਜ ਸਿੰਘ ਨੇ ਸਾਥੀਆਂ ਸਮੇਤ ਹਾਥੀਆਂ 'ਤੇ ਹੱਲਾ ਕੀਤਾ ਅਤੇ ਕਈ ਹਾਥੀ ਮਾਰ ਮੁਕਾਏ। ਹੁਣ ਸਿੰਘ ਹੱਥੋ-ਹੱਥ ਲੜਾਈ ਲੜਨ ਲੱਗੇ ਅਤੇ ਵਜ਼ੀਰ ਖਾਨ ਦਾ ਇਕ ਤੀਰ ਬਾਜ ਸਿੰਘ ਦੀ ਬਾਂਹ 'ਤੇ ਲੱਗਾ। ਉਹ ਤਲਵਾਰ ਨਾਲ ਬਾਜ ਸਿੰਘ 'ਤੇ ਵਾਰ ਕਰਨ ਹੀ ਵਾਲਾ ਸੀ ਕਿ ਫਤਹਿ ਸਿੰਘ ਨੇ ਤੁਰੰਤ ਆਪਣੀ ਤਲਵਾਰ ਨਾਲ ਵਜ਼ੀਰ ਖਾਨ ਨੂੰ ਚੀਰ ਦਿੱਤਾ। ਸਿੰਘਾਂ ਦੀ ਫਤਿਹ ਹੋ ਗਈ। 14 ਮਈ 1710 ਨੂੰ ਸਿੰਘਾਂ ਨੇ ਸਰਹਿੰਦ ਵਿੱਚ ਦਾਖਲ ਹੋ ਕੇ ਸਰਹਿੰਦ ਸ਼ਹਿਰ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਚੱਪੜਚਿੜੀ ਦੀ ਰਣਭੂਮੀ ਸਿੱਖ ਇਤਿਹਾਸ ਵਿੱਚ ਅੱਜ ਵੀ ਬਹੁਤ ਅਹਿਮ ਬਣੀ ਹੋਈ ਹੈ ਅਤੇ ਇਸ ਸਥਾਨ 'ਤੇ ਅੱਜ-ਕੱਲ੍ਹ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦਗਾਰ ਅਤੇ ਇੱਕ ਫਤਹਿ ਮੀਨਾਰ ਬਣਾਈ ਗਈ ਹੈ।

-0-



# ਕੇਸ ਅਤੇ ਭਗਤ ਸਾਹਿਬਾਨ

ਸੁਖਦੇਵ ਸਿੰਘ ਲੁਧਿਆਣਾ # 8360568209

ਜਿਹੜੇ ਪੰਦਰਾਂ ਭਗਤਾਂ ਦੀ ਬਾਣੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਹੈ, ਉਨ੍ਹਾਂ ਦੇ ਸਰੂਪ ਬਾਰੇ ਕਈ ਤਰ੍ਹਾਂ ਦੇ ਭਰਮ-ਭੁਲੇਖੇ ਤਸਵੀਰਾਂ ਰਾਹੀਂ ਖੜ੍ਹੇ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਅੱਜ ਕੱਲ੍ਹ ਕਈ ਐਸੀਆਂ ਤਸਵੀਰਾਂ ਗੁਰਦੁਆਰਿਆਂ ਵਿਚ ਲੱਗ ਰਹੀਆਂ ਹਨ, ਜਿਨ੍ਹਾਂ ਵਿਚ ਇਨ੍ਹਾਂ ਭਗਤਾਂ ਨੂੰ ਕੱਟੇ ਹੋਏ ਕੇਸਾਂ ਨਾਲ ਵਿਖਾਇਆ ਗਿਆ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਤੇ ਦਿੱਲੀ ਗੁਰਦੁਆਰਾ ਕਮੇਟੀ ਦੇ ਕੇਂਦਰੀ ਅਜਾਇਬ ਘਰਾਂ ਵਿਚ ਵੀ ਇਨ੍ਹਾਂ ਭਗਤਾਂ ਦੀਆਂ ਤਸਵੀਰਾਂ ਵਿਚ ਇਨ੍ਹਾਂ ਦਾ ਸਰੂਪ ਸਾਬਤ ਸੂਰਤ ਨਹੀਂ ਵਿਖਾਇਆ ਗਿਆ ਹੈ। ਕੀ ਇਹ ਕੋਈ ਸਾਜ਼ਿਸ਼ ਹੈ ਜਾਂ ਅਸੀਂ ਆਪਣੀ ਅਵੇਸਲਤਾ ਕਰਕੇ ਇਸ ਬੱਜਰ ਗੁਨਾਹ ਦੇ ਭਾਗੀ ਬਣ ਰਹੇ ਹਾਂ? ਪਰ ਇਸ ਨਾਲ ਸਾਡੀ ਨਵੀਂ ਪੀੜ੍ਹੀ ਦੇ ਮਨ ਵਿਚ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਹੋ ਰਹੇ ਹਨ।



ਇਥੇ ਸੋਚਣ ਵਾਲੀ ਗੱਲ ਇਹ ਹੈ ਕਿ ਜਿਹੜੇ ਭਗਤਾਂ ਨੇ ਇਕ ਅਕਾਲ ਪੁਰਖ ਦੀ ਬੰਦਗੀ ਲਈ ਲੋਕਾਂ ਨੂੰ ਪ੍ਰੇਰਤ ਕਰਨ ਲਈ ਏਨੀ ਵੱਡੀ ਲਹਿਰ ਚਲਾਈ, ਜੋ ਮਗਰੋਂ ਸਿੱਖੀ ਲਹਿਰ ਦਾ ਅਟੁੱਟ ਹਿੱਸਾ ਬਣ ਗਈ, ਕੀ ਉਹ ਭਗਤ ਖੁਦ ਕੇਸ ਨਾ ਰੱਖਦੇ ਹੋਣਗੇ? ਕੇਸ ਅਕਾਲ ਪੁਰਖ ਦੀ ਮਨੁੱਖ ਨੂੰ ਵੱਡੀ ਬਖਸ਼ਿਸ਼ ਹੈ। ਕੇਸਾਂ ਨਾਲ ਮਨੁੱਖੀ ਸਰੀਰ ਦਾ ਸਾਰਾ ਸਿਸਟਮ ਬੱਝਾ ਹੋਇਆ ਹੈ। ਸਿਰ ਦੇ ਕੇਸ ਦਿਮਾਗੀ ਸਿਸਟਮ ਦੀ ਹਿਫਾਜ਼ਤ ਕਰਦੇ ਹਨ ਤੇ ਇਸਨੂੰ ਚੁਸਤ-ਦਰੁਸਤ ਰੱਖਦੇ ਹਨ, ਜਦਕਿ ਸਰੀਰ ਦੇ ਹੋਰਨਾਂ ਹਿੱਸਿਆਂ ਤੇ ਉਗੇ ਹੋਏ ਕੇਸ ਉਨ੍ਹਾਂ ਦੀ ਹਿਫਾਜ਼ਤ ਦਾ ਕੰਮ ਕਰਦੇ ਹਨ। ਕੁਦਰਤ ਨੇ ਕੋਈ ਵੀ ਚੀਜ਼ ਬੇਲੋੜੀ ਪੈਦਾ ਨਹੀਂ ਕੀਤੀ। ਹਰੇਕ ਦਾ ਕਿਸੇ ਨਾ ਕਿਸੇ ਢੰਗ ਨਾਲ ਕੋਈ ਨਾ ਕੋਈ ਕੰਮ ਹੈ। ਇਹ ਹੁਣ ਸਾਡੀ ਛੋਟੀ ਸਮਝ ਦਾ ਨਤੀਜਾ ਹੈ ਕਿ ਅਸੀਂ ਕੇਸਾਂ ਨੂੰ ਨਰਮ ਸਮਝਕੇ ਕੱਟ ਦਿੰਦੇ ਹਾਂ ਤੇ ਇਨ੍ਹਾਂ ਦੀ ਸੰਭਾਲ ਨਹੀਂ ਕਰਦੇ ਪਰ ਸਿੱਖੀ ਦੀ ਵਿਚਾਰਧਾਰਾ ਕੇਸਾਂ ਦੀ ਸੰਭਾਲ ਤੇ ਵਿਸ਼ੇਸ਼ ਜ਼ੋਰ ਦਿੰਦੀ ਹੈ।

ਅਸੀਂ ਜਾਣਦੇ ਹਾਂ ਕਿ ਸਾਰੇ ਹੀ ਸਿੱਖ ਗੁਰੂ ਸਾਹਿਬਾਨ ਕੇਸਾਧਾਰੀ ਸਨ। ਗੁਰੂ ਨਾਨਕ ਸਾਹਿਬ ਨੇ ਆਪਣੇ ਸਾਥੀ ਭਾਈ ਮਰਦਾਨੇ ਨੂੰ ਪਹਿਲਾ ਉਪਦੇਸ਼ ਹੀ ਇਹ ਦਿਤਾ ਸੀ ਕਿ '**ਕੇਸ ਨਹੀਂ ਕੱਟਣੇ**'! ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਕੇਸਾਂ ਨੂੰ ਖਾਲਸੇ ਦੇ ਪੰਜ ਕਕਾਰਾਂ ਦਾ ਹਿੱਸਾ ਹੀ ਬਣਾ ਦਿਤਾ। ਗੁਰੂ ਸਾਹਿਬਾਨ ਦਾ ਉਪਦੇਸ਼ ਇਹੋ ਸੀ ਕਿ ਜਿਵੇਂ ਅਕਾਲ ਪੁਰਖ ਨੇ ਸਾਨੂੰ ਪੈਦਾ ਕੀਤਾ ਹੈ, ਸਾਨੂੰ ਉਸੇ ਤਰ੍ਹਾਂ ਹੀ ਰਹਿਣਾ ਚਾਹੀਦਾ ਹੈ। ਇਹ ਉਸਦੀ ਬੰਦਗੀ ਦੀ ਪਹਿਲੀ ਨਿਸ਼ਾਨੀ ਹੈ। ਇਸ ਤੋਂ ਇਲਾਵਾ ਸਾਨੂੰ ਆਪਣੀ ਸੁਰਤ ਨੂੰ ਸ਼ਬਦ ਨਾਲ ਜੋੜਕੇ ਰੱਖਣਾ ਚਾਹੀਦਾ ਹੈ। ਹੁਣ ਸੁਆਲ ਪੈਦਾ ਹੁੰਦਾ ਹੈ ਕਿ ਜਿਹੜੇ ਗੁਰੂ ਸਾਰੀ ਉਮਰ ਸਿੱਖਾਂ ਨੂੰ ਕੇਸਾਧਾਰੀ ਰਹਿਣ ਦਾ ਉਪਦੇਸ਼ ਕਰਦੇ ਰਹੇ, ਕੀ ਉਹ ਕੱਟੇ ਹੋਏ ਕੇਸਾਂ ਵਾਲੇ ਭਗਤਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਦੇ ਸਕਦੇ ਸਨ? ਨਾਲੇ ਇਕ ਅਕਾਲ ਪੁਰਖ ਦੀ ਬੰਦਗੀ ਕਰਨ ਦਾ ਉਪਦੇਸ਼ ਦੇਣ ਵਾਲੇ ਭਗਤ ਕੇਸਾਂ ਨੂੰ ਕੱਟ ਕੇ ਰੱਬ ਨੂੰ ਚੈਲੇਂਜ ਕਿਉਂ ਕਰਨਗੇ ?

ਇਹ ਸੁਆਲ ਤਾਂ ਹੀ ਪੈਦਾ ਹੁੰਦੇ ਹਨ ਕਿਉਂਕਿ ਇਨ੍ਹਾਂ ਸਤਿਕਾਰਯੋਗ ਭਗਤਾਂ ਦੀਆਂ ਕੱਟੇ ਹੋਏ ਕੇਸਾਂ ਵਾਲੀਆਂ ਤਸਵੀਰਾਂ ਗੁਰਦੁਆਰਿਆਂ ਵਿਚ ਬਿਨਾਂ ਸੋਚੇ-ਸਮਝੇ ਜਾਂ ਕਿਸੇ ਸਾਜ਼ਿਸ਼ ਅਧੀਨ ਲੱਗ ਰਹੀਆਂ ਹਨ। ਜੇਕਰ 40-50 ਸਾਲ ਪਹਿਲਾਂ ਦੀਆਂ ਇਨ੍ਹਾਂ ਭਗਤਾਂ ਦੀਆਂ ਤਸਵੀਰਾਂ ਵੱਲ ਨਜ਼ਰ ਮਾਰੀਏ ਤਾਂ ਇਨ੍ਹਾਂ ਵਿਚ ਸਾਰੇ ਭਗਤ ਕੇਸਾਧਾਰੀ ਮਿਲਣਗੇ। ਹੋਰ ਤਾਂ ਹੋਰ ਹਿੰਦੂ ਮੱਤ ਨਾਲ ਸਬੰਧਤ ਸਾਰੇ ਰਿਸ਼ੀ, ਮੁਨੀ, ਸੰਤ ਆਦਿ ਵੀ ਕੇਸਾਧਾਰੀ ਸਰੂਪ ਵਿਚ ਹੀ ਮਿਲਣਗੇ। ਰਾਮਚੰਦਰ ਅਤੇ ਕ੍ਰਿਸ਼ਨ ਭਗਵਾਨ ਵੀ ਕੇਸਾਧਾਰੀ ਹੀ ਸਨ। ਅੱਜ ਵੀ ਰਾਮਲੀਲਾ ਮੌਕੇ ਨਕਲੀ ਕੇਸ ਲਾ ਕੇ ਭਗਵਾਨ ਰਾਮ ਦਾ ਸਰੂਪ ਲੋਕਾਂ ਸਾਹਮਣੇ ਪੇਸ਼ ਕੀਤਾ ਜਾਂਦਾ ਹੈ। ਪੁਰਾਤਨ ਸਮੇਂ ਤੋਂ ਸਾਰੇ ਧਾਰਮਕ ਲੋਕਾਂ ਵਿਚ ਕੇਸਾਂ ਦਾ ਸਤਿਕਾਰ ਕਰਨ ਦੀ ਰੀਤ ਚੱਲੀ ਆ ਰਹੀ ਹੈ। ਇਹ ਤਾਂ ਸਮੇਂ ਦੇ ਨਾਲ ਕੇਸਾਂ ਨੂੰ ਕੱਟਣ ਦੀ ਭੈੜੀ ਵਾਦੀ ਲੋਕਾਂ ਵਿਚ ਚੱਲ ਪਈ, ਜਿਸ ਕਰਕੇ ਗੁਰੂ ਸਾਹਿਬਾਨ ਨੂੰ ਆਪਣੇ ਸਿੱਖਾਂ ਨੂੰ ਕੇਸ ਨਾ ਕੱਟਣ ਦਾ ਹੁਕਮ ਦੇਣਾ ਪਿਆ। ਕੇਸ ਨਾ ਕੱਟਣੇ ਹੀ ਅਕਾਲ ਪੁਰਖ ਦੀ ਬੰਦਗੀ ਦੀ ਪਹਿਲੀ ਨਿਸ਼ਾਨੀ ਹੈ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਗੁਰੂ ਅਰਜਨ ਸਾਹਿਬ ਨੇ ਖੁਦ ਆਪਣੀ ਦੇਖ-ਰੇਖ ਹੇਠ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਤਿਆਰ ਕਰਵਾਈ। ਗੁਰੂ ਅਰਜਨ ਸਾਹਿਬ ਨੇ ਉਨ੍ਹਾਂ ਭਗਤਾਂ ਦੀ ਬਾਣੀ ਨੂੰ ਹੀ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਦਿੱਤੀ, ਜਿਨ੍ਹਾਂ ਦੀ ਵਿਚਾਰਧਾਰਾ ਗੁਰਮਤਿ ਨਾਲ ਪੂਰੀ ਤਰ੍ਹਾਂ ਮੇਲ ਖਾਂਦੀ ਸੀ। ਛੱਜੂ, ਪੀਲੂ ਤੇ ਕਾਹਨੇ ਵਰਗਿਆਂ ਦੀਆਂ ਸਿਫਾਰਸ਼ੀ ਰਚਨਾਵਾਂ ਨੂੰ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਤੋਂ ਸਾਫ ਮਨ੍ਹਾ ਕਰ ਦਿਤਾ ਸੀ ਕਿਉਂਕਿ ਉਨ੍ਹਾਂ ਦੀਆਂ ਰਚਨਾਵਾਂ ਤੇ ਕਿਰਦਾਰ ਵਿਚ ਅਕਾਲ ਪੁਰਖ ਦੀ ਬੰਦਗੀ ਦਾ ਝਲਕਾਰਾ ਨਹੀਂ ਸੀ। ਇਸ ਤੋਂ ਇਹ ਤਾਂ ਸਪੱਸ਼ਟ ਹੋ ਹੀ ਜਾਂਦਾ ਹੈ ਕਿ ਗੁਰੂ ਅਰਜਨ ਸਾਹਿਬ ਨੇ ਕੇਵਲ ਉਨ੍ਹਾਂ ਭਗਤਾਂ ਨੂੰ ਹੀ ਪ੍ਰਵਾਨ ਕੀਤਾ, ਜੋ ਗੁਰੂ ਆਸ਼ੇ ਅਨੁਸਾਰ ਆਪਣਾ ਜੀਵਨ ਬਤੀਤ ਕਰ ਰਹੇ ਸਨ। ਇਸ ਮਗਰੋਂ ਕਿਸੇ ਕਿਸਮ ਦਾ ਕੋਈ ਸ਼ੰਕਾ ਰਹਿ ਹੀ ਨਹੀਂ ਜਾਂਦਾ ਕਿ ਭਗਤ ਸਾਹਿਬਾਨ ਕੇਸਾਧਾਰੀ ਸਨ ਜਾਂ ਨਹੀਂ? ਜੇ ਭਗਤ ਕੇਸਾਧਾਰੀ ਨਾ ਹੁੰਦੇ ਤਾਂ ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਨਾ ਬਣਦੀ! ਇਹ ਭਗਤਾਂ ਨੂੰ ਸਿੱਖੀ ਲਹਿਰ ਤੋਂ ਵੱਖ ਕਰਨ ਦੀ ਇਕ ਗੰਭੀਰ ਸਾਜ਼ਿਸ਼ ਵੀ ਹੋ ਸਕਦੀ ਹੈ, ਜੋ ਕਿ ਉਨ੍ਹਾਂ ਦੀਆਂ ਤਸਵੀਰਾਂ ਕੇਸਾਂ ਤੋਂ ਰਹਿਤ ਬਣਾਈਆਂ ਜਾ ਰਹੀਆਂ ਹਨ।

ਅਜੋਕੇ ਸਮੇਂ ਸਿੱਖਾਂ ਨੂੰ ਜਾਗਣ ਦੀ ਲੋੜ ਹੈ। ਅੱਜ ਤਰ੍ਹਾਂ-ਤਰ੍ਹਾਂ ਦੀਆਂ ਸਾਜ਼ਿਸ਼ਾਂ ਰਚਕੇ ਸਿੱਖੀ ਲਹਿਰ ਨੂੰ ਨੁਕਸਾਨ ਪੁਚਾਉਣ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ। ਕਿਧਰੇ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਕਰਵਾਈਆਂ ਜਾ ਰਹੀਆਂ ਹਨ ਤੇ ਕਿਧਰੇ ਭਗਤ ਸਾਹਿਬਾਨ ਦੀਆਂ ਤਸਵੀਰਾਂ ਨਾਲ ਛੇੜਛਾੜ ਕਰਕੇ ਉਨ੍ਹਾਂ ਦਾ ਸਰੂਪ ਵਿਗਾੜਿਆ ਜਾ ਰਿਹਾ ਹੈ। ਭਗਤ ਸਾਹਿਬਾਨ ਤੇ ਭੱਟਾਂ ਦੀ ਬਾਣੀ ਤੇ ਕਿੰਤੂ ਕਰਨ ਵਾਲੇ ਕਈ ਪੰਥਕ ਕਹਾਉਂਦੇ ਲੋਕ ਵੀ ਇਨ੍ਹਾਂ ਸਾਜ਼ਿਸ਼ਾਂ ਦਾ ਹਿੱਸਾ ਬਣ ਰਹੇ ਹਨ। ਗੁਰੂ ਗ੍ਰੰਥ ਸਾਹਿਬ ਕੇਵਲ ਅਧਿਆਤਮਕ ਗ੍ਰੰਥ ਹੀ ਨਹੀਂ, ਬਲਕਿ ਇਸ ਵਿਚ ਸਮਾਜ ਨੂੰ ਸੇਧ ਦੇਣ ਲਈ ਵੀ ਰਾਹ ਦਰਸਾਇਆ ਗਿਆ ਹੈ। ਇਸ ਲਈ ਇਹ ਗੱਲ ਪੱਲੇ ਬੰਨ੍ਹ ਲੈਣ ਦੀ ਲੋੜ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸਟੇਜ ਤੇ ਬੈਠੇ ਸਾਰੇ ਹੀ ਗੁਰੂ ਸਾਹਿਬਾਨ, ਭਗਤ ਸਾਹਿਬਾਨ ਤੇ ਭੱਟ ਇਕੋ ਸੋਚ ਤੇ ਇਕੋ ਸਰੂਪ ਦੇ ਧਾਰਨੀ ਸਨ। ਇਨ੍ਹਾਂ ਵਿਚ ਵਖਰੇਵਾਂ ਪੈਦਾ ਕਰਨ ਵਾਲੇ ਸਿੱਖੀ ਲਹਿਰ ਦੇ ਦੋਖੀ ਹਨ।

-0-

**ਕਾਵਿ ਕਿਆਰੀ**

# ਸ਼ਹੀਦੀ ਛੋਟੇ ਸਾਹਿਬਜ਼ਾਦੇ

-ਚਰਨ ਸਿੰਘ ਸਫਰੀ

ਪੰਜਾਬ ਹੈ ਪ੍ਰਦੇਸ਼ ਇਕ ਸਰਹੰਦ ਵਰਗਾ ਸ਼ਹਿਰ ਏ।
ਹੈ ਹਕੂਮਤ ਕੁਫ਼ਰ ਦੀ ਬੱਸ ਜ਼ੁਲਮ ਏ ਤੇ ਕਹਿਰ ਏ।
ਬਾਜ਼ਾਰ ਸਭ ਬੰਦ ਨੇ ਹੱਟਾਂ ਨੂੰ ਲੱਗੇ ਜੰਦਰੇ।
ਕੁਈ ਜਾਪਦੇ ਨੇ ਸ਼ਹਿਰ 'ਤੇ ਆ ਗਏ ਦਿਹਾੜੇ ਚੰਦਰੇ।
ਅੱਜ ਤਾਂ ਉਚੇਚੇ ਸੰਤਰੀ ਬੈਠੇ ਨੇ ਵਿਚ ਹਰ ਚੌਕ ਦੇ।
ਹਾਕਮ ਪਏ ਕੀ ਚੌਂਕਦੇ ਕੁੱਤੇ ਪਏ ਨੇ ਭੌਂਕਦੇ।
ਆਹ ਲਉ ਜੀ ਦਸ ਵੱਜ ਗਏ ਸ਼ਾਹੀ ਕਚਹਿਰੀ ਖੁੱਲ੍ਹ ਗਈ।
ਹੈ ਪੇਸ਼ ਕਿਹੜਾ ਹੋ ਰਿਹਾ ਇਹ ਕੀ ਹਨੇਰੀ ਝੁੱਲ ਗਈ।
ਨਿਰਦਈ ਸੂਬੇ ਸਾਹਮਣੇ ਦੋ ਲਾਲ ਕਿਸ ਦੇ ਖੜ੍ਹੇ ਨੇ।
ਉਮਰਾਂ ਤੇ ਕੁਝ ਨੀਂ ਲਗਦੀਆਂ ਕਿਹੜੇ ਕਸੂਰੋਂ ਫੜੇ ਨੇ।
ਸਾਹਵੇਂ ਖਲੋਤੇ ਬਾਲ ਨੂੰ ਸੂਬਾ ਕਿਵੇਂ ਹੈ ਤਾੜਦਾ।
ਡੇਲੇ ਪਿਆ ਏ ਟੱਡਦਾ ਕੇਡਾ ਏ ਮੂੰਹ ਬਘਿਆੜ ਦਾ।
ਕਹਿੰਦਾ ਏ ਪਾਪੀ ਸੁਣ ਖਾਂ ਮੁੰਡਿਆ ਉਏ ਅੜੀ ਖੋਰਿਆ।
ਕਰੜੀ ਸਿਖਾ ਕੇ ਸਿੱਖਿਆ ਕਿਸ ਨੇ ਹੈ ਤੈਨੂੰ ਤੋਰਿਆ।
ਮੰਨ ਈਨ ਸਾਡੀ ਬੀਬਿਆ ਏਥੇ ਅੜੀ ਨਹੀਂ ਪੁੱਗਣੀ।
ਏਦੂੰ ਵੀ ਨਹੀਂ ਤਾਂ ਕੱਲ੍ਹ ਨੂੰ ਸਖ਼ਤੀ ਕਰਾਂਗਾ ਦੂੱਗਣੀ।
ਸੁਣਕੇ ਤੇ ਕੈਦੀ ਬਾਲ ਇਕ ਸੂਬੇ ਨੂੰ ਪਿਆ ਗੁਟਕ ਕੇ।
ਬਰਮੀ ਦੇ ਵਿਚੋਂ ਉਟਕਣਾ ਜਿਉਂ ਸੱਪ ਪੈਂਦਾ ਉਟਕ ਕੇ।
ਤੇ ਕਹਿਣ ਲੱਗਾ ਸੁਣ ਖਾਂ ਓ ਸੰਗ-ਦਿਲ ਜਰਵਾਣਿਆਂ।
ਓ ਦੂਤੀਆ ਓ ਪਾਜੀਆ ਬੇ-ਰਹਿਮ ਦੁੰਬੇ ਖਾਣਿਆਂ।
ਤੂੰ ਕੌਣ ਹੈਂ ਬੇਸ਼ਕ ਸਾਨੂੰ ਮੌਤ ਦੇ ਕਰ ਪੇਸ਼ ਦੇ।
ਈਨਾਂ ਕਦੇ ਨਹੀਂ ਮੰਨਦੇ ਇਹ ਲਾਡਲੇ ਦਸਮੇਸ਼ ਦੇ।
ਉੱਤਰ ਫ਼ਤਿਹ ਸਿੰਘ ਦਾ ਸੁਣ ਕੇ ਤੇ ਹਾਕਮ ਬੋਲਿਆ।
ਕਿਉਂ ਮੌਤ ਨੂੰ ਸਿਸਕਾਰਦਾ ਹੈਂ ਤੂੰ ਨਾਦਾਨਾਂ ਭੋਲਿਆ।
ਸੱਤ ਵਰ੍ਹੇ ਸਾਰੀ ਉਮਰ ਏ ਅਜੇ ਅੱਧ-ਖਿੜਿਆ ਫੁੱਲ ਏਂ।
ਜੋਧੇ ਮਨਾ ਲਏ ਮੌਤ ਨੇ ਕਾਕਾ ਤੂੰ ਕਿਹਦੇ ਤੁੱਲ ਏਂ।
ਅੱਛਾ ਤੂੰ ਠਹਿਰ ਆਖ ਕੇ ਵੱਲ ਜ਼ੋਰਾਵਰ ਦੇ ਹੋ ਪਿਆ।
ਏਨਾ ਕੁ ਗੁੱਸਾ ਭੜਕਿਆ ਅੱਖਾਂ 'ਚੋਂ ਲਹੂ ਚੋ ਪਿਆ।
ਤੇ ਕਹਿਣ ਲੱਗਾ ਆਖ਼ਰੀ ਜੋ ਬੋਲਣਾ ਹੈ ਬੋਲ ਦੇ।
ਜੋੜੀ ਨਹੀਂ ਭਲਕੇ ਲੱਭਣੀ ਮਾਪੇ ਫਿਰਨਗੇ ਟੋਲਦੇ।
ਤਾਂ ਸਾਹਿਬਜ਼ਾਦੇ ਆਖਿਆ ਸ਼ਾਹੀ ਦਾ ਕਰ ਤੂੰ ਮਾਣ ਨਾ।
ਸਿਰ-ਲੱਥ ਜੋਧੇ ਹਾਂ ਅਸੀਂ ਸਾਨੂੰ ਡਰਾਕਲ ਜਾਣ ਨਾ।
ਅਸੀਂ ਅਣਸ ਹਾਂ ਉਸ ਪਿਤਾ ਦੀ ਹੋਣੀ ਤੋਂ ਜੋ ਨਹੀਂ ਹਾਰਿਆ।
ਜਿਸ ਨੇ ਪਿਤਾ ਦੀ ਮੌਤ ਤੇ ਹਉਕਾ ਵੀ ਨਹੀਂ ਸੀ ਮਾਰਿਆ।
ਸਾਨੂੰ ਕੀ ਉਸਨੇ ਟੋਲਣਾ ਓ ਹਾਕਮਾ ਹਤਿਆਰਿਆ।
ਚਮਕੌਰ ਦੇ ਵਿਚ ਕੱਲ੍ਹ ਅਜੇ ਜੋੜਾ ਹੈ ਜਿਸਨੇ ਵਾਰਿਆ।
ਆਪਾ ਲੁਟਾ ਕੇ ਵੀ ਅਸੀਂ ਸਿੱਖੀ ਦੀ ਸ਼ਾਨ ਰੱਖਣੀ।
ਸਾਡੇ ਦਰੋਂ ਤਾਂ ਮੌਤ ਵੀ ਹੱਥੋਂ ਨਹੀਂ ਜਾਂਦੀ ਸੱਖਣੀ।
ਤੇ ਫੇਰ ਸੂਬਾ ਬੋਲਿਆ ਕਿਉਂ ਭੁੱਲ ਕਰਦੇ ਪਏ ਓ।
ਅਨਿਆਈ ਮੌਤ ਬੀਬਿਉ ਕਾਹਦੇ ਲਈ ਮਰਦੇ ਪਏ ਓ।
ਤੱਕ ਤਾਂ ਸਹੀ ਵੱਲ ਮਹਿਲ ਦੇ ਕੀ ਸਿਤਮ ਢਹਿੰਦੇ ਨੇ ਪਏ।
ਕੀ ਆਸ ਕਿੰਨੇ ਨਰਗਸੀ ਦੋ ਨੈਣ ਕਹਿੰਦੇ ਨੇ ਪਏ।
ਆਸਾਂ ਨਾ ਤੋੜੋ ਕਹੋ ਤਾਂ ਅੱਜ ਹੀ ਤੁਸਾਂ ਲੜ ਲਾ ਦਿਆਂ।
ਮਿਲਖਾ ਜਾਗੀਰਾਂ ਦੇ ਦਿਆਂ ਸੋਨੇ ਦੇ ਬੰਗਲੇ ਪਾ ਦਿਆਂ।
ਪਰ ਇਕ ਵਾਰੀ ਕਹਿ ਦਿਉ ਦਰਬਾਰ ਦੇ ਵਿਚ ਮੱਖਣਾ।
ਕਲਮਾਂ ਪੜ੍ਹਾਂਗੇ ਨਬੀ ਦਾ ਸਿੱਖੀ ਧਰਮ ਨਹੀਂ ਰੱਖਣਾ।
ਤਦ ਸਾਹਿਬਜ਼ਾਦੇ ਆਖਿਆ ਇਹ ਨਹੀਂ ਕਹਾਣੀ ਮੁੱਕਣੀ।
ਨਹੀਂ ਲਾਲਚਾਂ ਦੀ ਮੇਖ ਇਹ ਸਾਡੇ ਮਨਾਂ ਵਿਚ ਠੁੱਕਣੀ।
ਰੱਬ ਜਾਣੇ ਸਾਡੇ ਪਿਤਾ ਨੇ ਕਿੰਨੇ ਕੁ ਜ਼ਫ਼ਰ ਜਾਲ ਕੇ।
ਏਡਾ ਵਡੇਰਾ ਕੀਤਾ ਏ ਸਿੱਖੀ ਦਾ ਬੂਟਾ ਪਾਲ ਕੇ।
ਕੱਟੋਗੇ ਜਿਉਂ ਜਿਉਂ ਏਸ ਨੂੰ ਇਹ ਹੋਰ ਵਧਦਾ ਜਾਏਗਾ।
ਇੱਟਾਂ ਵੀ ਮਾਰੋਗੇ ਤੁਸੀਂ ਤਾਂ ਫੁੱਲ ਇਹ ਵਰਸਾਏਗਾ।
ਪੁੱਛੋਂ ਤਾਂ ਹਿੰਦੂ ਧਰਮ ਲਈ ਤੇਰੇ ਨਾ ਪਾਉਂਦੇ ਵੈਰ ਨਹੀਂ।
ਹਿੰਦੂ ਹੈ ਜੇਕਰ ਆਪਣਾ ਤਾਂ ਮੁਸਲਮਾਂ ਕੁਈ ਗ਼ੈਰ ਨਹੀਂ।
ਕਲਮੇਂ ਥੀਂ ਸਾਡੇ ਧਰਮ ਨੂੰ ਕੁਈ ਦਾਗ਼ ਜਾਂਦੇ ਲੱਗ ਨਹੀਂ।
ਜੋ ਬਾਂਗ ਸੁਣ ਕੇ ਟੁੱਟ ਜਾਏ ਸਿੱਖੀ ਹੈ ਕੱਚਾ ਤੰਗ ਨਹੀਂ।
ਸੱਭੇ ਖ਼ੁਦਾ ਦਾ ਨੂਰ ਹੈ ਪਰ ਖਾਰ ਹੈ ਇਸ ਗੱਲ ਦੀ।
ਹਰਦਮ ਗ਼ਰੀਬਾਂ ਦੇ ਗਲੇ ਤਲਵਾਰ ਜਿਹੜੀ ਚੱਲਦੀ।
ਸੂਬੇ ਸੁਣ ਤਕਰੀਰ ਜਾਂ ਸੋਚਾਂ ਦੇ ਵਹਿਣੀ ਖੁੱਭ ਗਿਆ।
ਖ਼ਬਰੇ ਕੀ ਕੰਡਾ ਓਸ ਦੇ ਪੱਥਰ ਦਿਲੇ ਵਿਚ ਚੁੱਭ ਗਿਆ।
ਪਰ ਖ਼ਿਆਲ ਉਸਦਾ ਬਦਲਿਆ ਇਕ ਸੁੱਚਾ ਨੰਦ ਵਜ਼ੀਰ ਨੇ।
ਆਪਣੀ ਜ਼ੁਬਾਨੋਂ ਆਖਿਆ ਆਕ੍ਰਿਤਘਣ ਬੇ-ਪੀਰ ਨੇ।
ਸ਼ਾਹਾ ਤੂੰ ਮੇਰੀ ਗੱਲ ਵੱਲ ਕੁਝ ਗੌਰ ਕਰਕੇ ਕੰਨ ਦੇ।
ਚੰਗੀ ਕਰਦੈਂ ਤਾਂ ਜੰਮਦੀਆਂ ਸੂਲਾਂ ਦੇ ਮੂੰਹ ਭੰਨ ਦੇ।
ਤਾਂ ਫੇਰ ਹਾਕਮ ਆਖਿਆ ਮੈਂ ਥੁੱਕ ਕੇ ਨਹੀਂ ਚੱਟਣਾ।
ਸਿੱਖੀ ਦਾ ਬੂਟਾ ਅੱਜ ਹੀ ਮੈਂ ਤਾਂ ਜੜ੍ਹਾਂ ਤੋਂ ਪੁੱਟਣਾ।
ਉੱਠੋ ਜੱਲਾਦੋ ਮੇਰਿਓ ਦੋਹਾਂ ਦੇ ਕੱਫ਼ਨ ਸਿਣ ਦਿਉ।
ਨੀਹਾਂ 'ਚ ਸਿੱਧੇ ਗੱਡ ਕੇ ਇੱਟਾਂ ਦੁਆਲੇ ਚਿਣ ਦਿਉ।
ਜੱਲਾਦ ਬੱਧਾ ਹੁਕਮ ਦਾ ਇੱਟਾਂ ਚਿਣਨ ਤਾਂ ਲੱਗ ਪਿਆ।
ਪਰ ਫ਼ਤਿਹ ਸਿੰਘ ਵੱਲ ਦੇਖ ਕੇ ਅੱਖਾਂ 'ਚੋਂ ਪਾਣੀ ਵਗ ਪਿਆ।
ਤੇ ਬੋਲਿਆ ਓ ਬੱਚਿਓ ਅਨਿਆਈ ਮੌਤੇ ਮਰ ਦਿਉ।
ਕੀ ਹੈ ਤੁਹਾਡਾ ਵਿਗੜਦਾ ਇਕ ਵਾਰ ਸਜਦਾ ਕਰ ਦਿਉ।
ਕੁਝ ਖ਼ੌਫ਼ ਖਾਵੋ ਮੌਤ ਤੋਂ ਗੱਲ ਮੰਨ ਲਓ ਸ਼ਰੀਕ ਦੀ।
ਬੈਠੀ ਕਲੇਜਾ ਪਕੜ ਕੇ ਹੋਵੇਗੀ ਮਾਂ ਉਡੀਕ ਦੀ।
ਤਾਂ ਸਾਹਿਬਜ਼ਾਦਾ ਬੋਲਿਆ ਸੁਣ ਓ ਜੱਲਾਦਾ ਭੋਲਿਆ।
ਤੂੰ ਕਾਰ ਆਪਣੀ ਕਰੀ ਜਾ ਦਿਲ ਕਾਸ ਨੂੰ ਹੈ ਡੋਲਿਆ।
ਸਾਡੇ ਤਾਂ ਘਰ ਵਿਚ ਖ਼ੁਸ਼ੀ ਏ ਤੇ ਸੋਗ ਦਾ ਕੋਈ ਨਾਂ ਨਹੀਂ।
ਬੈਠੇ ਕਲੇਜਾ ਥੰਮ੍ਹ ਕੇ ਸਾਡੀ ਇਹੋ ਜਿਹੀ ਮਾਂ ਨਹੀਂ।
ਉਸ ਨੇ ਤਾਂ ਸਾਨੂੰ ਆਪ ਹੀ ਗਾਨੇ ਸ਼ਹੀਦੀ ਬੰਨ੍ਹ ਕੇ।
ਹੈ ਮੌਤ ਘੋੜੀ ਚਾੜ੍ਹਿਆ ਸਤਿਗੁਰ ਦਾ ਭਾਣਾ ਮੰਨ ਕੇ।
ਜਦ ਏਸ ਮਾਂ ਦੇ ਲਾਡਲੇ ਸੌ ਸੌ ਤਸੀਹੇ ਸਹਿਣਗੇ।
ਚੂਨੇ ਤੇ ਇੱਟਾਂ ਦੀ ਜਗ੍ਹਾ ਨੀਹਾਂ 'ਚ ਆ ਕੇ ਪੈਣਗੇ।
ਜਦ ਸਿਰ ਕਟਾਵਣ ਲੱਗਿਆਂ ਮੂੰਹੋਂ ਨਾ "ਹਾਏ ਮਾਂ" ਕਹਿਣਗੇ।
ਲੋਕਾਂ ਦੇ ਪੁੱਤਰ ਤਾਂ ਕਿਤੇ ਮਾਵਾਂ ਦੀ ਗੋਦੀ ਬਹਿਣਗੇ।

ਏਨੇ ਨੂੰ ਖ਼ੂਨੀ ਕੰਧ ਵੀ ਆਹ ਛਾਤੀਆਂ ਤੱਕ ਆ ਗਈ।
ਸਿਰ 'ਤੇ ਮਾਸੂਮਾਂ ਦੇ ਹਾਏ। ਕਹਿਰਾਂ ਦੀ ਬਦਲੀ ਛਾ ਗਈ।
ਛੋਟੇ ਭਰਾ ਦੀਆਂ ਕੰਧ ਵਿਚ ਜਦ ਲੁਕਣ ਲੱਗੀਆਂ ਬੁੱਲ੍ਹੀਆਂ।
ਇਹ ਤੱਕ ਵੱਡੇ ਵੀਰ ਦੇ ਨੈਣਾਂ ਚੋਂ ਬੂੰਦਾਂ ਡੁੱਲ੍ਹੀਆਂ।
ਤੇ ਫ਼ਤਿਹ ਸਿੰਘ ਨੇ ਆਖਿਆ ਜੇ ਹੰਝੂਆਂ ਨੂੰ ਡੋਲਣਾ।
ਸੁਵਰਗਾਂ 'ਚ ਬੈਠੇ ਵੀਰ ਵੇ ਬਾਬੇ ਨੇ ਨਹੀਓਂ ਬੋਲਣਾ।
ਤੇ ਜ਼ੋਰਾਵਰ ਸਿੰਘ ਬੋਲਿਆ ਸੁਣ ਓ ਭਰਾਵਾ ਭੋਲਿਆ।
ਮੇਰਾ ਹੈ ਰੋਸਾ ਵੀਰ ਇਕ ਮੈਂ ਮੌਤ ਤੋਂ ਨਹੀਂ ਡੋਲਿਆ।
ਜੋੜਾ ਇਹ 'ਕੱਠਾ ਖੇਡਿਆ ਜੋੜਾ ਇਹ 'ਕੱਠਾ ਪੱਲਿਆ।
ਜੋੜੇ ਦਾ ਜੋੜਾ ਕਿਲ੍ਹੇ 'ਚੋਂ ਦਾਦੀ ਨੇ ਹੈ ਸੀ ਘੱਲਿਆ।
ਰੋਣਾ ਭਰਾਵਾ ਏਸ ਲਈ ਮੈਥੋਂ ਗਿਆ ਨਹੀਂ ਠੱਲ੍ਹਿਆ।
ਵੇਲੇ ਸ਼ਹੀਦੀ ਦੇ ਵੀ ਇਹ ਜੋੜਾ ਹੀ ਕਿਉਂ ਨਾ ਚੱਲਿਆ।
ਆਖ਼ੀਰ ਜ਼ੋਰਾਵਰ ਨੂੰ ਸੀ ਬਾਬੇ ਦਾ ਸੱਦਾ ਆ ਗਿਆ।
ਜੋੜੇ ਦਾ ਜੋੜਾ ਇਸ ਤਰ੍ਹਾਂ ਕਰਕੇ ਸ਼ਹੀਦੀ ਪਾ ਗਿਆ।
ਦੁੱਖ ਸਹਿ ਕੇ ਵਤਨ ਦੇ ਸਭ ਦੁਖੜੇ ਵੰਡਾ ਗਿਆ।
'ਸਫ਼ਰੀ' ਦੀ ਅਲ੍ਹੜ ਕਲਮ ਨੂੰ ਕੋਈ ਰੋਗ ਗੁੱਝੇ ਲਾ ਗਿਆ।
-0-

## ਕਲਯੁਗ ਦਾ ਪਹਿਰਾ

**ਰਣਜੀਤ ਸਿੰਘ ਗਰੇਵਾਲ (ਆਸੀ ਕਲਾਂ) 99155-55844**

ਦਿਲੀਂ ਕੁਤੱਤਣ ਮੂੰਹ 'ਤੇ ਹਾਸੇ, ਲੋਕ ਦੇਣ ਵਿਹੁ ਵਿੱਚ ਪਤਾਸੇ,
ਸ਼ਰਮ ਧਰਮ ਨੇ ਬਣੇ ਤਮਾਸ਼ੇ, ਕੂੜ ਪਸਰਿਆ ਚਾਰੇ ਪਾਸੇ।
ਨਫ਼ਰਤ ਲੋਭ ਦੇ ਰੋਗ ਦੀ ਰੋਗੀ ਬਣਗੀ ਹੈ ਇਹ ਜਗਤ ਲੋਕਾਈ।
ਕਲਯੁਗ ਦਾ ਪਹਿਰਾ ਹੈ ਭਾਈ, ਕਲਯੁਗ ਦਾ ਪਹਿਰਾ ਹੈ ਭਾਈ।
ਗਿਆਨੀ ਪੰਡਤ ਮੁਲਾਂ ਦਾਗੀ, ਕੋਈ ਪੋਸਤੀ ਕੋਈ ਸ਼ਰਾਬੀ।
ਚੋਰਾਂ ਨਾਲ ਦਰੋਗਾ ਭਾਗੀ, ਮਾਪਿਆਂ ਤੋਂ ਔਲਾਦ ਹੈ ਬਾਗੀ।
ਦੁਧ ਪਿਆ ਪੁੱਤ ਗੱਭਰੂ ਕੀਤੇ, ਪਾਣੀ ਨੂੰ ਉਹ ਤਰਸੇ ਮਾਈ।
ਕਲਯੁਗ ਦਾ ਪਹਿਰਾ ਹੈ ਭਾਈ, ਕਲਯੁਗ ਦਾ ਪਹਿਰਾ ਹੈ ਭਾਈ।
ਜਰੇ ਕੋਈ ਨਾ ਚੜ੍ਹਤ ਕਿਸੇ ਦੀ, ਸਹੇ ਕੋਈ ਨਾ ਮੜ੍ਹਕ ਕਿਸੇ ਦੀ,
ਨਾ ਕੋਈ ਜਾਣੇ ਤੜਪ ਕਿਸੇ ਦੀ, ਨਾ ਕੋਈ ਵੰਡੇ ਰੜਕ ਕਿਸੇ ਦੀ।
ਹੋਗੇ ਲੋਕ ਸਨੇਹ ਤੋਂ ਸੱਖਣੇ, ਲੱਭਦੇ ਰਹਿੰਦੇ ਮੁੱਲ ਲੜਾਈ।
ਕਲਯੁਗ ਦਾ ਪਹਿਰਾ ਹੈ ਭਾਈ, ਕਲਯੁਗ ਦਾ ਪਹਿਰਾ ਹੈ ਭਾਈ।
ਚਿੰਤਾ ਵਸ ਪਿਆ ਪੈਣਾ ਬਹਿਣਾ, ਮੌਤ ਬਲਾਉਂਣੀ ਗੱਟਾ-ਗਹਿਣਾ।
ਸੱਚ ਸਬੂਤ ਨੇ ਸਭ ਬੇ-ਮੈਨਾ, ਮੁੱਲ ਮਿਲੂਗਾ ਨਿਆਂ ਜੇ ਲੈਣਾ।
ਨੇਕ ਨੀਤ ਨੂੰ ਤੰਗੀਆਂ ਤੋਟਾਂ, ਲੁੱਟ ਦੀ ਪੂੰਜੀ ਵਧੇ ਸਵਾਈ।
ਕਲਯੁਗ ਦਾ ਪਹਿਰਾ ਹੈ ਭਾਈ, ਕਲਯੁਗ ਦਾ ਪਹਿਰਾ ਹੈ ਭਾਈ।
ਭਲਾ ਕੀਤਿਆਂ ਮਿਲੇ ਖੁਆਰੀ, ਮਤਲਬ ਦੀ ਹੈ ਰਿਸ਼ਤੇਦਾਰੀ।
ਤਨ ਧਨ ਦੇ ਨੇ ਸਾਧ ਸ਼ਿਕਾਰੀ, ਵਣਜਾਂ ਦੇ ਵਿੱਚ ਭਰੀ ਮਕਾਰੀ।
ਜਿਹਦਾ ਵੀ ਹੈ ਜਿਥੇ ਲੱਗਦਾ, ਹਰ ਕੋਈ ਜਾਂਦਾ ਦਾਅ ਲਗਾਈ।
ਕਲਯੁਗ ਦਾ ਪਹਿਰਾ ਹੈ ਭਾਈ, ਕਲਯੁਗ ਦਾ ਪਹਿਰਾ ਹੈ ਭਾਈ।
ਭੁੱਲੇ ਜੀਣਾ ਜ਼ਿੰਦਗੀ ਸਾਦੀ, ਲੋਕ ਨੰਗੇਜ਼ ਨੂੰ ਕਹਿਣ ਅਜ਼ਾਦੀ।
ਹੋ ਕੇ ਤੇ ਨਸ਼ਿਆਂ ਦੇ ਆਦੀ, ਖ਼ੁਦ ਦੀ ਖ਼ੁਦ ਕਰਦੇ ਬਰਬਾਦੀ।
ਡੰਗ-ਟਪਾਊ ਮਿਥਕੇ ਜੀਣਾ, ਦੋਜ਼ਖ਼ ਗੁਰਬਤ ਜਾਣ ਹੰਢਾਈ।
ਕਲਯੁਗ ਦਾ ਪਹਿਰਾ ਹੈ ਭਾਈ, ਕਲਯੁਗ ਦਾ ਪਹਿਰਾ ਹੈ ਭਾਈ।
ਜੋ ਰੱਖਦੇ ਅਕਲੀਂ ਕੁੱਝ ਸੋਝੀ, ਕਿਰਤ ਕੋਈ ਨਾ ਕਰਦੇ ਕੋਝੀ।
ਚੰਗੀ ਤੋਰਨ ਰੋਟੀ-ਰੋਜ਼ੀ, ਸ਼ੋਭਾ ਵੀ ਹਿੰਮਤਾਂ 'ਚੋਂ ਖੋਜੀ।
ਸਹਿਜੇ ਸੌਖ 'ਚ ਕਰਨ ਗੁਜ਼ਾਰੇ, ਕਰ ਵੀ ਜਾਂਦੇ ਲੋਕ ਭਲਾਈ।
ਕਲਯੁਗ ਦਾ ਪਹਿਰਾ ਹੈ ਭਾਈ, ਕਲਯੁਗ ਦਾ ਪਹਿਰਾ ਹੈ ਭਾਈ।
ਕਲਯੁਗ ਦੇ ਵੀ ਨੇ ਦੋ ਪਾਸੇ, ਗੁਰ ਨਾਨਕ ਦੇ ਏਥੇ ਵਾਸੇ।
'ਧੁਰ ਕੀ ਬਾਣੀ' ਅੰਮ੍ਰਿਤ ਵਰਸੇ, ਪੜ੍ਹ ਸੁਣ ਖਿੜਦੇ ਚਿੱਤ ਉਦਾਸੇ।
ਜੋ 'ਰਣਜੀਤ' ਖ਼ੁਦਾ ਨੂੰ ਧਿਆਉਂਦੇ, ਟੱਪਣ 'ਲੱਖ-ਚੁਰਾਸੀ' ਖਾਈ।
ਕਲਯੁਗ ਦਾ ਪਹਿਰਾ ਹੈ ਭਾਈ, ਕਲਯੁਗ ਦਾ ਪਹਿਰਾ ਹੈ ਭਾਈ। -0-

## ਸਹਿਜੇ ਸਹਿਜੇ

**ਡਾ: ਦਲਵਿੰਦਰ ਸਿੰਘ ਗ੍ਰੇਵਾਲ**

ਜੀਵਨ ਰੇਲ ਵਧਾਈ ਚੱਲੋ, ਸਹਿਜੇ ਸਹਿਜੇ।
ਰੱਬ ਦਾ ਸ਼ੁਕਰ ਮਨਾਈ ਚੱਲੋ, ਸਹਿਜੇ ਸਹਿਜੇ।
ਰੋੜ-ਰੋੜਕੇ, ਠਿੱਬਲ-ਠੋਲੇ, ਆਉਂਦੇ ਜਾਣੇ,
ਸੋਚ ਸਮਝ ਨਿਪਟਾਈ ਚੱਲੋ, ਸਹਿਜੇ ਸਹਿਜੇ।
ਝਗੜੇ ਝੇੜੇ, ਪੁੱਠੇ ਗੇੜੇ, ਤੋਂ ਬਚ ਬਚ ਕੇ,
ਮੰਜ਼ਿਲ ਸੇਧ ਬਣਾਈ ਚੱਲੋ, ਸਹਿਜੇ ਸਹਿਜੇ।
ਕਾਹਲੀ ਅੱਗੇ ਟੋਏ, ਏਹੋ ਕਹਿਣ ਸਿਆਣੇ,
ਤੱਤਾ ਮਨ ਸਮਝਾਈ ਚੱਲੋ, ਸਹਿਜੇ ਸਹਿਜੇ।
ਵੈਰ ਭਾਵ ਤੋਂ ਪਿਆਰ ਹੈ ਚੰਗਾ ਵਰਤ ਕੇ ਦੇਖੋ,
ਰਿਸ਼ਤੇ ਸਿਰੇ ਚੜ੍ਹਾਈ ਚੱਲੋ, ਸਹਿਜੇ ਸਹਿਜੇ।
ਅਪਣੀ ਵੀ ਤੇ ਹੋਰਾਂ ਦੀ ਵੀ ਧਿਆਨ ਚ ਰੱਖੋ,
ਰੱਬ ਤੇ ਧਿਆਨ ਟਿਕਾਈ ਚੱਲੋ ਸਹਿਜੇ ਸਹਿਜੇ।
ਸੁੱਚੀ ਕਿਰਤ ਕਮਾਓ ਸੱਚਾ ਫਲ ਪਾਓਗੇ,
ਉਸ ਦਾ ਹੁਕਮ ਪੁਗਾਈ ਚੱਲੋ, ਸਹਿਜੇ ਸਹਿਜੇ।
ਗ੍ਰੇਵਾਲ ਜੱਗ ਪ੍ਰੇਮ ਦਾ ਭੁੱਖਾ, ਮਿੱਠਾ ਬੋਲੋ
ਸਭ ਨੂੰ ਗਲ ਨਾਲ ਲਾਈ ਚੱਲੋ, ਸਹਿਜੇ ਸਹਿਜੇ।
-0-

## ਡਿਗਰੀ

**ਗੀਤਕਾਰ ਸੁੱਖਾ ਸਭਰਾ**
**8699102776**

ਪੜ੍ਹ ਕੇ ਮੈਂ ਵੇਖਿਆ ਭਾਈ ਮਰਦਾਨੇ ਤੇ ਭਾਈ ਮੰਝ ਨੂੰ,
ਆਖਿਆ ਨਹੀ ਸੰਤ ਕਿਸੇ ਭਾਈ ਬਿਧੀ ਚੰਦ ਨੂੰ
ਸੱਪ ਵਾਂਗੂੰ ਡੱਸਦੀ ਕਹੀ ਗੱਲ ਧੂੰਦੇ ਤੇ ਪ੍ਰੀਤਪੰਥ ਦੀ
ਦੱਸ ਸਾਧਾਂ ਤੈਨੂੰ ਕਿਨ੍ਹੇ ਦਿੱਤੀ ਡਿਗਰੀ ਇਹ ਸੰਤ ਦੀ
ਰਹਿ ਜਾਵੇਗਾ ਤੂੰ ਚੰਗਾ ਨਾਂ ਦੇ ਵਿਚੋਂ ਸੰਤ ਕੱਟ ਦੇ
ਅਸੀਂ ਸਾਰੇ ਭੈਣ ਭਾਈ ਸਾਰੀ ਦੁਨੀਆਂ ਨੂੰ ਦੱਸ ਦੇ
ਗੱਲ ਸੱਚੀ ਸਮਝਾਈ ਸਭ ਨੂੰ ਗੁਰੂ ਗ੍ਰੰਥ ਦੀ
ਦੱਸ ਸਾਧਾਂ ਤੈਨੂੰ ਕਿਨ੍ਹੇ ਦਿੱਤੀ ਡਿਗਰੀ ਇਹ ਸੰਤ ਦੀ
ਡੇਰੇ ਆਪਣੇ 'ਚ ਭੰਗ ਤੂੰ ਪਿਆਉਣੀ ਛੱਡ ਦੇ
ਨਾਲੇ ਵਿੱਚ ਪੈਰਾਂ ਦੇ ਸੰਗਤ ਬਿਠਾਉਣੀ ਛੱਡ ਦੇ
ਇਕੋ ਇੱਕ ਦਸਾਂ ਤੈਨੂੰ ਗੱਲ ਮੱਤ ਦੀ
ਦੱਸ ਸਾਧਾਂ ਤੈਨੂੰ ਕਿਨ੍ਹੇ ਦਿੱਤੀ ਡਿਗਰੀ ਇਹ ਸੰਤ ਦੀ
ਕੀਤੇ ਪੈ ਕੇ ਮਰੂ ਸੁੱਖਾ ਸਭਰਾਅ ਪਿੰਡ ਦਾ
ਬ੍ਰਹਮਗਿਆਨੀਆਂ ਨੂੰ ਰਹਿੰਦਾ ਐਵੇਂ ਨਿੰਦਦਾ
ਤੁੱਕ ਇੱਕ ਵੀ ਨਹੀਂ ਆਉਂਦੀ ਗੁਰੂ ਗ੍ਰੰਥ ਦੀ
ਦੱਸ ਸਾਧਾਂ ਤੈਨੂੰ ਕਿਨ੍ਹੇ ਦਿੱਤੀ ਡਿਗਰੀ ਇਹ ਸੰਤ ਦੀ
ਮਰਨ ਤੋਂ ਪਹਿਲਾਂ ਸਾਰਿਆਂ ਨੂੰ ਦੱਸੀ ਖੁੱਲ ਕੇ
ਮੇਰੀ ਬਰਸੀ ਨਾ ਮਨਾਇਓ ਤੁਸੀ ਕਦੇ ਭੁੱਲ ਕੇ
ਆਉਣੀ ਸਭਨਾਂ ਤੇ ਹੁੰਦੀ ਘੜੀ ਅੰਤ ਦੀ
ਦੱਸ ਸਾਧਾਂ ਤੈਨੂੰ ਕਿਨ੍ਹੇ ਦਿੱਤੀ ਡਿਗਰੀ ਇਹ ਸੰਤ ਦੀ -0-

# ਸੱਤਾ, ਗਿਆਨ ਤੇ ਧਾਰਮਿਕ ਪਾਖੰਡਾਂ 'ਤੇ ਚੋਟ

-ਡਾ. ਹਰਸ਼ਿੰਦਰ ਕੌਰ
ਐਮ.ਡੀ.
0175-2216783



ਗੁਰੂ ਨਾਨਕ ਸਾਹਿਬ ਨੇ ਫੁਰਮਾਇਆ ਸੀ:-

**ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ।**
**ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ।**
**ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ॥** (56)

ਪੰਡਤ ਲੋਕ ਧਾਰਮਿਕ ਪੁਸਤਕਾਂ ਪੜ੍ਹਦੇ ਹਨ ਪਰ ਅੰਦਰੋਂ ਗੁਣ-ਹੀਨ ਹੋਣ ਕਰਕੇ ਉਨ੍ਹਾਂ ਪੁਸਤਕਾਂ ਵਿਚਲੇ ਵਿਚਾਰ ਨਹੀਂ ਸਮਝਦੇ। ਹੋਰਨਾਂ ਨੂੰ ਹੀ ਮੱਤਾਂ ਦੇ ਕੇ ਦੁਨੀਆ ਤੋਂ ਚਲੇ ਜਾਂਦੇ ਹਨ। ਉਨ੍ਹਾਂ ਦਾ ਇਹ ਸਾਰਾ ਉੱਦਮ ਮਾਇਆ ਕਮਾਉਣ ਲਈ ਸਿਰਫ਼ ਇਕ ਵਪਾਰ ਹੀ ਬਣਿਆ ਰਹਿ ਜਾਂਦਾ ਹੈ।

**ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ।**
**ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ।**
**ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ॥** (56)

ਅਨੇਕਾਂ ਹੀ ਪੰਡਤ ਤੇ ਜੋਤਸ਼ੀ ਵੇਦ ਤੇ ਮੰਤ੍ਰਾਂ ਨੂੰ ਉਚਾਰਦੇ ਹਨ, ਆਪੋ ਵਿਚ ਮਤ-ਭੇਦ ਹੋਣ ਕਾਰਨ ਚਰਚਾ ਕਰਦੇ ਹਨ ਤੇ ਵਿਦਵਤਾ ਕਾਰਨ ਵਾਹ-ਵਾਹ ਅਖਵਾਉਂਦੇ ਹਨ, ਪਰ ਨਿਰੇ ਇਸ ਮਤਭੇਦ ਵਿਚ ਰਹਿ ਕੇ ਹੀ ਉਨ੍ਹਾਂ ਦਾ ਜਨਮ ਮਰਨ ਬਣਿਆ ਰਹਿੰਦਾ ਹੈ। ਕੋਈ ਵੀ ਮਨੁੱਖ ਨਿਰਾ ਵਖਿਆਨ ਕਰ ਕੇ ਜਾਂ ਸੁਣ ਕੇ ਖਲਾਸੀ ਹਾਸਲ ਨਹੀਂ ਕਰ ਸਕਦਾ। ਹਉਮੈ ਜਾਂ ਅਹੰਕਾਰ ਛੱਡ ਕੇ ਗੁਰੂ ਦੀ ਸਰਨ ਪੈ ਕੇ ਗੁਰੂ ਦੀ ਬਖ਼ਸ਼ਿਸ ਹਾਸਲ ਕੀਤੀ ਜਾ ਸਕਦੀ ਹੈ।

ਉਨ੍ਹਾਂ ਸਮਿਆਂ ਵਿਚ ਧਾਰਮਿਕ ਪਾਖੰਡਾਂ ਦਾ ਅਜਿਹਾ ਕ੍ਰਾਂਤੀਕਾਰੀ ਢੰਗ ਨਾਲ ਕੀਤਾ ਵਿਰੋਧ ਕਿਤੇ ਹੋਰ ਨਜ਼ਰੀਂ ਨਹੀਂ ਆਉਂਦਾ।

ਦੁਨੀਆਂ ਦੇ ਹਰ ਹਿੱਸੇ ਵਿਚ ਕੋਈ ਨਾ ਕੋਈ ਹੋਰਨਾਂ ਨੂੰ ਕੀਲਣ ਵਿਚ ਮਾਹਿਰ ਮੰਨ ਲਿਆ ਗਿਆ ਹੈ। ਧਰਮ ਨੂੰ ਤਾਂ ਵੈਸੇ ਵੀ ਅਫ਼ੀਮ ਵਾਂਗ ਕਈ ਸਦੀਆਂ ਤੋਂ ਵਰਤ ਕੇ ਆਪਣਾ ਉੱਲੂ ਸਿੱਧਾ ਕੀਤਾ ਜਾਂਦਾ ਰਿਹਾ ਹੈ।

ਗੁਰੂ ਨਾਨਕ ਸਾਹਿਬ ਜੀ ਨੇ ਸੈਂਕੜੇ ਸਾਲਾਂ ਤੋਂ ਲੋਕਾਂ ਵਿਚ ਪੱਕਾ ਕੀਤਾ ਗਿਆ ਇੱਕ ਵਿਸ਼ਵਾਸ ਤੋੜਿਆ। ਉਹ ਵਿਸ਼ਵਾਸ ਸੀ ਕਿ ਰਾਜੇ ਨੂੰ ਰਬ ਜਾਂ ਦੇਵਤਿਆਂ ਵੱਲੋਂ ਲੋਕਾਂ 'ਤੇ ਰਾਜ ਕਰਨ ਦਾ ਅਧਿਕਾਰ ਹੁੰਦਾ ਹੈ। ਦੁਖ ਹੋਵੇ ਤੇ ਭਾਵੇਂ ਸੁਖ, ਅਮੀਰੀ ਹੋਵੇ ਜਾਂ ਗ਼ਰੀਬੀ, ਖ਼ੁਸ਼ੀ-ਗ਼ਮੀ, ਬਿਮਾਰੀ-ਤੰਦਰੁਸਤੀ, ਤਰੱਕੀ-ਬਰਬਾਦੀ, ਸੋਕਾ-ਹੜ੍ਹ, ਜਨਮ-ਮੌਤ ਆਦਿ ਸਭ ਕੁੱਝ ਸਿਰਫ਼ ਦੇਵੀ ਦੇਵਤਿਆਂ ਦੇ ਵਸ ਹੁੰਦੇ ਹਨ ਤੇ ਲੋਕਾਂ ਨੂੰ ਆਪਣਾ ਨਸੀਬ ਮੰਨ ਕੇ ਸਿਰ ਝੁਕਾ ਕੇ ਸਹਿਣ ਕਰਨਾ ਚਾਹੀਦਾ ਹੈ।

ਇਸ ਵਿਸ਼ਵਾਸ ਨੂੰ ਪੱਕਾ ਕਰਦੇ ਰਹਿਣ ਵਿਚ ਰਾਜ ਕਰਨ ਵਾਲਿਆਂ ਤੇ ਧਰਮ ਦੇ ਮੋਢੀਆਂ ਦੀ ਆਪਸੀ ਮਿਲੀਭੁਗਤ ਹੁੰਦੀ ਸੀ। ਦੋਵੇਂ ਇਕ ਦੂਜੇ ਦੀ ਚੌਧਰ ਬਣਾਈ ਰੱਖਣ ਲਈ ਤੇ ਲੋਕਾਂ ਨੂੰ ਇਕਜੁੱਟ ਹੋਣ ਤੋਂ ਰੋਕਣ ਲਈ ਜਾਤ-ਪਾਤ ਦਾ ਰੇੜਕਾ ਵੀ ਪਾਈ ਰੱਖਦੇ ਸਨ।

ਰਾਜੇ ਮਹਾਰਾਜੇ ਆਮ ਲੋਕਾਂ ਨੂੰ ਨਪੀੜ ਕੇ ਆਪਣੇ ਐਸ਼ੋ ਆਰਾਮ ਲਈ ਢੰਗ ਕੱਢਦੇ ਰਹਿੰਦੇ ਤੇ ਧਾਰਮਿਕ ਮੋਢੀ ਉਸੇ ਜ਼ੁਲਮ ਨੂੰ ਸਹਿਣ ਕਰਨ ਲਈ ਪਕਿਆਈ ਕਰਦੇ ਕਿ ਇਹੀ ਉਨ੍ਹਾਂ ਦਾ ਨਸੀਬ ਹੈ।

ਇਸ ਵਿਸ਼ਵਾਸ ਨੂੰ ਤੋੜਨ ਲਈ ਗੁਰੂ ਸਾਹਿਬ ਨੇ ਤਰਕ ਦਾ ਹਵਾਲਾ ਦੇ ਕੇ ਸਮਝਾਇਆ ਕਿ ਹੋਰਨਾਂ ਨੂੰ ਮੱਤਾਂ ਦੇਣ ਵਾਲੇ ਦਰਅਸਲ ਧਰਮ ਦੀ ਓਟ ਵਿਚ ਵੀ ਵਪਾਰ ਹੀ ਕਰ ਰਹੇ ਹੁੰਦੇ ਹਨ ਕਿਉਂਕਿ ਉਨ੍ਹਾਂ ਦਾ ਹੰਕਾਰ ਉਨ੍ਹਾਂ ਨੂੰ ਗੁਣ ਹੀਣ ਬਣਾ ਦਿੰਦਾ ਹੈ।

ਉਨ੍ਹਾਂ ਇਹ ਵੀ ਉਚਾਰਿਆ ਕਿ ਜੇ ਮਨੁੱਖ ਵਿਦਵਾਨ ਵੀ ਹੋਵੇ ਤੇ ਚਤੁਰਾਈ ਦੀਆਂ ਗੱਲਾਂ ਵੀ ਕਰਦਾ ਹੋਵੇ ਪਰ ਆਪਣੀ ਤ੍ਰਿਸ਼ਨਾ ਨਾ ਮਿਟਾ ਸਕੇ ਤਾਂ ਉਸ ਨੂੰ ਪ੍ਰਭੂ ਦੇ ਨਾਮ ਤੋਂ ਬਿਨਾਂ ਸਿਰਫ਼ ਕੂੜ ਦਾ ਵੀ ਵਪਾਰੀ ਮੰਨਣਾ ਚਾਹੀਦਾ ਹੈ ਤੇ ਅਜਿਹਾ ਬੰਦਾ ਮੂਧੇ ਮੂੰਹ ਡਿੱਗਦਾ ਹੈ।

**ਪੜਿਆ ਲੇਖੇਦਾਰੁ ਲੇਖਾ ਮੰਗੀਐ॥**
**ਵਿਣੁ ਨਾਵੈ ਕੂੜਿਆਰੁ ਅਉਖਾ ਤੰਗੀਐ॥** (1288)

ਸਿਰਫ਼ ਏਥੇ ਹੀ ਬਸ ਨਹੀਂ ਕੀਤੀ। ਗੁਰੂ ਸਾਹਿਬ ਨੇ ਹੋਰ ਵੀ ਤਾਕੀਦ ਕੀਤੀ ਕਿ ਰਾਜ, ਧਨ, ਸੁੰਦਰਤਾ, ਉੱਚੀ ਜਾਤ ਤੇ ਜਵਾਨੀ-ਇਹ ਪੰਜੇ ਵੀ ਠੱਗ ਹੀ ਹਨ ਜੋ ਜਗਤ ਨੂੰ ਠੱਗਦੇ ਹਨ ਤੇ ਇਨ੍ਹਾਂ ਦੇ ਅੜਿੱਕੇ ਚੜਿਆ ਮਨੁੱਖ ਕਦੇ ਆਪਣੀ ਇੱਜ਼ਤ ਨਹੀਂ ਬਚਾ ਸਕਦਾ।

**ਰਾਜ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥**
**ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ॥** (1288)

ਰਾਜ ਕਰਨ ਵਾਲਿਆਂ ਉੱਤੇ ਜ਼ਬਰਦਸਤ ਚੋਟ ਕਰਦਿਆਂ ਜਿਸ ਕ੍ਰਾਂਤੀਕਾਰੀ ਢੰਗ ਨਾਲ ਲੋਕਾਂ ਨੂੰ ਗੁਰੂ ਨਾਨਕ ਸਾਹਿਬ ਨੇ ਹਲੂਣਿਆ, ਉਹ ਬੇਮਿਸਾਲ ਹੈ।

ਗੁਰੂ ਨਾਨਕ ਸਾਹਿਬ ਦਾ ਕਹਿਣਾ ਕਿ ਜਿਵੇਂ ਗਿਝਾਇਆ ਹੋਇਆ ਹਿਰਨ ਤੇ ਬਾਜ਼ ਆਪਣੇ ਹੀ ਜਾਤ-ਭਰਾਵਾਂ ਨੂੰ ਲਿਆ ਫਸਾਉਂਦਾ ਹੈ, ਉਸੇ ਤਰਾਂ ਅਹਿਲਕਾਰ ਆਪਣੇ ਹੀ ਹਮ-ਜਿਨਸ ਮਨੁੱਖਾਂ ਦਾ ਲਹੂ ਪੀਂਦਾ ਹੈ।

ਝੂਠ ਤੇ ਕਪਟ ਦਾ ਸਹਾਰਾ ਲੈ ਕੇ ਰਾਜ ਹਾਸਲ ਕਰਨ ਵਾਲੇ ਨਾਮ ਤੇ ਵਿਦਿਆ ਤੋਂ ਸੱਖਣੇ ਰਾਜੇ ਸ਼ੇਰ ਵਾਂਗ ਹੁੰਦੇ ਹਨ ਜਿਨ੍ਹਾਂ ਦੇ ਅਹਿਲਕਾਰ ਕੁੱਤਿਆਂ ਵਾਂਗ ਹੁੰਦੇ ਹਨ ਜੋ ਲੋਕਾਂ ਨੂੰ ਵੇਲੇ ਕੁਵੇਲੇ ਜਗਾ ਕੇ ਤੰਗ ਕਰਦੇ ਹਨ। ਇਹ ਅਹਿਲਕਾਰ ਸ਼ੇਰਾਂ ਦੀਆਂ ਨਹੁੰਦਰਾਂ ਵਾਂਗ ਹੁੰਦੇ ਹਨ ਜੋ ਲੋਕਾਂ ਦਾ ਘਾਤ ਲਾ ਕੇ ਸ਼ਿਕਾਰ ਕਰਦੇ ਹਨ। ਰਾਜੇ ਸ਼ੀਂਹ ਮੁਕੱਦਮ ਕੁੱਤਿਆਂ ਰਾਹੀਂ ਜ਼ੁਲਮ ਢਾਅ ਕੇ ਲੋਕਾਂ ਦਾ ਲਹੂ ਪੀਂਦੇ ਹਨ।

ਪਰ, ਜਦੋਂ ਰਬ ਦੇ ਦਰਬਾਰ ਵਿਚ ਇਨ੍ਹਾਂ ਲੋਕਾਂ ਦੀ ਪਰਖ ਹੁੰਦੀ ਹੈ ਤਾਂ ਇਹ ਬੇ-ਇਤਬਾਰੇ ਲੋਕ ਨੱਕ ਵੱਢੇ ਸਮਝੇ ਜਾਂਦੇ ਹਨ।

**ਰਾਜੇ ਸੀਹ ਮੁਕਦਮ ਕੁਤੇ॥**
**ਜਾਇ ਜਗਾਇਨਿ ਬੈਠੇ ਸੁਤੇ॥**
**ਚਾਕਰ ਨਹਦਾ ਪਾਇਨਿ ਘਾਉ॥**
**ਰਤੁ ਪਿਤੁ ਕੁਤਿਹੋ ਚਟਿ ਜਾਹੁ॥** (1288)

ਗੁਰੂ ਨਾਨਕ ਸਾਹਿਬ ਦੀ ਵੰਗਾਰ ਏਥੇ ਰੁਕੀ ਨਹੀਂ। ਇਹ ਅੱਗੇ ਵੀ ਤੁਰੀ। ਗੁਰੂ ਅੰਗਦ ਦੇਵ ਜੀ ਨੇ ਵੀ ਬਚਨ ਕੀਤੇ ਕਿ ਇੱਥੇ ਕੰਗਾਲ ਦਾ ਨਾਂ ਬਾਦਸ਼ਾਹ ਰੱਖਿਆ ਜਾਂਦਾ ਹੈ, ਮੂਰਖ ਦਾ ਨਾਂ ਪੰਡਿਤ ਤੇ ਅੰਨ੍ਹੇ ਨੂੰ ਪਾਰਖੂ ਰਖ ਕੇ ਜਗਤ ਪੁੱਠੀਆਂ ਗੱਲਾਂ ਕਰਦਾ ਹੈ। ਸ਼ਰਾਰਤ ਕਰਨ ਵਾਲੇ ਨੂੰ ਚੌਧਰੀ ਮੰਨ ਲਿਆ ਜਾਂਦਾ ਹੈ ਤੇ ਝੂਠੀ ਔਰਤ ਸਭ ਤੋਂ ਅੱਗੇ ਥਾਂ ਮੱਲ ਕੇ ਪ੍ਰਧਾਨ ਬਣਦੀ ਹੈ। ਇਹ ਕਲਯੁਗ ਦਾ ਨਿਆਂ ਹੈ। ਸਿਰਫ਼ ਗੁਰੂ ਦੀ ਸ਼ਰਨ ਪੈਣ ਵਾਲੇ ਨੂੰ ਹੀ ਇਸ ਸਾਰੇ ਤਾਣੇ ਬਾਣੇ ਦੀ ਸਮਝ ਪੈਂਦੀ ਹੈ। ਬਾਕੀ ਲੋਕ ਇਸੇ ਰਵਈਏ ਦੇ ਆਦੀ ਬਣੇ ਰਹਿੰਦੇ ਹਨ।

**ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥**
**ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥**
**ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥**
**ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥**(1288)

ਚੁਫ਼ੇਰੇ ਫੈਲਾਈ ਰਾਜਿਆਂ ਵੱਲੋਂ ਜ਼ੁਲਮ ਕਰਨ ਦੇ ਅਧਿਕਾਰ ਵਾਲੀ ਸੋਚ ਨੂੰ ਤਾਰ ਤਾਰ ਕਰਦਿਆਂ ਗੁਰੂ ਨਾਨਕ ਸਾਹਿਬ ਨੇ ਦੱਬੇ ਕੁਚਲੇ ਲੋਕਾਂ ਨੂੰ ਆਪਣੀ ਕਿਸਮਤ ਆਪ ਬਣਾਉਣ ਦਾ ਢੰਗ ਸਮਝਾਇਆ। ਜਬਰ ਤੇ ਜ਼ੁਲਮ ਦਾ ਵਿਰੋਧ ਕਰ ਕੇ ਆਪਣੇ ਹੱਕਾਂ ਦੀ ਰਾਖੀ ਤੇ ਹੋਰਨਾਂ ਦੇ ਮਨੁੱਖੀ ਅਧਿਕਾਰਾਂ ਲਈ ਵੀ ਆਵਾਜ਼ ਚੁੱਕਣ ਲਈ ਪ੍ਰੇਰਿਆ। ਆਪਣੀ ਕਿਸਮਤ ਉੱਤੇ ਬਹਿ ਕੇ ਝੂਰਨ ਨਾਲੋਂ ਕਿਰਤ ਕਰ ਕੇ ਚੜ੍ਹਦੀ ਕਲਾ ਵਿਚ ਰਹਿ ਕੇ ਜੀਉਣ ਦਾ ਢੰਗ ਦੱਸਿਆ।

ਸੱਤਾ ਦੀ ਚੌਧਰ ਖ਼ਤਮ ਕਰ ਕੇ ਸਭ ਨੂੰ ਰਬ ਦੇ ਬੱਚੇ ਮੰਨ ਕੇ ਹਰ ਕਿਸੇ ਅੰਦਰ ਰਬ ਦੇ ਵਾਸ ਬਾਰੇ ਸਮਝਾਇਆ ਕਿ ਸਾਰੇ ਸੁਤੰਤਰ ਹਨ। ਇਹ ਵੀ ਸਪਸ਼ਟ ਕੀਤਾ ਕਿ ਕਿਸੇ ਮਨੁੱਖ ਵੱਲੋਂ ਦੂਜੇ ਮਨੁੱਖ ਦੀ ਅਧੀਨਤਾ ਨੂੰ ਸਵੀਕਾਰ

ਨਹੀਂ ਕੀਤਾ ਜਾ ਸਕਦਾ। ਸਭ ਜੀਵਾਂ ਅੰਦਰ ਉਸੇ ਪ੍ਰਮਾਤਮਾ ਦੀ ਜੋਤੀ ਦਾ ਪ੍ਰਕਾਸ਼ ਹੈ ਪਰ ਇਸ ਜੋਤੀ ਦਾ ਗਿਆਨ ਗੁਰੂ ਦੀ ਸਿੱਖਿਆ ਨਾਲ ਹੁੰਦਾ ਹੈ।

**ਸਭ ਮਹਿ ਜੋਤਿ ਜੋਤਿ ਹੈ ਸੋਇ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥**
**ਗੁਰ ਸਾਖੀ ਜੋਤਿ ਪਰਗਟੁ ਹੋਇ॥ (13)**

ਤਾਕਤ ਦੇ ਨਸ਼ੇ ਵਿਚ ਅੰਨੇ ਹੋਇਆਂ ਨੂੰ ਵੀ ਗੁਰੂ ਨਾਨਕ ਸਾਹਿਬ ਨੇ ਚਾਨਣਾ ਪਾਇਆ ਕਿ ਭਾਵੇਂ ਖ਼ਾਨ ਕਹਾ ਲਵੋ, ਭਾਵੇਂ ਬਾਦਸ਼ਾਹ ਜਾਂ ਰਾਜਾ, ਨੌਕਰਾਂ ਚਾਕਰਾਂ ਨੂੰ ਝਿੜਕਾਂ ਵੀ ਦੇਣ ਜੋਗੇ ਹੋਵੋ ਪਰ ਤਾਕਤ ਦਾ ਇਹ ਵਿਖਾਵਾ ਸਭ ਨਾਸ ਹੋ ਜਾਣ ਵਾਲਾ ਹੈ। ਹੋਰ ਵੱਡੇ ਹੋ ਜਾਣ ਤੇ ਹੋਰ ਮਲਕੀਅਤਾਂ ਦੇ ਮਾਲਕ ਬਣ ਜਾਣ ਦੀ ਤਾਂਘ ਸਿਰਫ਼ ਗੁਰੂ ਦੇ ਸ਼ਬਦ ਵਿਚ ਜੁੜਨ ਨਾਲ ਹੀ ਮਨ ਵਿੱਚੋਂ ਨਿਕਲਦੀ ਹੈ। ਪ੍ਰਮਾਤਮਾ ਦੀ ਹੋਂਦ ਤੋਂ ਇਨਕਾਰੀ ਹੋਇਆ ਮਨੁੱਖ ਤੇ ਹਉਮੈ ਵਿਚ ਗੜੁੱਚ ਮਨੁੱਖ ਇਸੇ ਸੋਚ ਵਿਚ ਹੀ ਰੁਲਿਆ ਖ਼ਤਮ ਹੋ ਜਾਂਦਾ ਹੈ।

**ਖਾਨੁ ਮਲੂਕੁ ਕਹਾਵਉ ਰਾਜਾ॥**
**ਅਬੇ ਤਬੇ ਕੂੜੇ ਹੈ ਪਾਜਾ॥**
**ਬਿਨੁ ਗੁਰ ਸਬਦ ਨ ਸਵਰਸਿ ਕਾਜਾ॥ (225)**

ਜਿਹੜਾ ਗਿਆਨ ਕਿਸੇ ਦਾ ਨੁਕਸਾਨ ਕਰੇ ਅਜਿਹੇ ਗਿਆਨ ਦਾ ਕੋਈ ਫ਼ਾਇਦਾ ਨਹੀਂ ਹੁੰਦਾ ਪਰ ਜਿਹੜੀ ਵਿੱਦਿਆ ਮਨੁੱਖ ਦਾ ਭਲਾ ਕਰੇ, ਅਜਿਹੀ ਵਿੱਦਿਆ ਨੂੰ ਪੜ੍ਹਾਉਣ ਵਾਲਾ ਹੀ ਵਿਦਵਾਨ ਮੰਨਣਾ ਚਾਹੀਦਾ ਹੈ। ਅਜਿਹਾ ਪਾਂਧਾ ਵਿੱਦਿਆ ਰਾਹੀਂ ਪ੍ਰਾਪਤ ਹੋਈ ਸ਼ਾਂਤੀ ਵਾਲੇ ਸੁਭਾਓ ਵਿਚ ਜੀਵਨ ਬਤੀਤ ਕਰਦਾ ਹੈ।

**ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ॥ (937)**

ਗੁਰੂ ਸਾਹਿਬ ਨੇ ਰਾਜ ਯੋਗ ਵਰਗੀ ਸੋਚ ਵੀ ਖੰਡਿਤ ਕੀਤੀ। ਉਦੋਂ ਆਮ ਹੀ ਧਾਰਨਾ ਸੀ ਕਿ ਰਾਜੇ ਦਾ ਪੁੱਤਰ ਹੀ ਅੱਗੋਂ ਰਾਜ ਕਰੇਗਾ ਭਾਵੇਂ ਨਖਿੱਧ ਹੀ ਕਿਉਂ ਨਾ ਹੋਵੇ। ਗੁਰੂ ਸਾਹਿਬ ਨੇ ਸਖ਼ਤ ਵਿਰੋਧ ਕਰਦਿਆਂ ਕਿਹਾ ਕਿ ਰਾਜ ਦੇ ਯੋਗ ਹੋਣ ਵਾਲੇ ਨੂੰ ਹੀ ਗੱਦੀ ਮਿਲਣੀ ਚਾਹੀਦੀ ਹੈ। ਜਿਹੜਾ ਲੋਕਾਂ ਦਾ ਲਹੂ ਚੂਸਦਾ ਹੋਵੇ, ਉਹ ਗੱਦੀ ਉੱਤੇ ਬਹਿਣ ਦੇ ਲਾਇਕ ਨਹੀਂ ਹੁੰਦਾ।

ਜਿਸ ਤਰੀਕੇ ਦੀ ਆਵਾਜ਼ ਅਜਿਹੇ ਜ਼ੁਲਮ ਤੇ ਜ਼ਾਲਮ ਵਿਰੁੱਧ ਬੁਲੰਦ ਕੀਤੀ, ਉਹ ਵੀ ਬੇਮਿਸਾਲ ਹੈ।

**ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥**
**ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥ (140)**

ਜੇ ਕਪੜੇ ਨੂੰ ਲਹੂ ਲੱਗ ਜਾਵੇ ਤਾਂ ਅਸੀਂ ਉਸ ਨੂੰ ਵਰਤਦੇ ਨਹੀਂ। ਉਸ ਨੂੰ ਖ਼ਰਾਬ ਮੰਨ ਕੇ ਪਰਾਂ ਸੁੱਟ ਦਿੰਦੇ ਹਾਂ। ਭਲਾ ਫੇਰ ਅਜਿਹਾ ਇਨਸਾਨ ਜੋ ਲੋਕਾਂ ਦਾ ਲਹੂ ਪੀਂਦਾ ਹੋਵੇ, ਉਸ ਦਾ ਹਿਰਦਾ ਕਿਵੇਂ ਨਿਰਮਲ ਹੋ ਸਕਦਾ ਹੈ?

ਪੁਸ਼ਤ ਦਰ ਪੁਸ਼ਤ ਗੱਦੀ ਨਾ ਦੇਣ ਦੀ ਸੋਚ ਬਾਰੇ ਪ੍ਰੋੜਤਾ ਕਰਦਿਆਂ ਗੁਰੂ ਨਾਨਕ ਸਾਹਿਬ ਨੇ ਆਪਣੀ ਗੱਦੀ ਵੀ ਆਪਣੇ ਪੁੱਤਰ ਮੋਹ ਨੂੰ ਤਿਆਗ ਕੇ ਗੁਰੂ ਅੰਗਦ ਦੇਵ ਜੀ ਨੂੰ ਸੌਂਪੀ।

ਲੋਕਾਂ ਦੇ ਮਨਾਂ ਵਿੱਚੋਂ ਰਾਜਿਆਂ ਮਹਾਰਾਜਿਆਂ ਦਾ ਖ਼ੌਫ਼ ਖ਼ਤਮ ਕਰ ਕੇ ਸਿਰਫ਼ ਇੱਕੋ ਪ੍ਰਮਾਤਮਾ ਦੇ ਭੈਅ ਨੂੰ ਮੰਨਣ ਦਾ ਹੋਕਾ ਦਿੱਤਾ। ਗੁਰੂ ਸਾਹਿਬ ਨੇ ਕਿਹਾ ਦੁਨੀਆ ਦਾ ਡਰ ਸਹਿਮ ਦੂਰ ਕਰਨ ਦਾ ਢੰਗ ਹੀ ਇੱਕੋ ਹੈ ਕਿ ਪ੍ਰਮਾਤਮਾ ਦਾ ਡਰ ਤੇ ਅਦਬ ਮਨ ਵਿਚ ਵਸਾ ਲਿਆ ਜਾਵੇ। ਅਜਿਹੇ ਨਿਰਮਲ ਮਨੁੱਖ ਨੂੰ ਦੁਨੀਆ ਦੇ ਡਰ ਧਮਕਾ ਨਹੀਂ ਸਕਦੇ।

**ਮਨ ਰੇ ਸਚੁ ਮਿਲੈ ਭਉ ਜਾਇ॥**
**ਭੈ ਬਿਨੁ ਨਿਰਭਉ ਕਿਉ ਥੀਐ॥ ਗੁਰਮੁਖਿ ਸਬਦਿ ਸਮਾਇ॥ (18)**

ਮਨ ਨੂੰ ਭੈਅ ਮੁਕਤ ਤਾਂ ਹੀ ਕੀਤਾ ਜਾ ਸਕਦਾ ਹੈ ਜੇ ਦੁਨੀਆਵੀ ਮੰਗਾਂ ਮੰਗਣੀਆਂ ਬੰਦ ਕੀਤੀਆਂ ਜਾਣ ਕਿਉਂਕਿ ਦੁਨੀਆਵੀ ਮੰਗ ਮੁੱਕਦੀ ਹੀ ਨਹੀਂ ਤੇ ਫਿਰ ਉਸ ਦੇ ਖੁੱਸਣ ਦੀ ਚਿੰਤਾ ਸਾਡੇ ਮਨ ਅੰਦਰ ਘਰ ਕਰ ਜਾਂਦੀ ਹੈ। ਅਜਿਹੇ ਮੰਗਣ ਨਾਲ ਸੁਖ ਕਦੇ ਹਾਸਲ ਨਹੀਂ ਹੁੰਦਾ।

**ਕੇਤਾ ਆਖਣੁ ਆਖੀਐ ਆਖਣਿ ਤੋਟਿ ਨ ਹੋਇ॥**
**ਮੰਗਣ ਵਾਲੇ ਕੇਤੜੇ ਦਾਤਾ ਏਕੋ ਸੋਇ॥**
**ਜਿਸ ਕੇ ਜੀਅ ਪਰਾਣ ਹੈ ਮਨਿ ਵਸਿਐ ਸੁਖੁ ਹੋਇ॥ (18)**

ਮੰਗਾਂ ਦੀ ਕਦੇ ਨਾ ਪੂਰਤੀ ਹੋਣ ਸਦਕਾ ਹੀ ਮਨੁੱਖੀ ਮਨ ਹੋਰ ਦੇ ਲਾਲਚ ਵਿਚ ਦੂਜਿਆਂ ਦੇ ਹਕ ਖੋਹਣ ਵੱਲ ਤੁਰ ਪੈਂਦਾ ਹੈ। ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਜਿੱਥੇ ਸੀਮਤ ਮੰਗ ਤੇ ਸ਼ੁਕਰਾਨਾ ਕਰਨ ਦੀ ਜਾਚ ਸਿਖਾਈ, ਉੱਥੇ ਗੁਰੂ ਸਾਹਿਬ ਨੇ ਦੂਜਿਆਂ ਦੇ ਹੱਕ ਖੋਹਣ ਵਾਲੇ ਲਈ ਵੀ ਬਹੁਤ ਸਖ਼ਤ ਸ਼ਬਦਾਵਲੀ ਵਰਤੀ।

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥**
**ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥**
**ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥**
**ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥ (141)**

ਪਰਾਇਆ ਹੱਕ ਮੁਸਲਮਾਨ ਲਈ ਸੂਰ ਹੈ ਤੇ ਹਿੰਦੂ ਲਈ ਗਾਂ। ਇਸੇ ਲਈ ਪਰਾਇਆ ਹੱਕ ਮਾਰਨਾ ਸਹੀ ਨਹੀਂ ਹੈ। ਹਰਾਮ ਦਾ ਮਾਲ ਹਾਸਲ ਕਰ ਕੇ ਹੱਕ ਦਾ ਮਾਲ ਨਹੀਂ ਬਣਾਇਆ ਜਾ ਸਕਦਾ। ਕੂੜ ਵਾਲੀਆਂ ਗੱਲਾਂ ਕਰਨ ਨਾਲ ਕੂੜ ਹੀ ਹਾਸਲ ਹੁੰਦਾ ਹੈ।

ਪਰਾਇਆ ਹੱਕ ਆਖ਼ਰ ਲਿਆ ਵੀ ਕਿਉਂ ਜਾਵੇ ਜਦ ਰਾਜਾ, ਪਰਜਾ, ਚੌਧਰੀ ਕੋਈ ਵੀ ਸਦੀਵੀ ਨਹੀਂ ਤੇ ਨਾ ਹੀ ਸੋਹਣੇ ਪੱਕੇ ਘਰ ਜਾਂ ਧਨ ਨਾਲ ਭਰੇ ਹੋਏ ਖ਼ਜ਼ਾਨੇ ਸਦਾ ਰਹਿਣ ਵਾਲੇ ਹਨ! ਵਧੀਆ ਘੋੜੇ, ਰਥ, ਊਠ, ਹਾਥੀ, ਹੌਦੇ, ਬਾਗ਼, ਜ਼ਮੀਨਾਂ, ਘਰ-ਘਾਟ, ਮਹਿਲ, ਤੰਬੂ, ਸੋਨੇ ਦੇ ਪਲੰਘ, ਅਤਲਸੀ ਕਨਾਤਾਂ ਜਿਨ੍ਹਾਂ ਨੂੰ ਮਨੁੱਖ ਆਪਣੀ ਜਾਇਦਾਦ ਮੰਨਦਾ ਹੈ, ਸਭ ਏਥੇ ਹੀ ਰਹਿ ਜਾਣੇ ਹੁੰਦੇ ਹਨ ਤੇ ਵਿਨਾਸ਼ਕਾਰੀ ਹਨ।

**ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ॥**
**ਹਟ ਪਟਣ ਬਾਜਾਰ ਹੁਕਮੀ ਢਹਸੀਓ॥**
**ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ॥**
**ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ॥**
**ਤਾਜੀ ਰਥ ਤੁਖਾਰ ਹਾਥੀ ਪਾਖਰੇ॥**
**ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ॥**
**ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ॥**
**ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ॥ (141)**

ਗੁਰੂ ਨਾਨਕ ਸਾਹਿਬ ਨੇ ਆਪਣੀ ਜ਼ਿੰਦਗੀ ਦਾ ਨਿਚੋੜ ਵੀ ਸਭਨਾਂ ਦੇ ਸਾਹਮਣੇ ਧਰਿਆ। ਲਾਲਚ ਤੇ ਭੈਅ ਜੇ ਤਿਆਗ ਦਿੱਤਾ ਜਾਵੇ ਤਾਂ ਅਜਿਹੇ ਨਿਡਰ ਬੰਦੇ ਨੂੰ ਕਿਸੇ ਜ਼ੁਲਮ ਜਾਂ ਜ਼ਾਲਮ ਦਾ ਭੈਅ ਨਹੀਂ ਰਹਿੰਦਾ। ਨਾ ਸਰੀਰਕ ਰੋਗਾਂ ਦਾ ਹੀ ਡਰ ਰਹਿੰਦਾ ਹੈ ਤੇ ਨਾ ਹੀ ਮੌਤ ਦਾ।

ਗੁਰੂ ਸਾਹਿਬ ਨੇ ਫ਼ੁਰਮਾਇਆ ਕਿ ਜੇ ਸਾਰੀ ਬਨਸਪਤੀ ਵੀ ਸੁਆਦਲਾ ਮੇਵਾ ਬਣ ਕੇ ਮਿਲ ਜਾਵੇ ਅਤੇ ਮੇਰੀ ਰਹਿਣ ਦੀ ਥਾਂ ਵੀ ਅਟੱਲ ਹੋ ਜਾਵੇ ਜਿੱਥੇ ਚੰਨ ਤੇ ਸੂਰਜ ਮੇਰੀ ਸੇਵਾ ਕਰਦੇ ਹੋਣ, ਤਾਂ ਵੀ ਮੈਂ ਅਜਿਹੀ ਥਾਂ ਫਸਣਾ ਨਹੀਂ ਚਾਹੁੰਦਾ।

**ਭਾਰ ਅਠਾਰਹ ਮੇਵਾ ਹੋਵੈ ਗਰੁੜਾ ਹੋਇ ਸੁਆਉ॥**
**ਚੰਦੁ ਸੂਰਜੁ ਦੁਇ ਫਿਰਦੇ ਰਖੀਅਹਿ ਨਿਹਚਲੁ ਹੋਵੈ ਥਾਉ॥**
**ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ॥ (142)**

ਗੁਰੂ ਨਾਨਕ ਦੇਵ ਜੀ ਨੇ ਸਪਸ਼ਟ ਕਿਹਾ ਹੈ ਕਿ ਸੁਰਗ ਦੀਆਂ ਅਪਸਰਾਵਾਂ ਵੀ ਭਾਵੇਂ ਘਰ ਅੰਦਰ ਹੋਣ ਤਾਂ ਵੀ ਉਨ੍ਹਾਂ ਨਾਸਵੰਤ ਚੀਜ਼ਾਂ ਦਾ ਮੋਹ ਤਿਆਗ ਕੇ ਸਿਰਫ਼ ਪ੍ਰਮਾਤਮਾ ਦੇ ਲੜ ਲੱਗ ਕੇ ਉਸ ਦੀ ਸਿਫ਼ਤ ਸਲਾਹਿ ਨੂੰ ਹੀ ਅਸਲ ਜ਼ਿੰਦਗੀ ਮੰਨਣਾ ਚਾਹੀਦਾ ਹੈ।

ਇਕ ਪਾਸੇ ਧਾਰਮਿਕ ਪਾਖੰਡਾਂ ਦੇ ਕੋਹੜ ਨੂੰ ਵੱਢਣਾ ਕਿ ਇਸ ਨੂੰ ਵਪਾਰ ਨਾ ਬਣਾਇਆ ਜਾਵੇ, ਦੂਜੇ ਪਾਸੇ ਵਿਦਵਤਾ ਰਾਹੀਂ ਆਪਣੇ ਹੰਕਾਰ ਨੂੰ ਪੱਠੇ ਪਾਉਣ ਨੂੰ ਢਕੋਸਲਾ ਮੰਨਣਾ, ਤੀਜੇ ਪਾਸੇ ਨਿਮਾਣਿਆਂ ਦਾ ਮਾਣ ਬਣ ਕੇ ਦੂਜਿਆਂ ਦੇ ਹੱਕਾਂ ਦੀ ਰਾਖੀ ਕਰਨਾ ਤੇ ਚੌਥੇ ਰਾਜਿਆਂ ਤੇ ਉਨ੍ਹਾਂ ਦੇ ਅਹਿਲਕਾਰਾਂ ਨੂੰ ਕੁੱਤੇ ਕਹਿ ਕੇ ਦੁਰਕਾਰਨਾ ਤੇ ਆਪ ਹਲੀਮੀ ਦਾ ਪੱਲਾ ਫੜਦਿਆਂ ਨੀਵੀਂ ਜਾਤ ਦੇ ਰਖਵਾਲੇ ਵਜੋਂ ਉੱਭਰ ਕੇ ਸਾਹਮਣੇ ਆ ਕੇ ਆਪਣੇ ਆਪ ਨੂੰ ਨੀਵਿਆਂ ਤੋਂ ਵੀ ਅਤਿ ਨੀਵੇਂ ਮੰਨਣਾ ਸਿਰਫ਼ ਗੁਰੂ ਨਾਨਕ ਸਾਹਿਬ ਦੇ ਹੀ ਹਿੱਸੇ ਆਇਆ ਹੈ। ਗੁਰੂ ਨਾਨਕ ਸਾਹਿਬ ਨੇ

ਸਪਸ਼ਟ ਹੀ ਕਿਹਾ ਹੈ ਕਿ ਮੈਂ ਭਾਗੋਆਂ ਦੇ ਵਿਚ ਨਹੀਂ ਲਾਲੋਆਂ ਦੇ ਵਿਚ ਮਿਲ ਸਕਦਾ ਹਾਂ।

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥**
**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥ (15)**

ਮਾਇਆਧਾਰੀਆਂ ਦੇ ਰਾਹੇ ਤੁਰਨ ਦੀ ਤਾਂਘ ਗੁਰੂ ਨਾਨਕ ਸਾਹਿਬ ਨੂੰ ਨਹੀਂ ਸੀ। ਮਾਇਆਧਾਰੀਆਂ ਲਈ ਸਖਤ ਸ਼ਬਦਾਵਲੀ ਵਰਤਦਿਆਂ ਗੁਰੂ ਸਾਹਿਬ ਨੇ ਫੁਰਮਾਇਆ ਕਿ ਫਜ਼ੂਲਖ਼ਰਚੀ ਰਬ ਨੂੰ ਪਸੰਦ ਨਹੀਂ ਆਉਂਦੀ। ਵਾਧੂ ਖਾਣ ਦਾ ਲਾਲਚ ਮਨ ਅੰਦਰਲਾ ਕੁੱਤਾ ਹੈ ਜੋ ਹਰ ਵੇਲੇ ਖਾਣ ਨੂੰ ਮੰਗਦਾ ਭੌਂਕਦਾ ਰਹਿੰਦਾ ਹੈ। ਝੂਠ ਬੋਲਣ ਦੀ ਆਦਤ ਹੀ ਮਨ ਅੰਦਰਲਾ ਕੂੜ ਚੂਹੜਾ ਹੈ ਜਿਸ ਨੇ ਮਨੁੱਖ ਨੂੰ ਬਹੁਤ ਨੀਵਾਂ ਕਰ ਦਿੱਤਾ ਹੈ। ਦੂਜਿਆਂ ਨੂੰ ਠੱਗ ਕੇ ਖਾਣਾ ਹੀ ਸਰੀਰ ਅੰਦਰਲਾ ਮੁਰਦਾਰ ਹੈ ਜੋ ਸੁਆਰਥ ਦੀ ਬਦਬੂ ਵਧਾਉਂਦਾ ਹੈ। ਪਰਾਈ ਨਿੰਦਿਆ ਨਿਰੀ ਮੈਲ ਹੈ ਤੇ ਕ੍ਰੋਧ ਭਰਿਆ ਮਨ ਚੰਡਾਲ ਹੈ। ਏਨੀ ਗੰਦਗੀ ਹੁੰਦਿਆਂ ਵੀ ਮਨੁੱਖ ਆਪਣੇ ਆਪ ਨੂੰ ਵਡਿਆਉਂਦਾ ਹੈ ਤੇ ਦੂਜਿਆਂ ਮੂੰਹੋਂ ਆਪਣੀ ਸਲਾਹੁਤਾ ਸੁਣਨੀ ਚਾਹੁੰਦਾ ਹੈ।

ਜਿਨ੍ਹਾਂ ਲੋਕਾਂ ਦੇ ਹਿਰਦਿਆਂ ਵਿਚ ਏਨੇ ਚਸਕੇ ਹੁੰਦੇ ਹਨ ਉੱਥੇ ਪ੍ਰਮਾਤਮਾ ਦੇ ਨਾਮ ਦਾ ਟਿਕਾਣਾ ਹੋ ਹੀ ਨਹੀਂ ਸਕਦਾ ਤੇ ਉਹ ਸਿਰਫ਼ ਢਕੋਸਲੇ ਹੀ ਕਰਦੇ ਹਨ। ਅਜਿਹੇ ਲੋਕਾਂ ਦਾ ਜੀਵਨ ਖੇਹ ਖੁਆਰੀ ਵਿਚ ਹੀ ਲੰਘਦਾ ਹੈ ਤੇ ਉਹ ਪ੍ਰਮਾਤਮਾ ਦੇ ਦਰ ਤੇ ਪਰਵਾਨ ਨਹੀਂ ਹੁੰਦੇ।

**ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥**
**ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ॥**
**ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ॥**
**ਬਾਬਾ ਬੋਲੀਐ ਪਤਿ ਹੋਇ॥**
**ਊਤਮ ਸੇ ਦਰ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ॥ (15)**

ਗੁਰੂ ਨਾਨਕ ਸਾਹਿਬ ਦਾ ਸੁਝਾਇਆ ਇਹ ਰਾਹ ਤੁਰਨਾ ਸੁਖਾਲਾ ਨਹੀਂ ਹੈ। ਪੈਰ-ਪੈਰ ਔਕੜਾਂ ਮਿਲਦੀਆਂ ਹਨ ਤੇ ਸਚ ਦਾ ਰਾਹ ਬਿਖੜਾ ਪੈਂਡਾ ਹੁੰਦਾ ਹੈ, ਜਿੱਥੇ ਸੱਚ ਬੋਲਣ ਵਾਲੇ ਨੂੰ ਕੈਦ ਕਰ ਦਿੱਤਾ ਜਾਂਦਾ ਹੈ ਤੇ ਫਾਂਸੀ ਤੱਕ ਚਾੜ੍ਹ ਦਿੱਤਾ ਜਾਂਦਾ ਹੈ।

ਏਸੇ ਲਈ ਗੁਰੂ ਸਾਹਿਬ ਨੇ ਇਸ ਰਾਹੇ ਤੁਰਨ ਦਾ ਢੰਗ ਵੀ ਸਪਸ਼ਟ ਕਰ ਦਿੱਤਾ ਹੈ:-

**ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥**
**ਸਿਰੁ ਦੀਜੈ ਕਾਣਿ ਨ ਕੀਜੈ॥ (1412)**

ਸਿਰ ਤਲੀ ਉੱਤੇ ਧਰ ਕੇ, ਲੋਕ ਲਾਜ ਤੇ ਹਉਮੈ ਤਿਆਗ ਕੇ ਹੀ ਇਸ ਰਾਹੇ ਤੁਰਿਆ ਜਾ ਸਕਦਾ ਹੈ। ਜਦੋਂ ਸਿਰ ਭੇਟ ਕਰਨ ਦੀ ਝਿਜਕ ਨਾ ਰਹਿ ਜਾਏ ਉਦੋਂ ਹੀ ਇਸ ਰਸਤੇ ਉੱਤੇ ਪੈਰ ਧਰਿਆ ਜਾ ਸਕਦਾ ਹੈ। ਮਾਇਆ ਦੀ ਗਿਣਤੀ ਕਰਦਾ ਮਨੁੱਖ ਤਾਂ ਸਿਰਫ਼ ਮੌਤ ਤੋਂ ਬਚੇ ਰਹਿਣ ਦੇ ਉਪਰਾਲਿਆਂ ਵਿਚ ਹੀ ਲੱਗਿਆ ਰਹਿੰਦਾ ਹੈ, ਫਿਰ ਵੀ ਮੌਤ ਕਿਸੇ ਵੇਲੇ ਵੀ ਉਸ ਨੂੰ ਆਪਣੇ ਕਲਾਵੇ ਵਿਚ ਲੈ ਸਕਦੀ ਹੈ। ਸਾਰੀਆਂ ਫੌਜਾਂ, ਅਹਿਲਕਾਰ ਤੇ ਬੇਅੰਤ ਮਾਇਆ ਵੀ ਅੰਤ ਸਮੇਂ ਸਹਾਈ ਨਹੀਂ ਹੁੰਦੀ।

ਸਿਰਫ਼ ਆਤਮਕ ਜੀਵਨ ਸੂਝ ਵਾਲਾ ਮਨੁੱਖ ਹੀ ਸਫ਼ਲ ਜ਼ਿੰਦਗੀ ਜੀਉਂਦਾ ਹੈ ਤੇ ਲੋਕ ਪਰਲੋਕ ਵਿਚ ਉਸ ਦੀ ਇੱਜ਼ਤ ਹੁੰਦੀ ਹੈ।

**ਗਿਆਨੀ ਜੀਵੈ ਸਦਾ ਸਦਾ ਸੁਰਤੀ ਹੀ ਪਤਿ ਹੋਇ॥ (1412)**

ਗੁਰੂ ਨਾਨਕ ਸਾਹਿਬ ਦੀ ਸੋਚ ਨੂੰ ਸਮਰਪਿਤ ਹੋਣ ਦਾ ਅਰਥ ਹੈ-ਗ਼ੁਲਾਮ ਮਾਨਸਿਕਤਾ ਨੂੰ ਤਿਆਗਣਾ, ਜ਼ੁਲਮ ਢਾਹੁਣ ਵਾਲੇ ਰਾਜਿਆਂ ਨੂੰ ਵੰਗਾਰਨਾ, ਧਾਰਮਿਕ ਪਾਖੰਡਾਂ ਦਾ ਵਿਰੋਧ ਕਰਨਾ, ਕਿਸਮਤ ਉੱਤੇ ਬਹਿ ਕੇ ਨਾ ਝੂਰਨਾ, ਕਿਰਤ ਕਰਨੀ, ਵੰਡ ਛਕਣਾ, ਨਾਮ ਜਪਣਾ, ਮਾਇਆ ਦੇ ਡੰਗ ਤੋਂ ਬਚਣਾ, ਜਾਤ-ਪਾਤ ਦੇ ਨਾਂ 'ਤੇ ਪਾੜ ਪਾਉਣ ਵਾਲਿਆਂ ਨੂੰ ਭੰਡਣਾ, ਕ੍ਰੋਧ, ਕਾਮ, ਲੋਭ ਤੇ ਹੰਕਾਰ ਉੱਤੇ ਜਿੱਤ ਪਾਉਣੀ ਅਤੇ ਕਰਮ ਕਾਂਡਾਂ ਤੇ ਕਰਾਮਾਤਾਂ ਤੋਂ ਬਚ ਕੇ ਸਚ ਦੇ ਮਾਰਗ ਉੱਤੇ ਚਲਣਾ!ਗੁਰੂ ਅਰਜਨ ਦੇਵ ਜੀ ਨੇ ਵੀ ਤਾਂ ਇਹੀ ਸਮਝਾਇਆ ਹੈ -

**"ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ" (136)**

ਹੁਣ ਦੱਸੋ ਇਸ ਸੱਚਾਈ ਤੋਂ ਕੌਣ ਪਾਸਾ ਵੱਟ ਸਕਦਾ ਹੈ :-

ਜਿੱਥੇ ਧੁੰਧ ਮਿਟਾ ਕੀਤਾ ਸੀ ਸ਼ੁਭ ਸਵੇਰਾ
ਉੱਥੇ ਦਿਸਦਾ ਚਾਰ ਚੁਫ਼ੇਰੇ ਘੁੱਪ ਹਨੇਰਾ।
ਬਾਬੇ ਨਾਨਕ ਨੂੰ ਪਾਇਐ ਹਾਕਮਾਂ ਘੇਰਾ
ਸਭ ਆਖਣ ਮੇਰਾ ਮੇਰਾ ਕੋਈ ਕਹੇ ਨਾ ਤੇਰਾ।
ਮਲਕ ਭਾਗੋ ਦੇ ਵਾਰਸਾਂ ਦੀ ਬੱਲੇ ਬੱਲੇ
ਮਹਿਲ ਮਾੜੀਆਂ ਵਿਚ ਹੈ ਉਨ੍ਹਾਂ ਦੇ ਡੇਰਾ।
ਬਾਬੇ ਨਾਨਕ ਨੂੰ ਪਾਇਐ ਹਾਕਮਾਂ ਘੇਰਾ
ਸਭ ਆਖਣ ਮੇਰਾ ਮੇਰਾ ਕੋਈ ਕਹੇ ਨਾ ਤੇਰਾ।
ਕੂੜ ਸੁਇਨਾ ਕੂੜ ਰੁਪਾ ਕੂੜ ਪੈਨ੍ਹਣਹਾਰੁ
ਉਸੇ ਪਿੱਛੇ ਵੈਰੀ ਮੰਨੇ ਪਿਓ ਨੂੰ ਜਾਇਆ।
ਸੱਜਣ ਠੱਗਾਂ ਵੰਡ ਲਿਆ ਅੱਜ ਉਹੀ ਹੀਰਾ
ਜਿਸ ਨੇ ਸਾਂਝੀਵਾਲਤਾ ਦਾ ਰਾਹ ਵਿਖਾਇਆ।
ਜਿੱਥੇ ਨੀਚ ਸਮਾਲੀਅਨਿ ਤਿੱਥੇ ਨਦਰਿ ਤੇਰੀ ਬਖਸੀਸ
ਉੱਚੀਆਂ ਜਾਤਾਂ ਘੇਰਿਆ ਉੱਥੇ ਚਾਰ ਚੁਫ਼ੇਰਾ।
ਬਾਬੇ ਨਾਨਕ ਨੂੰ ਪਾਇਐ ਹਾਕਮਾਂ ਘੇਰਾ
ਸਭ ਆਖਣ ਮੇਰਾ ਮੇਰਾ ਕੋਈ ਕਹੇ ਨਾ ਤੇਰਾ।
ਧਰਮ ਵਿਚਲੇ ਪਾਖੰਡੀਆਂ ਨੂੰ ਸੀ ਪਾਠ ਪੜ੍ਹਾਇਆ
ਉਹੀ ਲੁੱਟੀ ਜਾਂਦੇ ਕੰਮੀਆਂ ਦਾ ਸਰਮਾਇਆ।
ਕੋਈ ਨਾ ਸਮਝਿਆ ਤੇਰੇ ਨੰਗੇ ਪੈਰਾਂ ਦਾ ਫੇਰਾ
ਖਰਬਾਂ ਖਰਚ ਕੇ ਜਨਮ ਮਨਾਇਆ ਜਾਂਦਾ ਤੇਰਾ।
ਚੂੰਡਿਆ ਗਿਆ ਲਾਲੋ, ਦਾ ਪਿੰਜਰ ਹੁਣ ਸਾਰਾ
ਬਹੁੜੀਂ ਬਾਬਾ ਹੋਰ ਨਾ ਕਰ ਦੇਈਂ ਦੇਰਾ
ਬਾਬੇ ਨਾਨਕ ਨੂੰ ਪਾ ਲਿਆ ਹਾਕਮਾਂ ਘੇਰਾ
ਸਭ ਆਖਣ ਮੇਰਾ ਮੇਰਾ ਕੋਈ ਕਹੇ ਨਾ ਤੇਰਾ।
ਬਾਬਾ ਕਿਧਰੋਂ ਪਹੁੰਚ ਜਾ ਅੱਜ ਵਤ ਗਰੀਬਾਂ।
ਜੋਕਾਂ ਰਤ ਨੇ ਪੀਂਦੀਆਂ ਅਜ ਚਾਰ ਚੁਫ਼ੇਰੇ
ਗਿਰਝਾਂ ਨੋਚਣ ਮਾਸ ਹੁਣ, ਨਸ਼ਿਆਂ ਦੇ ਮਾਰੇ
ਭੁਖਮਰੀ ਵੀ ਦਿਸਦੀ ਹੁਣ ਤਾਂ ਖੰਭ ਖਿਲਾਰੇ।
ਰਾਜੇ ਸੀਹ ਮੁਕਦਮ ਕੁਤੇ ਜ਼ਾਲਮ ਫਿਰਦੇ
ਸਿਰੁ ਧਰਿ ਤਲੀ ਕਿਰਤੀ ਫਿਰੇ ਬਣਿਆ ਵਿਚਾਰਾ
ਬਾਬੇ ਨਾਨਕ ਨੂੰ ਪਾ ਲਿਆ ਹਾਕਮਾਂ ਘੇਰਾ
ਸਭ ਆਖਣ ਮੇਰਾ ਮੇਰਾ ਕੋਈ ਕਹੇ ਨਾ ਤੇਰਾ।
ਬੇਤਾਲਾ ਭੂਤਨਾ ਸੀ ਜਰਿਆ ਨਾਲ ਹਲੀਮੀ
ਕ੍ਰੋਧ ਕਪਟ ਦਾ ਹੁਣ ਤਾਂ ਦਿਸਦਾ ਹੈ ਡੇਰਾ।
ਤੈਂ ਕੀ ਦਰਦ ਨਾ ਆਇਆ ਵਾਲਾ ਕਿੱਧਰ ਜੇਰਾ
ਧੀਆਂ ਅੱਜ ਨੇ ਰੋਂਦੀਆਂ ਘਰ-ਘਰ ਹੈ 'ਨੇਰਾ।
ਜਾਬਰ ਉਂਜ ਹੀ ਸ਼ੂਕਦੇ ਤੇ ਜ਼ੁਲਮ ਬਥੇਰਾ
ਪੰਜ ਸਦੀਆਂ ਤੋਂ ਉੱਤੇ ਦਾ ਇਹ ਵਕਤ ਲੰਮੇਰਾ।
ਕਿਰਤ ਦਾ ਜਿਸ ਧਰਤੀ ਤੇ ਸੀ ਦਿੱਤਾ ਸੁਨੇਹਾ
ਉੱਥੇ ਦਿਸਦਾ ਸਿਰਫ਼ ਖ਼ੁਦਕੁਸ਼ੀਆਂ ਦਾ ਡੇਰਾ
ਜਿੱਥੇ ਧੁੰਧ ਮਿਟਾ ਕੀਤਾ ਸੀ ਸ਼ੁਭ ਸਵੇਰਾ
ਉੱਥੇ ਦਿਸਦਾ ਚਾਰ ਚੁਫ਼ੇਰੇ ਘੁੱਪ ਹਨੇਰਾ।
ਬਾਬੇ ਨਾਨਕ ਨੂੰ ਪਾਇਐ ਹਾਕਮਾਂ ਘੇਰਾ
ਸਭ ਆਖਣ ਮੇਰਾ ਮੇਰਾ ਕੋਈ ਕਹੇ ਨਾ ਤੇਰਾ।

-0-




## ਵਿਗਿਆਨ ਦੇ ਝਰੋਖੇ 'ਚੋਂ

**ਪ੍ਰਸ਼ਨ: ਧਰਤੀ ਹੇਠ ਕੋਲਾ ਕਿਵੇਂ ਬਣਿਆ?**

**ਉੱਤਰ:** ਅਸੀ ਜਾਣਦੇ ਹਾਂ ਕਿ ਕੋਲਾ ਸਾਨੂੰ ਧਰਤੀ ਹੇਠਲੀਆਂ ਖਾਣਾਂ ਵਿਚੋਂ ਮਿਲਦਾ ਹੈ। ਪਰ ਧਰਤੀ ਦੀਆਂ ਪਰਤਾਂ ਹੇਠ ਇਹ ਕੋਲਾ ਕਿਥੋਂ ਆਇਆ? ਅੱਜ ਤੋਂ ਲਗਭਗ 16 ਕਰੋੜ ਸਾਲ ਪਹਿਲਾਂ ਧਰਤੀ ਉਤੇ ਜੰਗਲ ਹੀ ਜੰਗਲ ਹੁੰਦੇ ਸਨ। ਕਰੋੜਾਂ ਸਾਲਾਂ ਵਿੱਚ ਦਰੱਖ਼ਤਾਂ ਦੀਆਂ ਲੱਖਾਂ ਨਸਲਾਂ ਅਰਬਾਂ ਦੀ ਗਿਣਤੀ ਵਿੱਚ ਧਰਤੀ ਦੀਆਂ ਦਲਦਲਾਂ ਵਿੱਚ ਡਿਗਦੀਆਂ ਰਹੀਆਂ ਤੇ ਬੈਕਟੀਰੀਆ ਇਨ੍ਹਾਂ ਨੂੰ ਕਾਲੇ ਰੰਗ ਦੇ ਪਦਾਰਥ ਵਿੱਚ ਬਦਲਦਾ ਰਿਹਾ। ਹਵਾ ਦੀ ਅਣਹੋਂਦ ਕਾਰਨ ਇਹ ਦਰੱਖ਼ਤ ਪੂਰੀ ਤਰ੍ਹਾਂ ਖ਼ਤਮ ਨਹੀਂ ਹੋ ਸਕੇ ਸਨ। ਇਹ ਧਰਤੀ ਦੀਆਂ ਚਟਾਨਾਂ ਤੇ ਮਿੱਟੀ ਦੀਆਂ ਪਰਤਾਂ ਹੇਠ ਦਬਦੇ ਰਹੇ। ਕਰੋੜਾਂ ਸਾਲ ਵਿੱਚ ਇਹ ਧਰਤੀ ਦੀਆਂ ਪਰਤਾਂ ਦੇ ਦਬਾਅ ਸਦਕਾ ਪੱਥਰ ਦੇ ਕੋਲੇ ਦੇ ਰੂਪ ਵਿੱਚ ਬਦਲ ਗਏ ਹਨ। ਅੱਜ ਸਾਨੂੰ ਧਰਤੀ ਦੀਆਂ ਪਰਤਾਂ ਵਿੱਚ ਮੀਲਾਂ ਲੰਮੀਆਂ, ਮੀਲਾਂ ਚੌੜੀਆਂ ਤੇ ਕਈ ਮੀਟਰ ਮੋਟੀਆਂ ਕੋਲੇ ਦੀਆਂ ਖਾਣਾਂ ਮਿਲਦੀਆਂ ਹਨ। ਇਨ੍ਹਾਂ ਵਿਚੋਂ ਕਈ ਅਰਬ ਟਨ ਕੋਲਾ ਹਰ ਸਾਲ ਪ੍ਰਾਪਤ ਹੁੰਦਾ ਹੈ।

**ਪ੍ਰਸ਼ਨ: ਫਲ ਖੱਟੇ-ਮਿੱਠੇ ਕਿਉਂ ਹੁੰਦੇ ਹਨ?**

**ਉੱਤਰ:** ਸਾਡੇ ਦੇਸ਼ ਵਿੱਚ ਮਿਲਣ ਵਾਲੇ ਫਲਾਂ ਨੂੰ ਦੋ ਕਿਸਮਾਂ ਵਿੱਚ ਵੰਡਿਆ ਜਾ ਸਕਦਾ ਹੈ ਮਿੱਠੇ ਤੇ ਖੱਟੇ। ਕੇਲੇ ਆਮ ਤੌਰ ਤੇ ਮਿੱਠੇ ਹੁੰਦੇ ਹਨ ਕਿਉਂਕਿ ਇਨ੍ਹਾਂ ਵਿੱਚ ਚੀਨੀ (Fructose) ਦੀ ਮਾਤਰਾ ਵੱਧ ਹੁੰਦੀ ਹੈ। ਨਿੰਬੂ ਖੱਟੇ ਹੁੰਦੇ ਹਨ ਕਿਉਂਕਿ ਇਨ੍ਹਾਂ ਵਿੱਚ ਸਿਟਰਿਕ ਨਾਂ ਦੇ ਤੇਜ਼ਾਬ ਦੀ ਮਾਤਰਾ ਵੱਧ ਹੁੰਦੀ ਹੈ। ਸੰਗਤਰੇ ਖਟ-ਮਿੱਠੇ ਹੁੰਦੇ ਹਨ ਕਿਉਂਕਿ ਇਨ੍ਹਾਂ ਵਿੱਚ ਤੇਜ਼ਾਬ ਅਤੇ ਚੀਨੀ ਦੀ ਮਾਤਰਾ ਲਗਭਗ ਬਰਾਬਰ ਹੁੰਦੀ ਹੈ। ਫਲਾਂ ਵਿੱਚ ਕੁਝ ਵਿਟਾਮਿਨ, ਸਟਾਰਚ, ਪ੍ਰੋਟੀਨ ਤੇ ਸੈਲੂਲੋਜ਼ ਹੁੰਦੇ ਹਨ ਜਿਸ ਕਰ ਕੇ ਸਾਰੇ ਫਲਾਂ ਦੇ ਸੁਆਦਾਂ ਵਿੱਚ ਕੁਝ ਅੰਤਰ ਹੁੰਦਾ ਹੈ। ਕਈ ਵਾਰ ਇਕੋ ਦਰੱਖ਼ਤ ਦੇ ਫਲਾਂ ਵਿੱਚ ਵੀ ਇਨ੍ਹਾਂ ਪਦਾਰਥਾਂ ਦੀ ਮਾਤਰਾ ਵਿੱਚ ਮਾਮੂਲੀ ਅੰਤਰ ਹੋਣ ਕਾਰਨ ਇਨ੍ਹਾਂ ਦੇ ਸੁਆਦ ਵਿੱਚ ਵੀ ਫ਼ਰਕ ਹੁੰਦਾ ਹੈ।

**ਪ੍ਰਸ਼ਨ: ਪਹਾੜ ਕਿਵੇਂ ਹੋਂਦ ਵਿੱਚ ਆਉਂਦੇ ਹਨ?**

**ਉੱਤਰ:** ਦੁਨੀਆਂ ਵਿੱਚ ਸਭ ਤੋਂ ਉੱਚੀ ਪਹਾੜੀ ਮਾਊਂਟ ਐਵਰੈਸਟ ਭਾਰਤ ਦੇ ਗੁਆਂਢੀ ਰਾਜ ਨੇਪਾਲ ਵਿੱਚ ਸਥਿਤ ਹੈ। ਭਾਰਤ ਦਾ ਹਿਮਾਲਾ ਪਰਬਤ ਦੁਨੀਆਂ ਦਾ ਸਭ ਤੋਂ ਵੱਡਾ ਪਹਾੜ ਹੈ। ਇਹ ਪਹਾੜ ਕਿਵੇਂ ਬਣਦੇ ਹਨ? ਇਨ੍ਹਾਂ ਪਹਾੜਾਂ ਦੇ ਬਣਨ ਦੇ ਕਾਰਨ ਵੀ ਕਈ ਹੋ ਸਕਦੇ ਹਨ। ਅਸੀ ਜਾਣਦੇ ਹਾਂ ਕਿ ਸਾਡੀ ਧਰਤੀ ਦੀਆਂ ਅੰਦਰਲੀਆਂ ਪਰਤਾਂ ਹੇਠਾਂ ਬਹੁਤ ਸਾਰਾ ਲਾਵਾ ਪਿਘਲੀ ਹੋਈ ਹਾਲਤ ਵਿੱਚ ਪਿਆ ਹੈ। ਧਰਤੀ ਦੇ ਕਈ ਸਥਾਨਾਂ ਤੋਂ ਇਹ ਲਾਵਾ ਬਾਹਰ ਆਉਣਾ ਸ਼ੁਰੂ ਹੋ ਜਾਂਦਾ ਹੈ। ਇਸ ਲਈ ਅਜਿਹੇ ਸਥਾਨਾਂ 'ਤੇ ਗੁੰਬਦ ਪਰਬਤ ਬਣ ਜਾਂਦੇ ਹਨ। ਕਰੋੜਾਂ ਸਾਲਾਂ ਵਿੱਚ ਧਰਤੀ ਕਰੋੜਾਂ ਹੀ ਵਾਰ ਰਿੜਕੀ ਗਈ ਹੈ। ਅਜਿਹੇ ਹਾਲਾਤ ਵਿੱਚ ਵੱਡੀਆਂ-ਵੱਡੀਆਂ ਚਟਾਨਾਂ ਵਾਲੇ ਪਹਾੜ ਬਣੇ। ਇਨ੍ਹਾਂ ਦੇ ਸ਼ਿਲਾ ਖੰਡ ਸੈਂਕੜੇ ਮੀਲ ਲੰਮੇ ਅਤੇ ਚੌੜੇ ਵੀ ਹਨ। ਅਜਿਹੇ ਪਰਬਤਾਂ ਨੂੰ ਸ਼ਿਲਾ ਪਰਬਤ ਕਹਿੰਦੇ ਹਨ। ਕੁਝ ਹੋਰ ਪਰਬਤ ਜਿਨ੍ਹਾਂ ਵਿਚੋਂ ਲਾਵਾ ਠੋਸ ਰੂਪ ਵਿੱਚ ਬਾਹਰ ਨਿਕਲਦਾ ਰਹਿੰਦਾ ਹੈ, ਨੂੰ ਜਵਾਲਾਮੁਖੀ ਪਰਬਤ ਕਹਿੰਦੇ ਹਨ। ਧਰਤੀ ਦੇ ਅੰਦਰੋਂ ਸੁੰਗੜਨ ਤੇ ਦਬਾਉ ਕਰ ਕੇ ਪਹਾੜਾਂ ਦੀਆਂ ਪਰਤਾਂ ਬਾਹਰ ਆ ਜਾਂਦੀਆਂ ਹਨ। ਇਨ੍ਹਾਂ ਨੂੰ ਤਹਿਦਾਰ ਪਹਾੜੀਆਂ ਕਿਹਾ ਜਾਂਦਾ ਹੈ।

**ਪ੍ਰਸ਼ਨ: ਦੁਨੀਆਂ ਵਿੱਚ ਸਭ ਤੋਂ ਵੱਡਾ ਦਰੱਖ਼ਤ ਕਿਥੇ ਹੈ?**

**ਉੱਤਰ:** ਅਮਰੀਕਾ ਦੇ ਇੱਕ (ਰਾਜ) ਪ੍ਰਾਂਤ ਕੈਲੇਫ਼ੋਰਨੀਆਂ ਦੇ ਸਿਕੋਈਆ ਨੈਸ਼ਨਲ ਪਾਰਕ ਵਿੱਚ ਦੁਨੀਆਂ ਦਾ ਸਭ ਤੋਂ ਪੁਰਾਣਾ ਅਤੇ ਵੱਡਾ ਦਰੱਖ਼ਤ ਹੈ। ਇਸ ਦਰੱਖ਼ਤ ਦਾ ਨਾਂ ਜਨਰਲ ਸ਼ੈਰਮਨ ਹੈ। ਇਹ ਲਗਭਗ 3500 ਸਾਲ ਪੁਰਾਣਾ ਹੈ। ਇਸ ਦੀ ਉਚਾਈ 85 ਮੀਟਰ ਅਤੇ ਘੇਰਾ 25 ਮੀਟਰ ਹੈ। ਇਸੇ ਦੇਸ਼ ਵਿੱਚ ਇੱਕ ਅਜਿਹਾ ਦਰੱਖ਼ਤ ਵੀ ਹੈ ਜਿਸ ਦੇ ਤਣੇ ਨੂੰ ਵਿਚਾਲਿਉਂ ਕੱਟ ਕੇ ਦੋ ਸੜਕਾਂ ਕੱਢੀਆਂ ਗਈਆਂ ਹਨ।

-0-

## ਆਉ ਬੱਚਿਓ, ਇਹ ਵੀ ਜਾਣੀਏ

- ਜੋ ਆਪ ਨੂੰ ਹਰ ਹਾਲਾਤ ਅਨੁਸਾਰ ਢਾਲਣਾ ਜਾਣਦਾ ਹੈ, ਉਸ ਨੂੰ ਜੀਵਨ ਜੀਊਣ ਦੀ ਕਲਾ ਆ ਜਾਂਦੀ ਹੈ।
- ਝੂਠ ਬੋਲਣਾ ਤਲਵਾਰ ਦੇ ਜ਼ਖ਼ਮ ਦੀ ਤਰ੍ਹਾਂ ਹੈ, ਜ਼ਖ਼ਮ ਤਾਂ ਭਰ ਜਾਂਦਾ ਹੈ ਪਰ ਉਸ ਦਾ ਨਿਸ਼ਾਨ ਕਦੇ ਨਹੀਂ ਜਾਂਦਾ।
- ਥੋੜ੍ਹਾ-ਥੋੜ੍ਹਾ ਪਾਣੀ ਰਿਸਦੇ-ਰਿਸਦੇ ਵੱਡੇ-ਵੱਡੇ ਜਹਾਜ਼ ਡੁੱਬ ਜਾਂਦੇ ਹਨ।
- ਚੁਗਲਖੋਰ ਕੁੱਤੇ ਬਰਾਬਰ ਹੈ, ਕਿਉਂਕਿ ਦੋਵੇਂ ਹੀ ਅਪਣੀ ਜੀਭ ਨਾਲ ਸਾਫ਼ ਭਾਂਡਾ ਤੇ ਸੱਜਣ ਪੁਰਸ਼ ਨੂੰ ਗੰਦਾ ਕਰ ਦਿੰਦੇ ਹਨ।
- ਗੁੱਸਾ ਮੂਰਖਤਾ ਤੋਂ ਸ਼ੁਰੂ ਹੁੰਦਾ ਹੈ ਤੇ ਪਛਤਾਵੇ 'ਤੇ ਖ਼ਤਮ।
- ਰਤਨਾਂ ਨਾਲ ਭਰਿਆ ਹੋਣ'ਤੇ ਵੀ ਸਮੁੰਦਰ ਘੁਮੰਡ ਵਿੱਚ ਚੂਰ ਨਹੀਂ ਹੁੰਦਾ, ਪਰ ਇੱਕ ਅੱਧਾ ਮੋਤੀ ਪਾ ਲੈਣ 'ਤੇ ਵੀ ਲਾਲਚੀ ਘੁਮੰਡੀ ਹੋ ਜਾਂਦਾ ਹੈ।
- ਸਮਾਂ ਸਾਥ ਨਾ ਦੇਵੇ ਤਾਂ ਚੁੱਪ ਰਹਿਣ ਵਿੱਚ ਹੀ ਭਲਾਈ ਹੈ। ਸਹੀ ਸਮਾਂ ਆਉਣ'ਤੇ ਕੰਮ ਆਪ ਹੀ ਬਣਨ ਲੱਗ ਜਾਂਦੇ ਹਨ।
- ਕਸਤੂਰੀ ਦੀ ਪਹਿਚਾਣ ਉਸ ਦੀ ਖ਼ੁਸ਼ਬੋ ਤੋਂ ਹੀ ਹੁੰਦੀ ਹੈ, ਕਿਸੇ ਦੇ ਕਹਿਣ 'ਤੇ ਨਹੀਂ।
- ਆਦਮੀ ਦੀ ਜੀਭ ਛੋਟੀ ਹੁੰਦੀ ਹੈ, ਪਰ ਵੱਡੇ-ਵੱਡੇ ਦੋਸ਼ ਕਰ ਬੈਠਦੀ ਹੈ।

# ਸੂਰਜ ਮੰਡਲ ਦੇ ਗ੍ਰਹਿ

-ਮਨਿੰਦਰ ਕੌਰ

ਪਿਆਰੇ ਬੱਚਿਓ! ਤੁਸੀਂ ਜਾਣਦੇ ਹੋ ਇਸ ਜ਼ਮੀਂ ਤੋਂ ਇਲਾਵਾ ਕਿਸੇ ਹੋਰ ਗ੍ਰਹਿ 'ਤੇ ਜੀਵਨ ਦੀ ਤਲਾਸ਼ ਲਈ ਸੰਘਰਸ਼ ਲੰਬੇ ਸਮੇਂ ਤੋਂ ਜਾਰੀ ਹੈ। ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਹੁਣ ਇਕ ਅਜਿਹਾ ਸੂਰਜ ਮੰਡਲ ਹੋਰ ਲੱਭ ਗਿਆ ਹੈ, ਜੋ ਸਾਡੀ ਆਪਣੀ ਧਰਤੀ ਤੋਂ 500 ਪ੍ਰਕਾਸ਼ ਵਰ੍ਹੇ ਦੂਰ ਹੈ । ਯਾਨੀ ਕਿ ਸਾਡੇ ਸੂਰਜ ਮੰਡਲ ਦੇ ਗ੍ਰਹਿਆਂ/ਉਪ-ਗ੍ਰਹਿਆਂ ਤੋਂ ਇਲਾਵਾ ਇਕ ਪੂਰਾ ਸੂਰਜ ਮੰਡਲ ਹੋਰ, ਜਿਥੇ ਬਹੁਤ ਸਾਰੇ ਸਬੂਤ ਜੀਵਨ ਦੀ ਸੰਭਾਵਨਾ ਦੀ ਪੁਸ਼ਟੀ ਕਰਦੇ ਹਨ। ਇਹ ਸੂਰਜ ਮੰਡਲ ਜਿਸ ਨੂੰ ਕੇਪਲਰ ਟੈਲੀਸਕੋਪ ਦੁਆਰਾ ਲੱਭਿਆ ਗਿਆ ਹੈ, ਦਾ ਨਾਂਅ ਕੇਪਲਰ-186 ਰੱਖਿਆ ਹੈ। ਇਸ ਦੇ ਪੰਜ ਉਪ-ਗ੍ਰਹਿ ਹਨ, ਜਿਨ੍ਹਾਂ ਦੀ ਸੰਰਚਨਾ ਧਰਤੀ ਵਰਗੀ ਹੀ ਹੈ ਅਤੇ ਇਥੇ ਕਾਫੀ ਹੱਦ ਤੱਕ ਜੀਵਨ ਸੰਭਵ ਹੈ।



**ਜੀਵਨ ਬ੍ਰਹਸਪਤੀ ਦੇ ਚੰਦ 'ਤੇ ਵੀ...**

ਸਾਡੇ ਸੂਰਜ ਮੰਡਲ ਦੇ ਸਭ ਤੋਂ ਵੱਡੇ ਉਪ-ਗ੍ਰਹਿ, ਬ੍ਰਹਸਪਤੀ ਦੇ ਸਭ ਤੋਂ ਵੱਡੇ ਚੰਦ 'ਗੈਨੀਮੇਡ' ਉੱਤੇ ਭੂਮੀਗਤ ਸਮੁੰਦਰ ਹੋਣ ਦੇ ਸੰਕੇਤ ਮਿਲੇ ਹਨ। ਨਾਸਾ ਦਾ ਦਾਅਵਾ ਹੈ ਕਿ ਇਸ ਸਮੁੰਦਰ ਵਿਚ ਧਰਤੀ ਤੋਂ ਵੀ ਵੱਧ ਪਾਣੀ ਮੌਜੂਦ ਹੈ, ਜੋ ਧਰਤੀ ਦੇ ਸਮੁੰਦਰਾਂ ਨਾਲੋਂ ਘੱਟੋ-ਘੱਟ ਦਸ ਗੁਣਾ ਡੂੰਘਾ ਅਤੇ 150 ਕਿਲੋਮੀਟਰ ਮੋਟੀ ਬਰਫ਼ੀਲੀ ਤਹਿ ਥੱਲੇ ਦੱਬਿਆ ਪਿਆ ਹੈ। ਗੈਨੀਮੇਡ, ਇਕੋ-ਇਕ ਅਜਿਹਾ ਚੰਦ ਹੈ, ਜਿਸ ਦਾ ਆਪਣਾ ਚੁੰਬਕੀ ਖੇਤਰ ਹੈ, ਜਿਸ ਕਾਰਨ ਉੱਥੇ ਆਰੋਰੇ ਬਣਦਾ ਹੈ। ਆਰੋਰੇ, ਚਮਕੀਲੇ ਅਤੇ ਬਿਜਲਈਕ੍ਰਿਤ ਗੈਸ ਦਾ ਇਕ ਫੀਤਾ ਹੈ, ਜੋ ਚੰਦ ਦੇ ਉੱਤਰੀ ਅਤੇ ਦੱਖਣੀ ਧਰੁਵ ਤੋਂ ਦਿੱਸਦਾ ਹੈ, ਕਿਉਂਕਿ ਗੈਨੀਮੇਡ, ਬ੍ਰਹਸਪਤੀ ਦੇ ਨੇੜੇ ਹੈ, ਜਦੋਂ ਬ੍ਰਹਸਪਤੀ ਦਾ ਚੁੰਬਕੀ ਖੇਤਰ ਬਦਲਦਾ ਹੈ, ਗੈਨੀਮੇਡ ਦਾ ਆਰੋਰੇ ਵੀ ਬਦਲਦਾ ਹੈ। ਇਹ ਆਰੋਰੇ ਹੀ ਇੱਥੇ ਜੀਵਨ ਸੰਭਵ ਹੋਣ ਦਾ ਵੱਡਾ ਸੰਕੇਤ ਹੈ।

**ਸਬੂਤ ਸ਼ਨੀ ਦੇ ਚੰਦ 'ਤੇ ਵੀ ਮਿਲੇ...**

2005 ਵਿਚ ਛੱਡੇ ਗਏ ਨਾਸਾ ਦੇ ਕਾਸਿਨੀ ਯਾਨ ਨੇ ਸ਼ਨੀ ਦੇ ਚੰਦ 'ਇੰਸੇਲਾਦਸ' 'ਤੇ ਜਲਵਾਸ਼ਪਾਂ ਦੀ ਮੌਜੂਦਗੀ ਦੇ ਸੰਕੇਤ ਦਿੱਤੇ ਸਨ। ਹੁਣ ਨਾਸਾ ਅਨੁਸਾਰ 'ਇੰਸੇਲਾਦਸ' ਦੀ ਬਰਫ਼ੀਲੀ ਸਤਹ ਦੇ 40 ਕਿਲੋਮੀਟਰ ਥੱਲੇ ਤਰਲ ਪਦਾਰਥ ਹਨ, ਜਿਸ ਦੀ ਵਜ੍ਹਾ ਕਰਕੇ ਉਥੇ ਜੀਵਨ ਲਈ ਅਨੁਕੂਲ ਪ੍ਰਸਥਿਤੀਆਂ ਹੋ ਸਕਦੀਆਂ ਹਨ। ਇਸ ਤੋਂ ਇਲਾਵਾ ਸ਼ਨੀ ਦੇ ਸਭ ਤੋਂ ਵੱਡੇ ਉਪਗ੍ਰਹਿ 'ਟਾਈਟਨ' 'ਤੇ ਵੀ ਜੀਵਨ ਦੀਆਂ ਮਜ਼ਬੂਤ ਸੰਭਾਵਨਾਵਾਂ ਹਨ।

**ਮੰਗਲ 'ਤੇ ਵੀ ਵਸ ਸਕਦੀ ਹੈ ਦੁਨੀਆ...**

ਮੰਗਲ 'ਤੇ ਛੱਡੇ ਕਿਓਰੋਸਿਟੀ ਰੋਵਰ ਅਨੁਸਾਰ 'ਮੰਗਲ ਗ੍ਰਹਿ' ਲਗਭਗ 4 ਅਰਬ ਸਾਲ ਪਹਿਲਾਂ ਜੀਵਨ ਯੋਗ ਰਿਹਾ ਹੋਵੇਗਾ, ਕਿਉਂਕਿ ਉਥੋਂ ਦੀ ਸਤਹ ਗਰਮ ਅਤੇ ਪਾਣੀ ਮੌਜੂਦ ਰਿਹਾ ਹੋਵੇਗਾ। ਅਜੇ ਤੱਕ ਜੀਵਨ ਸੰਭਵ ਹੋਣ ਦੀ ਪੁਸ਼ਟੀ ਤਾਂ ਨਹੀਂ ਹੋ ਸਕੀ, ਪਰ ਉੱਥੇ ਮੀਥੇਨ ਗੈਸ ਦੀ ਮੌਜੂਦਗੀ ਤੋਂ ਵਿਗਿਆਨੀ ਹੈਰਾਨ ਸਨ, ਕਿਉਂਕਿ ਮੀਥੇਨ ਗੈਸ, ਜੈਵਿਕ ਕ੍ਰਿਆਵਾਂ ਦਾ ਹੀ ਉਤਪਾਦ ਹੈ, ਪਰ ਮੀਥੇਨ ਦੇ ਸਰੋਤ ਦੀ ਪ੍ਰਕ੍ਰਿਤੀ ਬਾਰੇ ਅਜੇ ਕੁਝ ਪਤਾ ਨਹੀਂ ਲੱਗ ਸਕਿਆ। ਸ਼ਾਇਦ 'ਮੰਗਲਯਾਨ' ਇਸ ਬਾਬਤ ਕੁਝ ਅੰਕੜੇ ਜੁਟਾਉਣ 'ਚ ਸਫ਼ਲ ਹੋਵੇ।

-0-

ਬਾਲ ਕਵਿਤਾ:

# ਦਾਦੀ ਮਾਂ ਬੜੀ ਪਿਆਰੀ

-ਪੰਜਾਬੀ ਲਾਇਬ੍ਰੇਰੀ ਕਮਿਊਨਿਟੀ

ਦਾਦੀ ਮੇਰੀ ਬੜੀ ਪਿਆਰੀ।
ਉਸ ਦੀ ਹਰ ਇੱਕ ਗੱਲ ਨਿਆਰੀ।
ਸਾਨੂੰ ਗੋਦੀ ਵਿੱਚ ਬਿਠਾਉਂਦੀ।
ਪਰੀਆਂ ਦੀ ਉਹ ਬਾਤ ਸੁਣਾਉਂਦੀ।

ਅੰਬਰਾਂ ਤੇ ਜੋ ਚਮਕਣ ਤਾਰੇ।
ਦੱਸਦੀ ਸਾਨੂੰ ਉਹਨਾਂ ਬਾਰੇ।
ਧ੍ਰੂ ਤਾਰੇ ਦੀਆਂ ਗੱਲਾਂ ਕਰਦੀ ।
ਦਾਦੀ ਮਾਂ, ਹੈ ਰੌਣਕ ਘਰ ਦੀ।

ਪੜ੍ਹਨ ਸਕੂਲੇ ਜਦ ਵੀ ਜਾਈਏ।
ਦਾਦੀ ਦੇ ਪੈਰੀਂ ਹੱਥ ਲਾਈਏ।

ਦਾਦੀ ਸਿਰ ਤੇ ਹੱਥ ਹੈ ਧਰਦੀ।
ਮੱਥਾ ਚੁੰਮ ਕੇ ਪਿਆਰ ਹੈ ਕਰਦੀ।

ਗਲ ਨਾਲ ਲਾ ਕੇ ਦਵੇ ਅਸੀਸਾਂ।
ਕੌਣ ਕਰੂ ਦਾਦੀ ਦੀਆਂ ਰੀਸਾਂ।
ਅੱਖਾਂ ਤੋਂ ਜਦ ਹੋਈਏ ਓਹਲੇ।
ਅੱਖ ਓਸਦੀ ਸਾਨੂੰ ਟੋਲੇ।

ਜਦੋਂ ਸਕੂਲੋਂ ਪੜ੍ਹ ਕੇ ਆਈਏ।
ਸਿੱਧੇ ਦਾਦੀ ਮਾਂ ਕੋਲ ਜਾਈਏ।
ਘੁੱਟ ਕਲੇਜੇ ਲਾਵੇ ਦਾਦੀ।
ਪਾਣੀ ਸਾਨੂੰ ਪਿਆਵੇ ਦਾਦੀ।

ਰੋਟੀ ਫੇਰ ਖਵਾਵੇ ਦਾਦੀ।
ਮੂੰਹ ਵਿੱਚ ਬੁਰਕੀਆਂ ਪਾਵੇ ਦਾਦੀ।
ਏਨਾਂ ਕਿਸ ਨੇ ਲਾਡ ਲਡਾਉਣਾ,
ਜਿਨ੍ਹਾਂ ਲਾਡ ਲਡਾਵੇ ਦਾਦੀ।

ਦਾਦੀ ਮਾਂ ਕਦੇ ਦੂਰ ਨਾਂ ਹੋਈਂ।
ਸਾਥੋਂ ਕਦੇ ਨਾ ਮੁੱਖ ਲਕੋਈਂ।
ਪਰਗਟ ਏਹੀ ਮੰਗਾਂ ਦੁਆਵਾਂ,
ਰੱਬਾ ਮੇਰੀ ਦਾਦੀ ਨਾ ਖੋਈਂ।

-0-

# ਉੱਠੋ ਬੱਚਿਓ ਕਰੋ ਨਾ ਦੇਰ

ਸੂਰਜ ਚੜ੍ਹਿਆ ਹੋਈ ਸਵੇਰ, ਉੱਠੋ ਬੱਚਿਓ ਕਰੋ ਨਾ ਦੇਰ।
ਹੋ ਕੇ ਤਿਆਰ ਪਹਿਲਾਂ ਖਾਣਾ ਖਾਈਏ, ਚੁਕ ਕੇ ਬੈਗ ਸਕੂਲੇ ਜਾਈਏ।
ਰੱਜ ਕੇ ਪੜ੍ਹੋ ਬਈ ਪਿਆਰੇ ਬੱਚਿਓ, ਮੰਮੀ ਪਾਪਾ ਦੇ ਸ਼ੇਰ ਬੱਚਿਓ।
ਉੱਠੋ ਬੱਚਿਓ ਕਰੋ ਨਾ ਦੇਰ, ਸੂਰਜ ਚੜ੍ਹਿਆ ਹੋਈ ਸਵੇਰ।
ਮਨ ਲਾ ਕੇ ਸਦਾ ਪੜ੍ਹਦੇ ਰਹੀਏ, ਅਧਿਆਪਕਾਂ ਨੂੰ ਵੀ ਜੀ-ਜੀ ਕਹੀਏ।
ਵਿੱਦਿਆ ਵਾਲੇ ਚਾਨਣ ਦੇ ਨਾਲ, ਦੂਰ ਹੋਵੇਗਾ ਸਾਰਾ ਹਨ੍ਹੇਰ।
ਉੱਠੋ ਬੱਚਿਓ ਕਰੋ ਨਾ ਦੇਰ, ਸੂਰਜ ਚੜ੍ਹਿਆ ਹੋਈ ਸਵੇਰ।

ਕਿਸੇ ਨੇ ਡਾਕਟਰ, ਕਿਸੇ ਨੇ ਨੇਤਾ, ਕਿਸੇ ਨੇ ਪਾਇਲਟ ਬਣ ਜਾਣਾ।
ਕਿਸੇ ਨੇ ਬਣ ਕੇ ਫ਼ੌਜੀ ਬੱਚਿਓ, ਸਰਹੱਦਾਂ ਉੱਤੇ ਤਣ ਹੈ ਜਾਣਾ।
ਫ਼ੌਜੀ ਹੁੰਦੇ ਬੜੇ ਦਲੇਰ, ਉੱਠੋ ਬੱਚਿਓ ਕਰੋ ਨਾ ਦੇਰ।
ਕਲਾਸ ਰੂਮ ਨੂੰ ਸਮਝੀਏ ਮੰਦਰ, ਵਿੱਦਿਆ ਦੇਵੀ ਇਸ ਦੇ ਅੰਦਰ।
ਕਦੇ ਨਾ ਐਵੇਂ ਰੌਲਾ ਪਾਈਏ, ਛੱਡੋ ਕਰਨੀ ਤੇਰ ਤੇ ਮੇਰ।
ਉੱਠੋ ਬੱਚਿਓ ਕਰੋ ਨਾ ਦੇਰ, ਸੂਰਜ ਚੜ੍ਹਿਆ ਹੋਈ ਸਵੇਰ।

-0-

# ਗਾਜ਼ਾ: ਅੱਗ ਦੇ ਦਰਿਆ ਵਿਚ ਜ਼ਿੰਦਗੀ ਦਾ ਮਰਘਟ

**ਡਾ. ਕ੍ਰਿਸ਼ਨ ਕੁਮਾਰ ਰੱਤੂ # 94787-30156**

ਫ਼ਲਸਤੀਨ ਦੇ ਪ੍ਰਸਿੱਧ ਕਵੀ ਮਹਿਮੂਦ ਦਰਵੇਸ਼ ਨੇ ਇਸ ਧਰਤੀ ਬਾਰੇ ਲਿਖਿਆ ਸੀ:

ਸਿਆਹ ਕਾਲੇ ਹੋ ਗਏ ਮੇਰੇ ਦਿਲ ਦੇ ਗੁਲਾਬ
ਮੇਰੇ ਹੋਠਾਂ ਤੋਂ ਨਿਕਲੀਆਂ
ਅਗਨੀ ਦੇ ਵੇਗ ਵਰਗੀਆਂ ਆਵਾਜ਼ਾਂ
ਕੀ ਜੰਗਲ ਕੀ ਨਰਕ
ਤੁਸੀਂ ਹੁਣ ਆਏ ਹੋ-
ਤੁਸੀਂ ਸਾਰੇ ਭੁੱਖੇ ਸ਼ੈਤਾਨ!
ਹੱਥ ਮਿਲਾਏ ਹਨ
ਮੈਂ, ਭੁੱਖ ਅਤੇ ਜਲਾਵਤਨੀ ਨਾਲ
ਮੇਰੇ ਹੱਥ ਗੁੱਸੇ 'ਚ ਹਨ
ਕ੍ਰੋਧ 'ਚ ਮੇਰਾ ਚਿਹਰਾ ਸੁਰਖ਼ ਹੋ ਗਿਆ ਹੈ
ਮੇਰੀਆਂ ਰਗਾਂ ਵਿਚ ਵਹਿੰਦੇ ਹੋਏ ਖ਼ੂਨ 'ਚ ਗੁੱਸਾ ਹੈ
ਮੈਨੂੰ ਸਹੁੰ ਹੈ ਆਪਣੇ ਦੁੱਖ ਦੀ
ਮੇਰੇ ਕੋਲੋਂ ਮਨ ਚਾਹੇ ਗੀਤਾਂ ਦੀ ਫਰਮਾਇਸ਼ ਨਾ ਕਰੋ
ਫੁੱਲ ਵੀ ਜੰਗਲੀ ਹੋ ਗਏ ਹਨ
ਇਸ ਹਾਰੇ ਹੋਏ ਜੰਗਲ ਵਿਚ
ਮੈਨੂੰ ਕਹਿਣ ਦਿਓ ਆਪਣੇ ਥੱਕੇ ਹੋਏ ਸ਼ਬਦ
ਮੇਰੇ ਪੁਰਾਣੇ ਜ਼ਖ਼ਮਾਂ ਨੂੰ ਆਰਾਮ ਚਾਹੀਦਾ ਹੈ
ਇਹ ਮੇਰਾ ਦਰਦ ਹੈ
ਇਕ ਅੰਨ੍ਹਾ ਹਮਲਾ ਰੇਤ 'ਤੇ, ਦੂਜਾ ਬੱਦਲਾਂ ਉੱਪਰ
ਇਹੀ ਬਹੁਤ ਹੈ ਕਿ ਮੈਂ ਗੁੱਸੇ ਵਿਚ ਹਾਂ
ਪਰ ਕੱਲ੍ਹ ਕ੍ਰਾਂਤੀ ਆਏਗੀ।

ਮਹਿਮੂਦ ਦਰਵੇਸ਼ ਨੇ ਇਹ ਸ਼ਬਦ ਐਵੇਂ ਨਹੀਂ ਕਹੇ। ਇਹ ਉਨ੍ਹਾਂ ਦੇ ਦਿਲ ਦੀ ਆਵਾਜ਼ ਦਾ ਸੰਵਾਦ ਹੈ।

ਪਿਛਲੀ ਅੱਧੀ ਸ਼ਤਾਬਦੀ ਤੋਂ ਜ਼ਿਆਦਾ ਸਮੇਂ ਦੀ ਸਾਜ਼ਿਸ਼ੀ ਤੇ ਦਹਿਸ਼ਤੀ ਗੁਲਾਮੀ ਦੀ ਪ੍ਰਥਾ ਵਿਚ ਜਕੜਿਆ ਹੋਇਆ ਬੰਦਸ਼ਾਂ ਭਰਿਆ ਬਚਪਨ, ਜਵਾਨੀ ਤੇ ਫਿਰ ਇਹ ਮੌਤ... ਇਹ ਫ਼ਲਸਤੀਨ ਅਤੇ ਗਾਜ਼ਾ ਦੇ ਇਤਿਹਾਸ ਦੀ ਤਰਾਸਦੀ ਭਰੀ ਦਾਸਤਾਨ ਹੈ ਜੋ ਅੱਜ ਪੂਰੀ ਦੁਨੀਆ ਮੂਕ ਦਰਸ਼ਕ ਬਣ ਕੇ ਦੇਖ ਰਹੀ ਹੈ। ਇਹ ਤਬਾਹੀ ਤੇ ਖ਼ੂਨ ਅਤੇ ਜ਼ਖ਼ਮੀ ਮਨੁੱਖਤਾ ਉਨ੍ਹਾਂ ਮਾਸੂਮਾਂ ਦੀਆਂ ਚੀਕਾਂ ਦੀ ਹੈ ਜਿਨ੍ਹਾਂ ਨੇ ਇਸ ਧਰਤੀ 'ਤੇ ਕੁਝ ਵੀ ਨਹੀਂ ਦੇਖਿਆ। ਇਹ ਗਾਜ਼ਾ ਦਾ ਵਰਤਮਾਨ ਹੈ ਜੋ ਧਰਮ ਦੀ ਰਾਜਨੀਤੀ ਦਾ ਸ਼ਿਕਾਰ ਹੋ ਕੇ ਰਹਿ ਗਿਆ ਹੈ।

ਹਮਾਸ ਤੇ ਇਜ਼ਰਾਈਲ ਦੇ ਇਸ ਯੁੱਧ ਵਿਚ ਗਾਜ਼ਾ ਹੁਣ ਅੱਗ ਦਾ ਉਹ ਦਰਿਆ ਹੈ ਜਿਸ ਵਿਚ ਯੁੱਧ ਨਾਲ ਹੋਈ ਬਰਬਾਦੀ, ਮਨੁੱਖੀ ਜਾਨਾਂ ਦੀ ਤਬਾਹੀ ਅਤੇ ਬੇਘਰ ਹੋਏ ਲੋਕਾਂ ਦੀ ਦਮ ਤੋੜਦੀ ਜ਼ਿੰਦਗੀ, ਕਰਾਹੁੰਦੇ ਬੱਚਿਆਂ ਦੀਆਂ ਚੀਕਾਂ ਤੇ ਬੰਬਾਂ ਨਾਲ ਭੁੱਖ ਤੇ ਪਿਆਸ ਦੀ ਪਰਿਕਰਮਾ ਵਿਚ ਮਰਦੇ ਲੋਕ, ਇਹ ਗਾਜ਼ਾ ਦੀ ਤਰਾਸਦੀ ਹੈ। ਇਹ ਉਹ ਸਥਾਨ ਹੈ ਜਿੱਥੇ ਹਮੇਸ਼ਾ ਯੁੱਧ, ਰਾਜਨੀਤੀ ਤੇ ਧਰਮ ਦੀ ਤ੍ਰਿਕੋਣ ਇਕੱਠੀ ਹੈ। ਪੂਰੀ ਦੁਨੀਆ 'ਚ ਗਾਜ਼ਾ ਦਾ ਇਹ ਇਲਾਕਾ ਸਮੁੰਦਰ, ਰੇਤ, ਪਹਾੜ, ਜੈਤੂਨ, ਸ਼ਹਿਦ ਤੇ ਮਾਨਵੀ ਖ਼ੂਬਸੂਰਤੀ ਦੀ ਸਾਦਗੀ ਦਾ ਉਹ ਨਮੂਨਾ ਹੈ ਜਿੱਥੇ ਜ਼ਿੰਦਗੀ ਜੈਤੂਨ ਦੀਆਂ ਪੱਤੀਆਂ ਨਾਲ ਮਹਿਕਦੀ ਹੋਈ ਮੁਸਕਰਾਉਂਦੀ ਹੈ। ਉਹ ਥਾਂ ਜਿੱਥੇ ਸ਼ਹਿਦ ਅਤੇ ਤਿਤਲੀਆਂ ਕਦੀ ਜ਼ਿੰਦਗੀ ਦੇ ਗੀਤ ਗਾਉਂਦੀਆਂ ਸਨ।

ਪੰਜ ਹਜ਼ਾਰ ਸਾਲ ਪੁਰਾਣਾ ਗਾਜ਼ਾ ਸ਼ਹਿਰ ਅਸਲ ਵਿਚ ਵਰੋਸਾਇਆ ਸ਼ਹਿਰ ਹੈ ਜਿੱਥੇ ਪੈਗੰਬਰ, ਦੇਵਤੇ ਤੇ ਧਰਤੀ ਦੇ ਸਚਾਈ ਤੇ ਮੁਹੱਬਤ ਦੇ ਸਾਰੇ



ਪੈਰੋਕਾਰ ਆਪੋ-ਆਪਣੀਆਂ ਨਿਸ਼ਾਨੀਆਂ ਲੈ ਕੇ ਗਾਜ਼ਾ ਦੀ ਧਰਤੀ ਅਤੇ ਆਸ ਪਾਸ ਯੇਰੂਸ਼ਲਮ ਦੀਆਂ ਪਹਾੜੀਆਂ 'ਤੇ ਪ੍ਰਕਾਸ਼ਮਾਨ ਹੋਏ। ਇਹ ਅਸਲ ਵਿਚ ਉਗਦੇ ਹੋਏ ਹੋਏ ਸੂਰਜ, ਸਮੁੰਦਰ ਦੀਆਂ ਲਹਿਰਾਂ ਅਤੇ ਰਤੀਲੇ ਪੱਥਰਾਂ ਦੀ ਸੁਨਹਿਰੀ ਪਹਾੜਾਂ ਦੀ ਧਰਤੀ ਹੈ ਜਿਸ ਨੂੰ ਗੋਲਡਨ ਸਾਈਟ, ਪੱਛਮੀ ਕਿਨਾਰਾ ਜੈਤੂਨ ਤੇ ਅੰਗੂਰਾਂ ਨਾਲ ਭਰੀ ਹੋਈ ਮਿਠਾਸ ਦੀ ਅਨੋਖੀ ਧਰਤੀ ਕਿਹਾ ਜਾਂਦਾ ਹੈ ਪਰ ਇਥੇ ਜ਼ਿੰਦਗੀ ਦਾ ਮਰਘਟ ਹੁਣ ਜਿਸ ਤਰ੍ਹਾਂ ਦਾ ਦਿਖਾਈ ਦਿੰਦਾ ਹੈ, ਉਹ ਬੇਹਦ ਡਰਾਉਣਾ ਹੈ। ਆਕਾਸ਼ ਤੋਂ ਬੰਬ ਵਰ੍ਹ ਰਹੇ ਹਨ; ਤਬਾਹੀ, ਮਲਬਾ, ਧੂੰਆਂ, ਬਦਹਵਾਸੀ ਤੇ ਭੁੱਖ ਦਾ ਤਾਂਡਵ ਨਾਚ ਗਾਜ਼ਾ ਦੀਆਂ ਗਲੀਆਂ ਵਿਚ ਦੇਖਿਆ ਜਾ ਸਕਦਾ ਹੈ ਜਿਥੇ ਮੁੱਕਦੇ ਹੋਏ ਸਾਹ ਜ਼ਿੰਦਗੀ ਦੇ ਸੰਘਰਸ਼ ਦੀਆਂ ਅੰਤਿਮ ਸਤਰਾਂ ਕਹਿੰਦੇ ਹਨ। ਫ਼ਲਸਤੀਨੀ ਉਹ ਕੌਮ ਹੈ ਜਿਹੜੀ ਸਦੀਆਂ ਤੋਂ ਇਸ ਤਰ੍ਹਾਂ ਦੇ ਹਮਲਿਆਂ ਦਾ ਸ਼ਿਕਾਰ ਹੋਈ ਹੈ ਤੇ ਹੁਣ ਤੱਕ ਮਨੁਖਤਾ ਦਾ ਇਹ ਕਾਂਡ ਅਤੇ ਰਿਸ਼ਤਿਆਂ ਦੀ ਕਤਲਗਾਹ ਦੀ ਦੁਨੀਆ ਦੀ ਸਭ ਤੋਂ ਵੱਡੇ ਕਤਲੇਆਮ ਦੀ ਧਰਤੀ ਬਣੀ ਹੋਈ ਹੈ। ਕੀ ਤੁਸੀਂ ਜਾਣਦੇ ਹੋ ਕਿ ਇਹ ਉਹੀ ਧਰਤੀ ਹੈ, ਇਹ ਉਹੀ ਗਾਜ਼ਾ ਹੈ ਜਿਸ ਦੇ ਧਰਮ ਗ੍ਰੰਥਾਂ ਵਿਚ ਅਹਿੰਸਾ, ਸ਼ਾਂਤੀ ਤੇ ਮੁਹੱਬਤ ਦਾ ਪਾਠ ਪੜ੍ਹਾਇਆ ਗਿਆ ਹੈ। ਇਹ ਵੀ ਦਿਲਚਸਪ ਹੈ ਕਿ ਤਾਲਮੁਦ ਜੋ ਫ਼ਲਸਤੀਨ ਦੀ ਧਰਤੀ ਦੀ ਸਭ ਤੋਂ ਮੁਕੱਦਸ ਕਿਤਾਬ ਹੈ, ਰੌਚਕ ਅਤੇ ਹੈਰਾਨੀ ਭਰੇ ਤੱਥਾਂ ਦੀ ਭਰੀ ਹੋਈ ਹੈ। ਓਸ਼ੋ ਇਸ ਬਾਰੇ ਆਖਦਾ ਹੈ: ਸੰਸਾਰ ਵਿਚ ਇਸ ਵਰਗਾ ਕੋਈ ਧਰਮ ਸ਼ਾਸਤਰ ਨਹੀਂ। ਤਾਲਮੁਦ ਕਹਿੰਦਾ ਹੈ ਕਿ ਰੱਬ ਤੁਹਾਨੂੰ ਇਹ ਨਹੀਂ ਪੁੱਛੇਗਾ ਕਿ ਤੁਸੀਂ ਕਿਹੜੀਆਂ ਗ਼ਲਤੀਆਂ ਕੀਤੀਆਂ, ਉਹ ਆਪਣੀਆਂ ਗ਼ਲਤੀਆਂ 'ਤੇ ਨਜ਼ਰ ਨਹੀਂ ਰੱਖਦਾ, ਉਸ ਦਾ ਦਿਲ ਵੱਡਾ ਹੈ। ਉਹ ਤੁਹਾਨੂੰ ਪੁੱਛੇਗਾ, ਉਹਨੇ ਤੁਹਾਨੂੰ ਖ਼ੁਸ਼ੀ ਦੇ ਇੰਨੇ ਮੌਕੇ ਦਿੱਤੇ, ਤੁਸੀਂ ਉਨ੍ਹਾਂ ਦਾ ਆਨੰਦ ਕਿਉਂ ਨਹੀਂ ਲਿਆ? ਗ਼ਲਤੀਆਂ ਦੀ ਪਰਵਾਹ ਕੌਣ ਕਰਦਾ ਹੈ? ਗ਼ਲਤੀ ਲਈ ਕੌਣ ਜ਼ਿੰਮੇਵਾਰ ਹੈ?

ਤਾਲਮੁਦ ਕਹਿੰਦਾ ਹੈ ਕਿ ਜੀਵਨ ਵਿਚ ਇੱਕ ਹੀ ਪਾਪ ਹੈ, ਤੇ ਉਹ ਹੈ ਜੀਵਨ ਦੇ ਮੌਕਿਆਂ ਨੂੰ ਬਰਬਾਦ ਕਰਨਾ। ਦੁੱਖ ਲੰਘ ਜਾਣ ਦਿਓ। ਜਦੋਂ ਤੁਸੀਂ ਖ਼ੁਸ਼ ਹੋ ਸਕਦੇ ਸੀ, ਤੁਸੀਂ ਖ਼ੁਸ਼ ਨਹੀਂ ਸੀ। ਜਦੋਂ ਉਹ ਗੀਤ ਗਾ ਸਕਦਾ ਸੀ ਤਾਂ ਉਸ ਨੇ ਗੀਤ ਨਹੀਂ ਗਾਇਆ। ਹਮੇਸ਼ਾ ਕੱਲ੍ਹ ਤੱਕ ਮੁਲਤਵੀ ਕਰਦੇ ਰਹੇ। ਮੁਲਤਵੀ ਕਰਨ ਵਾਲਾ ਬੰਦਾ ਕਦੋਂ ਜਿਊਂਦਾ ਰਹੇਗਾ? ਕੋਈ ਕਿਵੇਂ ਜੀਵੇਗਾ? ਇਉਂ ਮੁਲਤਵੀ ਕਰਨਾ ਤੁਹਾਡੀ ਜੀਵਨ ਸ਼ੈਲੀ ਬਣ ਜਾਂਦਾ ਹੈ। ਜਦੋਂ ਤੁਸੀਂ ਬੱਚੇ ਸੀ ਤਾਂ ਤੁਸੀਂ ਇਸ ਨੂੰ ਛੱਡ ਦਿੰਦੇ ਹੋ; ਜਦੋਂ ਤੁਸੀਂ ਜਵਾਨ ਹੁੰਦੇ ਹੋ ਤਾਂ ਤੁਸੀਂ ਇਸ ਨੂੰ ਛੱਡੋਗੇ; ਫਿਰ ਜਦੋਂ ਬੁੱਢੇ ਹੋਵੋਗੇ ਤਾਂ ਅਗਲੇ ਜਨਮ ਲਈ ਛੱਡ ਦੇਵੋਗੇ। ਉਹ ਕਹਿ ਰਹੇ ਹਨ, ਪਰਲੋਕ ਵਿਚ ਦੇਖਾਂਗੇ!

ਇਹੀ ਸੰਸਾਰ ਹੈ, ਤੇ ਇਹ ਪਲ ਹੈ, ਇਹ ਸੱਚ ਦਾ ਪਲ ਹੈ। ਬਾਕੀ ਸਭ ਝੂਠ ਹੈ। ਇਹ ਮਨ ਦਾ ਜਾਲ ਹੈ ਪਰ ਜੇ ਤੁਹਾਨੂੰ ਇਹ ਪਸੰਦ ਹੈ ਤਾਂ ਇਹ ਤੁਹਾਡੀ ਮਰਜ਼ੀ ਹੈ। ਜੇ ਤੁਸੀਂ ਇਹ ਪਸੰਦ ਕਰਦੇ ਹੋ ਤਾਂ ਮੈਂ ਕੌਣ ਹਾਂ ਰੁਕਾਵਟ ਪਾਉਣ ਵਾਲਾ? ਪਰ ਕਿਸੇ ਦਿਨ ਤੂੰ ਜਾਗੇਂਗਾ, ਫਿਰ ਰੋਵੇਂਗਾ, ਪਛਤਾਵੇਂਗਾ। ਫਿਰ ਤੁਹਾਨੂੰ ਪਛਤਾਵਾ ਹੋਵੇਗਾ ਕਿ ਤੁਸੀਂ ਇੰਨਾ ਸਮਾਂ ਬਰਬਾਦ ਕੀਤਾ; ਤੇ ਯਾਦ ਰੱਖੋ, ਤੁਸੀਂ ਆਪਣੀ ਜ਼ਿੰਦਗੀ ਨੂੰ ਜਿੰਨਾ ਜ਼ਿਆਦਾ ਦੁੱਖਾਂ ਨਾਲ ਭਰੋਗੇ, ਜਿੰਨੇ ਜ਼ਿਆਦਾ ਹੰਝੂ ਤੁਸੀਂ ਵਹਾਉਂਦੇ ਹੋ, ਓਨਾ ਹੀ ਜ਼ਿਆਦਾ ਪਛਤਾਵਾ ਹੁੰਦਾ ਹੈ, ਉਦਾਸੀ ਅਤੇ ਹੰਝੂਆਂ ਨੂੰ ਰੋਕਣਾ ਓਨਾ ਹੀ ਔਖਾ ਹੋ ਜਾਂਦਾ ਹੈ।

ਇਹ ਹਵਾਲਾ ਓਸ਼ੋ ਦੀ ਕਿਤਾਬ 'ਓਸ਼ੋ: ਐਸ ਧੰਮੋ ਸਨੰਤਨੋ' (ਉਪਦੇਸ਼ 06) ਵਿਚ ਦਰਜ ਹੈ।

ਇਸ ਸਮੇਂ ਗਾਜ਼ਾ ਦੀ ਧਰਤੀ ਲਹੂ-ਲੁਹਾਨ ਹੈ, ਹੁਣ ਇਹ ਖ਼ੂਨ ਦਾ ਦਰਿਆ ਹੈ ਪਰ ਉੱਥੇ ਜਿਊਣ ਦੀ ਹਿੰਮਤ ਵੀ ਹੈ। ਫ਼ਲਸਤੀਨੀਆਂ ਦੇ ਹੌਸਲੇ ਦੀ ਦਾਦ ਦੇਣੀ ਬਣਦੀ ਹੈ ਕਿ ਉਹ ਕਈ ਸ਼ਤਾਬਦੀਆਂ ਤੋਂ ਅਤੇ 1948 ਤੋਂ ਲੈ ਕੇ ਇਨ੍ਹਾਂ ਪਾਬੰਦੀਆਂ ਵਿਚ ਜੀਅ ਰਹੇ ਹਨ ਜਿਥੇ ਮੌਤ ਦਾ ਕੋਈ ਡਰ ਨਹੀਂ ਹੈ। ਪਿਛਲੇ ਦਿਨਾਂ ਵਿਚ ਦੁਨੀਆ ਭਰ ਦੇ ਪੱਤਰਕਾਰਾਂ ਅਤੇ ਲੇਖਕਾਂ ਨੇ ਆਪਣੀਆਂ ਟਿੱਪਣੀਆਂ ਇਸ ਧਰਤੀ ਅਤੇ ਯੁੱਧ ਬਾਰੇ ਦਿੱਤੀਆਂ। ਰਾਮ ਜੀ ਤਿਵਾੜੀ ਆਪਣੀ ਟਿੱਪਣੀ ਵਿਚ ਕਹਿੰਦੇ ਹਨ ਕਿ ਇਜ਼ਰਾਈਲ ਦੇ ਮਹੱਤਵਪੂਰਨ ਅਖ਼ਬਾਰ 'ਹਾਰੇਟਜ਼' ਦੇ ਕਾਲਮਨਵੀਸ ਗਿਡੀਓਨ ਲੇਵੀ ਨਾਲ ਕਰਨ ਥਾਪਰ ਦੀ ਇੰਟਰਵਿਊ ਸੁਣ ਰਿਹਾ ਸੀ। ਉਹ ਕਹਿ ਰਹੇ ਸਨ ਕਿ ਇਜ਼ਰਾਈਲ ਨੂੰ ਗਾਜ਼ਾ ਵਿਚ ਆਪਣੀ ਸਮੂਹਿਕ ਸਜ਼ਾ ਦੀ ਮੁਹਿੰਮ ਤੁਰੰਤ ਬੰਦ ਕਰਨੀ ਚਾਹੀਦੀ ਹੈ ਕਿਉਂਕਿ ਇਸ ਨਾਲ ਕੋਈ ਮਕਸਦ ਪੂਰਾ ਨਹੀਂ ਹੋਵੇਗਾ। ਇਸ ਦੀ ਬਜਾਇ ਅਤਿਵਾਦੀ ਸੰਗਠਨਾਂ ਖਿਲਾਫ਼ ਹੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਸ ਨੇ ਉਸ ਇੰਟਰਵਿਊ ਵਿਚ ਇਜ਼ਰਾਈਲ ਅਤੇ ਫ਼ਲਸਤੀਨ ਦੀ ਸਹਿ-ਹੋਂਦ ਅਤੇ ਬਿਹਤਰ ਅਰਬ-ਇਜ਼ਰਾਈਲ ਸਬੰਧਾਂ ਦੀ ਵੀ ਵਕਾਲਤ ਕੀਤੀ। ਟੀਵੀ ਪੈਲਸਟਾਇਨ, ਟੀਵੀ 95 ਅਤੇ ਫ਼ਲਸਤੀਨੀ ਵਾਇਸ ਜਿਸ ਤਰ੍ਹਾਂ ਵਰ੍ਹਦੇ ਬੰਬਾਂ ਵਿਚ ਅਤੇ ਬੰਦ ਬੰਕਰਾਂ ਵਿਚ ਛਿਪ ਕੇ ਰਿਪੋਰਟਿੰਗ ਕਰ ਰਹੇ ਹਨ, ਉਨ੍ਹਾਂ ਦੇ ਇਸ ਅਹਿਸਾਸ ਅਤੇ ਜਿਊਂਦੇ ਰਹਿਣ ਦੀ ਹਿੰਮਤ ਹੈਰਾਨ ਕਰਦੀ ਹੈ।

ਅਸਲ ਵਿਚ ਸ਼ਬਦਾਂ ਦੀ ਆਜ਼ਾਦੀ ਦੇ ਇਹ ਪਹਿਰੇਦਾਰ ਦੁਨੀਆ ਦੇ ਅਜਿਹੇ ਪਹਿਲੇ ਮੀਡੀਆ ਕਰਮੀ ਹਨ ਜਿਨ੍ਹਾਂ ਨੇ ਵਰ੍ਹਦੇ ਬੰਬਾਂ ਵਿਚ ਮਨੁੱਖਤਾ ਦੀ ਤਬਾਹੀ ਦਾ ਅਜਿਹਾ ਕਾਂਡ ਦੇਖਿਆ ਹੈ ਜਿਸ ਦੇ ਦ੍ਰਿਸ਼ਾਂ ਨੂੰ ਦੇਖ ਕੇ ਤੁਸੀਂ ਸੌਂ ਨਹੀਂ ਸਕਦੇ। ਜ਼ਿੰਦਗੀ ਦੇ ਸੰਘਰਸ਼ ਦੀ ਦਾਸਤਾਨ ਅਤੇ ਤਬਾਹੀ ਦੇ ਜੋ ਦ੍ਰਿਸ਼ ਗਾਜ਼ਾ ਵਿਚ ਹਨ, ਉਨ੍ਹਾਂ ਨੇ ਮਨੁੱਖਤਾ ਨੂੰ ਝੰਜੋੜ ਸੁੱਟਿਆ ਹੈ। ਉਥੇ ਅਸੀਂ ਕਿੰਨੇ ਹਿੰਸਾਵਾਦੀ ਹੋ ਗਏ ਹਾਂ, ਮਰਦੇ ਦਮਾਂ ਦੀ ਪਰਵਾਹ ਹੀ ਨਹੀਂ; ਜਿਊਂਦੇ ਦੀ ਕੋਈ ਕਦਰ ਹੀ ਨਹੀਂ! ਉਂਝ, ਗਾਜ਼ਾ ਦੇ ਲੋਕ ਜਿਊਣਾ ਜਾਣਦੇ ਹਨ। ਜਿਊਣ ਦੀ ਇਸ ਆਵਾਜ਼ ਪਿੱਛੇ ਹੋਰ ਕੀ ਹੈ, ਉਹ ਇਸ ਕਵਿਤਾ 'ਬਦਲਾ' ਵਿਚ ਦੇਖਿਆ ਜਾ ਸਕਦਾ ਹੈ ਜੋ ਫ਼ਲਸਤੀਨੀ ਕਵੀ ਤਾਹਾ ਮੁਹੰਮਦ ਅਲੀ ਨੇ ਲਿਖੀ ਹੈ, ਇਸ ਦਾ ਕੁਝ ਹਿੱਸਾ ਦਿੱਤਾ ਜਾ ਰਿਹਾ ਹੈ, ਅਨੁਵਾਦ ਮਨੋਜ ਪਟੇਲ ਦਾ ਹੈ:

**ਬਦਲਾ**

ਕਦੇ ਕਦੇ ਮੈਂ ਚਾਹੁੰਦਾ ਹਾਂ ਕਿ ਮੈਂ ਲੜਾਈ ਵਿਚ
ਉਸ ਆਦਮੀ ਨੂੰ ਮਿਲ ਸਕਾਂ
ਜਿਸ ਨੇ ਮੇਰੇ ਪਿਤਾ ਨੂੰ ਮਾਰਿਆ ਸੀ
ਤੇ ਸਾਡਾ ਘਰ ਤਬਾਹ ਕਰ ਦਿੱਤਾ ਸੀ
ਪਰ ਜਦੋਂ ਮੇਰਾ ਵਿਰੋਧੀ ਨਜ਼ਰ ਆਉਂਦਾ ਹੈ
ਤਾਂ ਪਤਾ ਲਗਦਾ ਹੈ ਕਿ ਉਸ ਦੀ ਉਡੀਕ 'ਚ ਕੋਈ ਮਾਂ ਹੈ
ਜਾਂ ਕੋਈ ਪਿਤਾ ਜੋ ਉਸ ਦੀ ਛਾਤੀ ਉੱਤੇ
ਦਿਲ ਦੇ ਉੱਪਰ ਆਪਣਾ ਸੱਜਾ ਹੱਥ ਰੱਖਦਾ ਹੈ
ਫਿਰ ਮੌਕਾ ਮਿਲਣ 'ਤੇ ਵੀ
ਮੈਂ ਉਸ ਨੂੰ ਨਹੀਂ ਮਾਰਾਂਗਾ।
ਇਸੇ ਤਰ੍ਹਾਂ... ਮੈਂ ਉਸ ਨੂੰ ਨਹੀਂ ਮਾਰਾਂਗਾ
ਜੇ ਮੈਨੂੰ ਸਮੇਂ ਸਿਰ ਪਤਾ ਲੱਗ ਜਾਵੇ
ਕਿ ਉਸ ਦੇ ਭੈਣ-ਭਰਾ ਹਨ
ਜੋ ਉਸ ਨੂੰ ਪਿਆਰ ਕਰਦੇ ਹਨ
ਤੇ ਉਨ੍ਹਾਂ ਦੇ ਦਿਲਾਂ ਵਿਚ ਉਸ ਨੂੰ
ਦੇਖਣ ਦੀ ਹਮੇਸ਼ਾ ਇੱਛਾ ਰਹਿੰਦੀ ਹੈ
ਜਾਂ ਉਸ ਦੀ ਪਤਨੀ ਅਤੇ ਬੱਚੇ ਹਨ
ਜੋ ਉਸ ਦਾ ਸਵਾਗਤ ਨਹੀਂ ਕਰ ਸਕਦੇ।

ਫ਼ਲਸਤੀਨ ਦੇ ਬਹਾਦਰ ਲੋਕ ਆਜ਼ਾਦੀ ਲਈ ਲੜਦੇ ਸ਼ਹੀਦ ਹੋ ਰਹੇ ਹਨ ਪਰ ਅਤਿਕਵਾਦ ਦਾ ਘਨਿਾਉਣਾ ਚਿਹਰਾ ਨਿਹੱਥਿਆਂ ਨੂੰ ਮਾਰ ਰਿਹਾ ਹੈ ਜਿਸ ਦੀ ਨਿੰਦਾ ਹੋਣੀ ਚਾਹੀਦੀ ਹੈ ਕਿਉਂਕਿ ਇਹ ਮਨੁੱਖਤਾ ਦਾ ਦੁਸ਼ਮਣ ਹੈ।

-0-

# ਸਿੰਘ ਸਭਾ ਲਹਿਰ ਦੇ ਆਗੂ ਭਾਈ ਜਵਾਹਰ ਸਿੰਘ

-ਡਾ. ਗੁਰਦੇਵ ਸਿੰਘ ਸਿੱਧੂ
94170-49417



ਸਿੰਘ ਸਭਾ ਲਹਿਰ ਦੇ ਮੋਢੀਆਂ 'ਚ ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਭਾਈ ਜਵਾਹਰ ਸਿੰਘ ਅਤੇ ਭਾਈ ਮਈਆ ਸਿੰਘ ਪ੍ਰਮੁੱਖ ਸਥਾਨ ਰੱਖਦੇ ਹਨ। ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਦੇ ਦੇਹਾਂਤ (ਕ੍ਰਮਵਾਰ 24 ਸਤੰਬਰ, 1898 ਈਸਵੀ ਅਤੇ 6 ਸਤੰਬਰ 1901) ਪਿੱਛੋਂ ਉਨ੍ਹਾਂ ਵੱਲੋਂ ਸਿੱਖ ਧਰਮ ਦੇ ਪ੍ਰਚਾਰ ਅਤੇ ਸਿੱਖ ਸਮਾਜ ਦੇ ਸੁਧਾਰ ਲਈ ਆਰੰਭ ਕੀਤੇ ਕਾਰਜਾਂ ਨੂੰ ਅੱਗੇ ਵਧਾਉਣ ਦੀ ਜ਼ਿੰਮੇਵਾਰੀ ਭਾਈ ਜਵਾਹਰ ਸਿੰਘ ਦੇ ਮੋਢਿਆਂ ਉੱਤੇ ਆ ਪਈ ਜਿਸ ਨੂੰ ਉਨ੍ਹਾਂ ਨੇ ਬਹੁਤ ਸੁਯੋਗਤਾ ਨਾਲ ਨਿਭਾਇਆ।

ਭਾਈ ਜਵਾਹਰ ਸਿੰਘ ਦਾ ਜਨਮ 1858 ਈਸਵੀ ਵਿਚ ਅੰਮ੍ਰਿਤਸਰ ਵਿਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਭਾਈ ਆਤਮਾ ਸਿੰਘ ਸੀ। ਭਾਈ ਆਤਮਾ ਸਿੰਘ ਨੇ ਆਪਣੇ ਪੁੱਤਰ ਦੀ ਸਿਖਿਆ ਵੱਲ ਉਚੇਚਾ ਧਿਆਨ ਦਿੱਤਾ। 1876 ਵਿਚ ਸਕੂਲ ਪੱਧਰ ਦੀ ਪੜ੍ਹਾਈ ਖਤਮ ਕਰਨ ਪਿੱਛੋਂ ਉਨ੍ਹਾਂ ਨੂੰ ਨਵੰਬਰ ਦੇ ਮਹੀਨੇ ਸਿੰਧ-ਪੰਜਾਬ, ਦਿੱਲੀ ਰੇਲ ਕੰਪਨੀ ਵਿਚ ਨੌਕਰੀ ਮਿਲ ਗਈ। ਸਕੂਲ ਵਿਚ ਪੜ੍ਹਦਿਆਂ ਉਨ੍ਹਾਂ ਦਾ ਮੇਲ ਗੁਲਾਬਦਾਸੀ ਸੰਪਰਦਾ ਦੇ ਪੈਰੋਕਾਰ ਭਾਈ ਬਹਾਦਰ ਸਿੰਘ ਨਾਲ ਹੋਇਆ ਤਾਂ ਉਸ ਤੋਂ ਪ੍ਰਭਾਵਿਤ ਹੋ ਕੇ ਜਵਾਹਰ ਸਿੰਘ ਨੇ ਗੁਲਾਬਦਾਸੀ ਮਤ ਦਾ ਗੰਭੀਰਤਾ ਨਾਲ ਅਧਿਐਨ ਕੀਤਾ। ਛੇਤੀ ਹੀ ਉਹ ਗੁਲਾਬਦਾਸੀ ਨਜ਼ਰੀਏ ਤੋਂ ਵਾਦ ਵਿਵਾਦ ਕਰਨ ਵਿਚ ਮਾਹਰ ਹੋ ਗਏ। 1877 ਵਿਚ ਆਰੀਆ ਸਮਾਜ ਦੇ ਸੰਸਥਾਪਕ ਸਵਾਮੀ ਦਯਾ ਨੰਦ ਪੰਜਾਬ ਆਏ ਤਾਂ ਮੂਰਤੀ ਪੂਜਾ ਬਾਰੇ ਉਨ੍ਹਾਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਸਿੱਖਾਂ ਨੇ ਮਲਵਈ ਬੁੰਗੇ ਅਤੇ ਘੰਟਾ ਘਰ ਵਾਲੇ ਚੌਗਾਨ ਵਿਚ ਉਨ੍ਹਾਂ ਦੇ ਲੈਕਚਰ ਕਰਵਾਏ। ਇਸ ਮੌਕੇ ਭਾਈ ਜਵਾਹਰ ਸਿੰਘ ਨੇ ਸਵਾਮੀ ਦਯਾ ਨੰਦ ਨਾਲ ਵਿਚਾਰ ਚਰਚਾ ਕੀਤੀ ਜਿਸ ਤੋਂ ਪ੍ਰਭਾਵਿਤ ਹੋ ਕੇ ਆਰੀਆ ਸਮਾਜੀਆਂ ਨੇ ਭਾਈ ਜਵਾਹਰ ਸਿੰਘ ਉੱਤੇ ਡੋਰੇ ਪਾਉਣੇ ਸ਼ੁਰੂ ਕੀਤੇ ਅਤੇ ਸਫਲ ਹੋਏ। ਨਵੰਬਰ 1879 ਵਿਚ ਆਰੀਆ ਸਮਾਜ ਅਤੇ ਬ੍ਰਹਮੋ ਸਮਾਜ ਵਿਚਾਲੇ ਹੋਈ ਬਹਿਸ ਵਿਚ ਭਾਈ ਜਵਾਹਰ ਸਿੰਘ ਨੇ ਆਰੀਆ ਸਮਾਜ ਦਾ ਪੱਖ ਪੂਰਿਆ। ਇਸ ਸਾਲ ਹੀ ਉਨ੍ਹਾਂ ਨੂੰ ਅੰਮ੍ਰਿਤਸਰ ਆਰੀਆ ਸਮਾਜ ਦਾ ਸਕੱਤਰ ਥਾਪਿਆ ਗਿਆ।



1873 ਵਿਚ ਅੰਮ੍ਰਿਤਸਰ ਵਿਚ ਸਿੰਘ ਸਭਾ ਸਥਾਪਤ ਹੋਈ ਤਾਂ ਇਸ ਵਿਚ ਦੋ ਵਿਚਾਰਾਂ ਵਾਲੇ ਵਿਅਕਤੀ ਸ਼ਾਮਲ ਸਨ। ਬਾਬਾ ਖੇਮ ਸਿੰਘ ਬੇਦੀ, ਰਾਜਾ ਬਿਕ੍ਰਮਾ ਸਿੰਘ ਫਰੀਦਕੋਟ ਆਦਿ ਸਨਾਤਨੀ ਵਿਚਾਰਾਂ ਦੇ ਧਾਰਨੀ ਸਨ ਅਤੇ ਪ੍ਰੋਫੈਸਰ ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ ਆਦਿ ਸਿੱਖ ਧਰਮ ਨੂੰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਿਖਾਏ ਰਾਹ ਉੱਤੇ ਅੱਗੇ ਤੋਰਨ ਦੇ ਹਾਮੀ ਸਨ। ਕੰਵਰ ਬਿਕ੍ਰਮਾ ਸਿੰਘ ਕਪੂਰਥਲਾ, ਅਤਰ ਸਿੰਘ ਭਦੌੜ ਆਦਿ ਉਨ੍ਹਾਂ ਦੇ ਅਜਿਹੇ ਵਿਚਾਰਾਂ ਦਾ ਪੱਖ ਪੂਰਦੇ ਸਨ। ਇਸ ਵਿਚਾਰਧਾਰਿਕ ਵਿਖਰੇਵੇਂ ਕਾਰਨ ਸਿੰਘ ਸਭਾ ਅੰਮ੍ਰਿਤਸਰ ਪੂਰੀ ਸਰਗਰਮੀ ਨਾਲ ਕੰਮ ਨਹੀਂ ਸੀ ਕਰ ਰਹੀ। ਇਸ ਖੜੋਤ ਨੂੰ ਤੋੜਨ ਵਾਸਤੇ ਪ੍ਰੋਫੈਸਰ ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਨੇ 1879 ਵਿਚ ਲਾਹੌਰ ਵਿਚ ਸਿੰਘ ਸਭਾ ਬਣਾ ਕੇ ਸਰਗਰਮੀ ਨਾਲ ਕੰਮ ਕਰਨਾ ਸ਼ੁਰੂ ਕੀਤਾ। ਇਸ ਮੌਕੇ ਗਿਆਨੀ ਦਿੱਤ ਸਿੰਘ ਨੂੰ ਗੁਲਾਬਦਾਸੀ ਸੰਪਰਦਾ ਵਿਚਲੇ ਆਪਣੇ ਸੂਝਵਾਨ ਸਾਥੀ ਭਾਈ ਜਵਾਹਰ ਸਿੰਘ ਦੀ ਲੋੜ ਮਹਿਸੂਸ ਹੋਈ ਤਾਂ ਭਾਈ ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਦੀ ਪ੍ਰੇਰਨਾ ਸਦਕਾ ਭਾਈ ਜਵਾਹਰ ਸਿੰਘ ਆਪਣੇ ਸਿੱਖ ਭਾਈਚਾਰੇ ਦੀ ਸੇਵਾ ਕਰਨ ਵਾਸਤੇ ਉਨ੍ਹਾਂ ਦੇ ਸੰਗੀ ਬਣ ਗਏ। ਦੋਵੇਂ ਸਭਾਵਾਂ ਆਪੋ-ਆਪਣੇ ਪੱਧਰ ਉੱਤੇ ਕੰਮ ਕਰਦੀਆਂ ਰਹੀਆਂ ਪਰ ਇਨ੍ਹਾਂ ਦੇ ਕਾਰਜਾਂ 'ਚੋਂ ਆਪਸੀ ਰੰਜਿਸ਼ ਦਿਖਾਈ ਦਿੰਦੀ ਸੀ। ਸੂਝਵਾਨ ਅਤੇ ਦੂਰ-ਅੰਦੇਸ਼ ਸਿੱਖ ਆਗੂਆਂ ਨੇ ਇਸ ਸਥਿਤੀ ਨੂੰ ਕੌਮੀ ਬਿਹਤਰੀ ਲਈ ਹਾਨੀਕਾਰਕ ਸਮਝਦਿਆਂ ਇਕ ਸਾਂਝੀ ਜਨਰਲ ਸਭਾ ਬਣਾਈ। ਇਸ ਸਭਾ ਨੇ ਭਾਈ ਜਵਾਹਰ ਸਿੰਘ ਨੂੰ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਚਾਰਕ ਵਜੋਂ ਸਿੱਖ ਧਰਮ ਦੇ ਪ੍ਰਚਾਰ ਲਈ ਕੀਤੇ ਕਾਰਜ ਦੀ ਮਾਨਤਾ ਵਜੋਂ ਬਾਬਾ ਖੇਮ ਸਿੰਘ ਬੇਦੀ ਅਤੇ ਪ੍ਰੋ. ਗੁਰਮੁਖ ਸਿੰਘ ਦੇ ਦਸਤਖਤਾਂ ਹੇਠ ਸਨਦ ਦਿੱਤੀ। ਜਦੋਂ ਜਨਰਲ ਸਿੰਘ ਸਭਾ ਵੀ ਮਿੱਥੇ ਕਾਰਜ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਾ ਕਰ ਸਕੀ ਤਾਂ 'ਖਾਲਸਾ ਦੀਵਾਨ' ਨਾਂ ਦੀ ਸੰਸਥਾ ਖੜ੍ਹੀ ਕੀਤੀ ਗਈ ਪਰ ਵਿਵਾਦੀ ਸਥਿਤੀ ਫਿਰ ਵੀ ਬਣੀ ਰਹੀ। ਨਤੀਜੇ ਵਜੋਂ ਪ੍ਰੋ. ਗੁਰਮੁਖ

**ਭਾਈ ਜਵਾਹਰ ਸਿੰਘ ਵੱਲੋਂ ਸਿੰਘ ਸਭਾ ਲਾਹੌਰ ਰਾਹੀਂ ਪੰਜਾਬ ਸਰਕਾਰ ਨੂੰ ਭੇਜੀ ਬੇਨਤੀ ਕਾਰਨ ਹੀ ਪੰਜਾਬ ਵਿਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਸਰਕਾਰੀ ਛੁੱਟੀ ਕੀਤੇ ਜਾਣ ਦੇ ਹੁਕਮ ਹੋਏ। ਸਤੰਬਰ 1897 ਵਿਚ ਭਾਈ ਜਵਾਹਰ ਸਿੰਘ ਨੂੰ ਕਲਕੱਤਾ ਲਿਟਰੇਰੀ ਸੁਸਾਇਟੀ ਦਾ ਮੈਂਬਰ ਚੁਣਿਆ ਗਿਆ। ਲੈਫਟੀਨੈਂਟ ਗਵਰਨਰ ਪੰਜਾਬ ਨੇ ਪਹਿਲੀ ਨਵੰਬਰ 1899 ਨੂੰ ਉਨ੍ਹਾਂ ਨੂੰ ਪੰਜਾਬ ਟੈਕਸਟ ਬੁਕ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ। ਨਵੰਬਰ 1904 ਵਿਚ ਉਨ੍ਹਾਂ ਨੂੰ ਪੰਜਾਬ ਯੂਨੀਵਰਸਿਟੀ ਲਾਹੌਰ ਦਾ ਫੈਲੋ ਨਿਯੁਕਤ ਕੀਤਾ ਗਿਆ। ਧਰਮ ਪ੍ਰਚਾਰ, ਸਿੱਖਿਆ ਅਤੇ ਸਮਾਜਕ ਕਾਰਜ ਕਰਨ ਦੇ ਨਾਲ ਭਾਈ ਜਵਾਹਰ ਸਿੰਘ ਨੇ ਕਲਮੀ ਸੇਵਾ ਵੀ ਕੀਤੀ। ਉਨ੍ਹਾਂ ਦਾ ਵਧੇਰੇ ਕੰਮ ਅੰਗਰੇਜ਼ੀ ਵਿਚ ਹੈ। ਉਨ੍ਹਾਂ ਦੀਆਂ ਲਿਖੀਆਂ ਦੋ ਪੁਸਤਕਾਂ 'The Poverty of India' ਅਤੇ 'Thoughts on Duty' ਬਾਰੇ ਅਖਬਾਰਾਂ ਵਿਚ ਚੰਗੀ ਚਰਚਾ ਹੋਈ। 'ਧਰਮ ਵਿਚਾਰ' ਅਤੇ 'ਅਫਲਾਸ ਹਿੰਦ' ਉਨ੍ਹਾਂ ਦੀਆਂ ਉਰਦੂ ਵਿਚ ਪ੍ਰਕਾਸ਼ਿਤ ਪੁਸਤਕਾਂ ਹਨ। 'ਧਰਮ ਵਿਚਾਰ' 28 ਅਪਰੈਲ 1889 ਨੂੰ ਸ੍ਰੀ ਗੁਰੂ ਸਿੰਘ ਸਭਾ ਫਿਰੋਜ਼ਪੁਰ ਦੇ ਸਾਲਾਨਾ ਸਮਾਗਮ ਵੇਲੇ ਦਿੱਤੇ ਭਾਸ਼ਣ ਦਾ ਕਿਤਾਬੀ ਰੂਪ ਸੀ।**

ਸਿੰਘ ਨੇ ਸਿੱਖ ਮੁਖੀਆਂ ਦੀ ਸਲਾਹ ਨਾਲ 11 ਅਪਰੈਲ 1886 ਨੂੰ ਲਾਹੌਰ ਵਿਚ ਖਾਲਸਾ ਦੀਵਾਨ ਦੀ ਸਥਾਪਨਾ ਕੀਤੀ ਅਤੇ ਆਪਣੇ ਤੌਰ 'ਤੇ ਧਾਰਮਿਕ ਖੇਤਰ ਵਿਚ ਕੰਮ ਕਰਨਾ ਜਾਰੀ ਰੱਖਿਆ। ਇਸ ਮੌਕੇ ਭਾਈ ਜਵਾਹਰ ਸਿੰਘ ਨੇ ਪ੍ਰੋ. ਗੁਰਮੁੱਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਦੀ ਇਕ ਸ਼ਕਤੀਸ਼ਾਲੀ ਧਿਰ ਬਣ ਕੇ ਸਾਥ ਦਿਤਾ। ਧਰਮ ਪ੍ਰਚਾਰ ਦੇ ਖੇਤਰ ਵਿੱਚ ਪਿੱਛੇ ਰਹਿਣ ਨੇ ਬਾਬਾ ਖੇਮ ਸਿੰਘ ਦੇ ਧੜੇ ਵਿਚ ਪ੍ਰੋ. ਗੁਰਮੁਖ ਸਿੰਘ ਬਾਰੇ ਇੰਨੀ ਕੁੜੱਤਣ ਭਰੀ ਕਿ ਉਨ੍ਹਾਂ 18 ਮਾਰਚ 1887 ਨੂੰ ਅਕਾਲ ਤਖਤ ਸਾਹਿਬ ਅਤੇ ਦਰਬਾਰ ਸਾਹਿਬ ਦੇ ਪੁਜਾਰੀਆਂ ਤੋਂ ਪ੍ਰੋ. ਗੁਰਮੁਖ ਸਿੰਘ ਨੂੰ ਸਿੱਖੀ ਤੋਂ ਖਾਰਜ ਕਰਨ ਦਾ ਐਲਾਨ ਕਰਵਾਇਆ ਅਤੇ ਪ੍ਰੋ. ਗੁਰਮੁਖ ਸਿੰਘ ਦੇ ਪੱਖੀਆਂ ਨੂੰ ਡਰਾ ਧਮਕਾ ਕੇ ਆਪਣੇ ਧੜੇ ਵਿਚ ਲਿਆਉਣ ਲੱਗੇ। ਉਸ ਧੜੇ ਨੇ ਭਾਈ ਜਵਾਹਰ ਸਿੰਘ ਉੱਤੇ ਵੀ ਡੋਰੇ ਪਾਉਣੇ ਚਾਹੇ ਪਰ ਭਾਈ ਜਵਾਹਰ ਸਿੰਘ ਨੇ ਉਨ੍ਹਾਂ ਨੂੰ ਖਰੀਆਂ-ਖਰੀਆਂ ਸੁਣਾਈਆਂ। ਭਾਈ ਜਵਾਹਰ ਸਿੰਘ ਨੇ ਲੰਮਾ ਸਮਾਂ ਖਾਲਸਾ ਦੀਵਾਨ ਲਾਹੌਰ ਦੇ ਮੁੱਖ ਸਕੱਤਰ ਅਤੇ ਮੀਤ ਪ੍ਰਧਾਨ ਵਜੋਂ ਜ਼ਿੰਮੇਵਾਰੀ ਨਿਭਾਈ। ਭਾਵੇਂ ਅਜੇ ਭਾਈ ਜਵਾਹਰ ਸਿੰਘ ਨੇ ਉਮਰ ਦੇ ਤਿੰਨ ਦਹਾਕੇ ਵੀ ਨਹੀਂ ਸਨ ਪੂਰੇ ਕੀਤੇ ਪਰ ਪੰਜਾਬ ਦੇ ਸਰਕਾਰੀ ਹਲਕਿਆਂ ਵਿਚ ਉਨ੍ਹਾਂ ਦੀ ਵਿਦਵਤਾ ਨੂੰ ਮਾਨਤਾ ਦਿੱਤੀ ਜਾ ਰਹੀ ਸੀ, ਇਸ ਕਾਰਨ ਉਨ੍ਹਾਂ ਨੂੰ 12 ਨਵੰਬਰ 1895 ਨੂੰ ਅੰਜੁਮਨ-ਏ-ਪੰਜਾਬ ਦਾ ਫੈਲੋ ਨਿਯੁਕਤ ਕੀਤਾ ਗਿਆ।

**1873 ਵਿਚ ਅੰਮ੍ਰਿਤਸਰ ਵਿਚ ਸਿੰਘ ਸਭਾ ਸਥਾਪਤ ਹੋਈ ਤਾਂ ਇਸ ਵਿਚ ਦੋ ਵਿਚਾਰਾਂ ਵਾਲੇ ਵਿਅਕਤੀ ਸ਼ਾਮਲ ਸਨ। ਬਾਬਾ ਖੇਮ ਸਿੰਘ ਬੇਦੀ, ਰਾਜਾ ਬਿਕ੍ਰਮਾ ਸਿੰਘ ਫਰੀਦਕੋਟ ਆਦਿ ਸਨਾਤਨੀ ਵਿਚਾਰਾਂ ਦੇ ਧਾਰਨੀ ਸਨ ਅਤੇ ਪ੍ਰੋਫੈਸਰ ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ ਆਦਿ ਸਿੱਖ ਧਰਮ ਨੂੰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਿਖਾਏ ਰਾਹ ਉੱਤੇ ਅੱਗੇ ਤੋਰਨ ਦੇ ਹਾਮੀ ਸਨ। ਕੰਵਰ ਬਿਕ੍ਰਮਾ ਸਿੰਘ ਕਪੂਰਥਲਾ, ਅਤਰ ਸਿੰਘ ਭਦੌੜ ਆਦਿ ਉਨ੍ਹਾਂ ਦੇ ਅਜਿਹੇ ਵਿਚਾਰਾਂ ਦਾ ਪੱਖ ਪੂਰਦੇ ਸਨ। ਇਸ ਵਿਚਾਰਧਾਰਿਕ ਵਿਖਰੇਵੇਂ ਕਾਰਨ ਸਿੰਘ ਸਭਾ ਅੰਮ੍ਰਿਤਸਰ ਪੂਰੀ ਸਰਗਰਮੀ ਨਾਲ ਕੰਮ ਨਹੀਂ ਸੀ ਕਰ ਰਹੀ। ਇਸ ਖੜੋਤ ਨੂੰ ਤੋੜਨ ਵਾਸਤੇ ਪ੍ਰੋਫੈਸਰ ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਨੇ 1879 ਵਿਚ ਲਾਹੌਰ ਵਿਚ ਸਿੰਘ ਸਭਾ ਬਣਾ ਕੇ ਸਰਗਰਮੀ ਨਾਲ ਕੰਮ ਕਰਨਾ ਸ਼ੁਰੂ ਕੀਤਾ। ਇਸ ਮੌਕੇ ਗਿਆਨੀ ਦਿੱਤ ਸਿੰਘ ਨੂੰ ਗੁਲਾਬਦਾਸੀ ਸੰਪਰਦਾ ਵਿਚਲੇ ਆਪਣੇ ਸੂਝਵਾਨ ਸਾਥੀ ਭਾਈ ਜਵਾਹਰ ਸਿੰਘ ਦੀ ਲੋੜ ਮਹਿਸੂਸ ਹੋਈ ਤਾਂ ਭਾਈ ਗੁਰਮੁਖ ਸਿੰਘ ਅਤੇ ਗਿਆਨੀ ਦਿੱਤ ਸਿੰਘ ਦੀ ਪ੍ਰੇਰਨਾ ਸਦਕਾ ਭਾਈ ਜਵਾਹਰ ਸਿੰਘ ਆਪਣੇ ਸਿੱਖ ਭਾਈਚਾਰੇ ਦੀ ਸੇਵਾ ਕਰਨ ਵਾਸਤੇ ਉਨ੍ਹਾਂ ਦੇ ਸੰਗੀ ਬਣ ਗਏ।**

ਉਂਝ ਤਾਂ ਸਵਾਮੀ ਦਯਾ ਨੰਦ ਵੱਲੋਂ ਆਪਣੀ ਪੁਸਤਕ 'ਸੱਤਿਆਰਥ ਪ੍ਰਕਾਸ਼' ਵਿਚ ਹੋਰਨਾਂ ਮਹਾਪੁਰਸ਼ਾਂ ਦੇ ਨਾਲ ਸਿੱਖ ਗੁਰੂ ਸਾਹਿਬਾਨ ਲਈ ਭੱਦੀ ਸ਼ਬਦਾਵਲੀ ਵਰਤੇ ਜਾਣ ਦੇ ਦਿਨ ਤੋਂ ਹੀ ਸਿੱਖਾਂ ਦੇ ਮਨਾਂ ਵਿਚ ਸਿੱਖ ਧਰਮ ਬਾਰੇ ਆਰੀਆ ਸਮਾਜ ਦੀ ਗੁੱਝੀ ਮਨਸ਼ਾ ਬਾਰੇ ਸ਼ੱਕ ਪੈਦਾ ਹੋਣੇ ਸ਼ੁਰੂ ਹੋ ਗਏ ਸਨ ਪਰ ਉਦੋਂ ਤਾਂ ਹੱਦ ਹੀ ਹੋ ਗਈ ਜਦੋਂ 25 ਨਵੰਬਰ 1888 ਦੇ ਦਿਨ ਆਰੀਆ ਸਮਾਜ ਦੀ ਗਿਆਰਵੀਂ ਵਰਵੇਗੰਢ ਮੌਕੇ ਪੰਡਤ ਗੁਰੂ ਦੱਤ ਨੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਲਈ ਵਰਤੀ ਭੱਦੀ ਸ਼ਬਦਾਵਲੀ ਦੀ ਵਰਤੋਂ ਕੀਤੀ। ਭਾਈ ਜਵਾਹਰ ਸਿੰਘ ਨੇ 2 ਦਸੰਬਰ ਨੂੰ ਗੁਰਦੁਆਰਾ ਬਾਉਲੀ ਸਾਹਿਬ ਲਾਹੌਰ ਵਿਚ ਸਿੱਖ ਸੰਗਤ ਦੀ ਭਰਵੀਂ ਇਕੱਤਰਤਾ ਵਿਚ ਆਰੀਆ ਸਮਾਜ ਦੇ ਰਵੱਈਏ ਦੀ ਨਿਖੇਧੀ ਕੀਤੀ। ਉਨ੍ਹੀਂਵੀਂ ਸਦੀ ਦੇ ਅੰਤ ਵਿਚ ਸਿੱਖ ਜਗਤ ਵਿਚ ਖਾਲਸਾ ਕਾਲਜ ਸਥਾਪਤ ਕਰਨ ਬਾਰੇ ਚਰਚਾ ਹੋਣੀ ਸ਼ੁਰੂ ਹੋਈ ਤਾਂ ਕਾਲਜ ਅਸਥਾਪਨ ਕਮੇਟੀ ਬਣੀ ਜਿਸ ਵਿਚ ਭਾਈ ਜਵਾਹਰ ਸਿੰਘ ਨੂੰ ਸਕੱਤਰ ਦੀ ਜ਼ਿੰਮੇਵਾਰੀ ਸੌਂਪੀ ਗਈ। ਕਾਲਜ ਬਣਾਉਣ ਦੀ ਸੰਭਾਵਨਾ ਬਣ ਗਈ ਤਾਂ ਇਸ ਕਮੇਟੀ ਦੀ ਥਾਂ ਕਾਲਜ ਕੌਂਸਲ ਨੇ ਲਈ। ਕਾਲਜ ਕੌਂਸਲ ਵਿਚ ਫਿਰ ਭਾਈ ਜਵਾਹਰ ਸਿੰਘ ਨੂੰ ਆਨਰੇਰੀ ਸਕੱਥਰ ਥਾਪਿਆ ਗਿਆ। ਉਨ੍ਹਾਂ ਦੇ ਉਪਰਾਲੇ ਸਦਕਾ 22 ਅਕਤੂਬਰ 1892 ਨੂੰ ਖਾਲਸਾ ਕਾਲਜ ਸਕੂਲ ਦੀ ਆਰੰਭਤਾ ਹੋਈ। ਖਾਲਸਾ ਕਾਲਜ ਕੌਂਸਲ ਦੇ ਸਕੱਤਰ ਵਜੋਂ ਪੰਜ ਸਾਲ ਜ਼ਿੰਮੇਵਾਰੀ ਨਿਭਾਉਣ ਪਿੱਛੋਂ ਭਾਈ ਜਵਾਹਰ ਸਿੰਘ ਨੇ ਇਸ ਪਦ ਤੋਂ ਅਸਤੀਫਾ ਦਿੱਤਾ ਜੋ ਨਾ-ਮਨਜ਼ੂਰ ਹੋਇਆ। ਖਾਲਸਾ ਕਾਲਜ ਨੂੰ ਮਿਆਰੀ ਸੰਸਥਾ ਬਣਾਉਣ ਵਾਸਤੇ ਭਾਈ ਜਵਾਹਰ ਸਿੰਘ ਵੱਲੋਂ ਪਾਏ ਯੋਗਦਾਨ ਦਾ ਅਨੁਮਾਨ ਇੱਥੋਂ ਲੱਗਦਾ ਹੈ ਕਿ ਉਨ੍ਹਾਂ ਵੱਲੋਂ ਵਾਰ ਵਾਰ ਕਾਲਜ ਕੌਂਸਲ ਦੇ ਸਕੱਤਰ ਦੇ ਪਦ-ਭਾਰ ਤੋਂ ਮੁਕਤ ਕੀਤੇ ਜਾਣ ਦੀ ਬੇਨਤੀ ਕੀਤੇ ਜਾਣ ਦੇ ਬਾਵਜੂਦ ਉਨ੍ਹਾਂ ਨੂੰ ਇਸ ਜ਼ਿੰਮੇਵਾਰੀ ਤੋਂ ਫਾਰਗ ਨਹੀਂ ਕੀਤਾ ਗਿਆ। ਆਖਰ ਦਸੰਬਰ 1906 ਵਿਚ ਭਾਈ ਜਵਾਹਰ ਸਿੰਘ ਨੂੰ ਖਾਲਸਾ ਕਾਲਜ ਕੌਂਸਲ ਦੇ ਪਦ ਆਨਰੇਰੀ ਸਕੱਤਰ ਤੋਂ ਮੁਕਤੀ ਮਿਲੀ।

ਭਾਈ ਜਵਾਹਰ ਸਿੰਘ ਵੱਲੋਂ ਸਿੰਘ ਸਭਾ ਲਾਹੌਰ ਰਾਹੀਂ ਪੰਜਾਬ ਸਰਕਾਰ ਨੂੰ ਭੇਜੀ ਬੇਨਤੀ ਕਾਰਨ ਹੀ ਪੰਜਾਬ ਵਿਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਸਰਕਾਰੀ ਛੁੱਟੀ ਕੀਤੇ ਜਾਣ ਦੇ ਹੁਕਮ ਹੋਏ। ਸਤੰਬਰ 1897 ਵਿਚ ਭਾਈ ਜਵਾਹਰ ਸਿੰਘ ਨੂੰ ਕਲਕੱਤਾ ਲਿਟਰੇਰੀ ਸੁਸਾਇਟੀ ਦਾ ਮੈਂਬਰ ਚੁਣਿਆ ਗਿਆ। ਲੈਫਟੀਨੈਂਟ ਗਵਰਨਰ ਪੰਜਾਬ ਨੇ ਪਹਿਲੀ ਨਵੰਬਰ 1899 ਨੂੰ ਉਨ੍ਹਾਂ ਨੂੰ ਪੰਜਾਬ ਟੈਕਸਟ ਬੁਕ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ। ਨਵੰਬਰ 1904 ਵਿਚ ਉਨ੍ਹਾਂ ਨੂੰ ਪੰਜਾਬ ਯੂਨੀਵਰਸਿਟੀ ਲਾਹੌਰ ਦਾ ਫੈਲੋ ਨਿਯੁਕਤ ਕੀਤਾ ਗਿਆ। ਧਰਮ ਪ੍ਰਚਾਰ, ਸਿੱਖਿਆ ਅਤੇ ਸਮਾਜਕ ਕਾਰਜ ਕਰਨ ਦੇ ਨਾਲ ਭਾਈ ਜਵਾਹਰ ਸਿੰਘ ਨੇ ਕਲਮੀ ਸੇਵਾ ਵੀ ਕੀਤੀ। ਉਨ੍ਹਾਂ ਦਾ ਵਧੇਰੇ ਕੰਮ ਅੰਗਰੇਜ਼ੀ ਵਿਚ ਹੈ। ਉਨ੍ਹਾਂ ਦੀਆਂ ਲਿਖੀਆਂ ਦੋ ਪੁਸਤਕਾਂ 'The Poverty of India' ਅਤੇ 'Thoughts on Duty' ਬਾਰੇ ਅਖਬਾਰਾਂ ਵਿਚ ਚੰਗੀ ਚਰਚਾ ਹੋਈ। 'ਧਰਮ ਵਿਚਾਰ' ਅਤੇ 'ਅਫਲਾਸ ਹਿੰਦ' ਉਨ੍ਹਾਂ ਦੀਆਂ ਉਰਦੂ ਵਿਚ ਪ੍ਰਕਾਸ਼ਿਤ ਪੁਸਤਕਾਂ ਹਨ। 'ਧਰਮ ਵਿਚਾਰ' 28 ਅਪਰੈਲ 1889 ਨੂੰ ਸ੍ਰੀ ਗੁਰੂ ਸਿੰਘ ਸਭਾ ਫਿਰੋਜ਼ਪੁਰ ਦੇ ਸਾਲਾਨਾ ਸਮਾਗਮ ਵੇਲੇ ਦਿੱਤੇ ਭਾਸ਼ਣ ਦਾ ਕਿਤਾਬੀ ਰੂਪ ਸੀ।

ਧਰਮ, ਸਿੱਖਿਆ ਅਤੇ ਸਮਾਜ ਸੁਧਾਰ ਦੇ ਖੇਤਰ ਵਿਚ ਸਲਾਹੁਣਯੋਗ ਕੰਮ ਕਰਨ ਵਾਲੇ ਭਾਈ ਜਵਾਹਰ ਸਿੰਘ ਦਾ ਬਵੰਜਾ ਕੁ ਸਾਲ ਦੀ ਉਮਰ ਵਿਚ 14 ਮਈ 1910 ਨੂੰ ਲਾਹੌਰ ਵਿਚ ਦੇਹਾਂਤ ਹੋ ਗਿਆ।

-0-

# ਭਵਿੱਖ ਦੀ ਤਿਆਰੀ

**ਜਸਵੀਰ ਸਿੰਘ**

ਅਚਾਨਕ ਪਿੰਡ ਦੇ ਗੁਰਦੁਆਰਾ ਸਾਹਿਬ ਤੋਂ ਭਾਈ ਜੀ ਨੇ ਅਨਾਊਂਸ ਕੀਤਾ ਕਿ ਆਪਣੇ ਪਿੰਡ ਦੇ ਵਾਟਰ ਵਰਕਸ ਦੀ ਟੈਂਕੀ ਤੇ ਗੋਮੇ ਦੇ ਦੋ ਪੰਜਵੀਂ ਜਮਾਤ ਵਿਚ ਪੜ੍ਹਦੇ ਲੜਕੇ ਖੀਰਾ ਤੇ ਬੀਰਾ ਚੜ੍ਹ ਗਏ। ਉਨ੍ਹਾਂ ਨੂੰ ਬਚਾਉਣ ਲਈ ਪਹੁੰਚੋ। ਸਾਰਾ ਪਿੰਡ ਸਾਹੋ ਸਾਹੀ ਪਾਣੀ ਵਾਲੀ ਟੈਂਕੀ ਕੋਲ ਪਹੁੰਚ ਗਿਆ। ਫ਼ੌਜੀਆਂ ਦੇ ਨਿੰਦੀ ਨੇ ਬਹਾਦਰੀ ਵਿਖਾਉਂਦਿਆਂ ਦੋਹਾਂ ਨੂੰ ਸਹੀ ਸਲਾਮਤ ਹੇਠਾਂ ਉਤਾਰ ਲਿਆ। ਜਦੋਂ ਸਭ ਨੇ ਖੀਰੇ ਤੇ ਬੀਰੇ ਨੂੰ ਟੈਂਕੀ ਉਤੇ ਚੜ੍ਹਨ ਦਾ ਕਾਰਨ ਪੁੱਛਿਆ ਤਾਂ ਦੋਹਾਂ ਦਾ ਜਵਾਬ ਸੁਣ ਕੇ ਸਾਰੇ ਸੁੰਨ ਜਿਹੇ ਹੋ ਗਏ। ਖੀਰਾ ਤੇ ਬੀਰਾ ਦੋਵੇਂ ਇਕੱਠੇ ਹੀ ਬੋਲ ਪਏ, "ਅਸੀ ਤਾਂ ਪਾਣੀ ਵਾਲੀ ਟੈਂਕੀ 'ਤੇ ਚੜ੍ਹਨਾ ਸਿੱਖ ਰਹੇ ਹਾਂ ਕਿਉਂਕਿ ਪੜ੍ਹਾਈ ਕਰ ਕੇ ਨੌਕਰੀਆਂ ਲੈਣ ਲਈ ਟੈਂਕੀਆਂ 'ਤੇ ਹੀ ਚੜ੍ਹਨਾ ਪਊ।"

ਲੜੀ ਜੋੜਨ ਲਈ ਪਿਛਲਾ ਸਤੰਬਰ 2023 ਅੰਕ ਵੇਖੋ:

**'ਸਿੱਖਾਂ ਦੇ ਪਾਕਿਸਤਾਨ ਵਿਚੋਂ ਨਿਕਲਣ ਦੀ ਗਾਥਾ'** ਕਿਤਾਬ ਵਿਚੋਂ

# ਅੰਤਿਕਾ 2

**–ਡਾ. ਕਿਰਪਾਲ ਸਿੰਘ**

**ਪੰਜਾ ਸਾਹਿਬ ਤੇ ਐਬਟਾਬਾਦ**

ਅਸੀਂ ਬਚਨ ਕਰ ਹੀ ਰਹੇ ਸੀ ਕਿ ਖਾਨ ਸੱਯਦੁੱਦੀਨ ਜੀ ਆ ਗਏ ਕਿ "ਤਿਆਰ ਹੋ ਜਾਓ, ਚਲੀਏ।" ਮੈਨੇ ਛੇਤੀ ਉਠ ਨੇ ਆਪਣਾ ਸਮਾਨ ਜੀਪ ਵਿਚ ਰਖ ਦਿੱਤਾ ਤੇ ਤੁਰ ਪਏ। ਪਰ ਲੋਕਾਂ ਦੀ ਤੱਕਣੀ ਵੇਖਣ ਦੀ ਏਸ ਤਰ੍ਹਾਂ ਦੀ ਸੀ, ਜਿਵੇਂ ਡੋਲੀ ਵਿਚੋਂ ਬਾਹਰ ਨਿਕਲੀ ਸੱਜਰੀ ਵਿਆਹੀ ਨੂੰ ਜਾਂ ਈਦ ਦੇ ਚੰਦ ਨੂੰ ਜਾਂ ਜਿਵੇਂ ਆਸ਼ਕ ਮਸ਼ੂਕ ਨੂੰ ਵੇਖਦਾ ਹੈ। ਅਸੀਂ ਅੱਠ ਵਜੇ ਪਿੰਡੀ ਤੋਂ ਚੱਲੇ, ਪੰਜਾ ਸਾਹਿਬ ਪੁੱਜੇ। ਮੈਂ ਕਿਹਾ "ਖਾਨ ਜੀ ! ਮੈਨੂੰ ਆਪਣੇ ਗੁਰੂ ਦੀ ਜ਼ਿਆਰਤ ਤਾਂ ਕਰਾ ਚੱਲੋ।" ਉਹਨਾਂ ਨੇ ਜੀਪ ਗੁਰਦੁਆਰੇ ਵਾਲੀ ਤਰਫ਼ ਕਰ ਦਿੱਤੀ ਤੇ ਡਿਊਢੀ 'ਤੇ ਆ ਕੇ ਖੜੀ ਕੀਤੀ। ਮੈਂ ਉੱਤਰ ਨੇ ਬਾਹਰੋਂ ਹੀ ਖ਼ਾਕ ਚੁੰਮੀ ਤੇ ਪਾਣੀ ਵੀ ਪੀਤਾ ਪਰ ਦਿਲ ਵਿੱਚ ਬੜੀਆਂ ਕਾਂਗਾਂ ਆਈਆਂ; ਸਰਦਾਰ ਬਘੇਲ ਸਿੰਘ ਯਾਦ ਆਇਆ। ਉਥੋਂ ਤੁਰੇ ਹਰੀ ਪੁਰ ਖ਼ਾਲਸਾ ਹਾਈ ਸਕੂਲ ਪਾਸ ਪੁੱਜੇ; ਤੇ ਖ਼ਾਲਸਾ ਤੇ ਸੰਗਤਾਂ ਅਤੇ ਸਰਦਾਰ ਰੋਚਾ ਰਾਮ ਦਾ ਪਰਿਵਾਰ ਤੇ ਉਹ ਰੌਣਕਾਂ ਯਾਦ ਆਈਆਂ ਜੋ ਕਦੇ ਦੇਖੀਆਂ ਸਨ। ......ਹਰੀਪੁਰ ਦੇ ਖਾਪਨੀ ਬਾਗ਼ ਬਗੀਚੇ ਲਹਿ ਲਹਿ ਕਰ ਰਹੇ ਸੀ, ਫਲ ਫੁੱਲ ਖਿੜੇ ਜਿਨ੍ਹਾਂ ਨੂੰ ਵੇਖਣ 'ਤੇ ਚਿਤ ਖਿੜਦਾ ਸੀ। ਇਥੋਂ ਦੇ ਪੁਲਿਸ - ਅਫ਼ਸਰ ਦਾ ਪਤਾ ਕਰਕੇ ਅੱਗੇ ਤੁਰੇ, ਹਵੇਲੀਆਂ ਜਾ ਪਹੁੰਚੇ, ਪਰ ਖ਼ਾਨ ਜੀ ਕਹਿਣ ਲੱਗੇ, "ਅਮਰ ਕੌਰ ਦਾ ਹਾਲੀ ਕੇਸ ਨਾ ਛੇੜੀਏ ਸ਼ੋਰਸ਼ ਮਚ ਜਾਏਗੀ, ਪਹਿਲਾਂ ਅੱਗੇ ਚੱਲੀਏ ਐਬਟਾਬਾਦ ਤੇ ਗੜ੍ਹੀ, ਜੋਗਿੰਦਰ ਸਿੰਘ ਵਗ਼ੈਰਾ ਦਾ ਪਤਾ ਕੱਢੀਏ।"

ਐਬਟਾਬਾਦ ਪੁਲਿਸ ਲਾਈਨ ਵਿਚ ਪਹੁੰਚ ਕੇ ਡੀ.ਐੱਸ.ਪੀ. ਹਬੀਬੁੱਲਾ ਖ਼ਾਨ ਜੀ ਨੂੰ ਮਿਲੇ, ਜੋ ਬੰਨੂ ਦੇ ਸੀ, ਬਹੁਤ ਨੇਕ ਤੇ ਦਿਲ ਰੱਖਣ ਵਾਲੇ, ਬੜਾ ਸਤਿਕਾਰ ਕੀਤਾ ਤੇ ਕਿਹਾ ਕਿ "ਕੋਈ ਫ਼ਿਕਰ ਨਹੀਂ, ਕੋਈ ਅੱਖ ਪੁੱਟ ਕੇ ਭੀ ਤੁਸਾਂ ਵੱਲ ਨਹੀਂ ਤੱਕੇਗਾ ਤੇ ਮੈਂ ਤੁਸਾਡੀ ਕਾਮਯਾਬੀ ਲਈ ਪੂਰਾ ਫ਼ਰਜ਼ ਨਿਬਾਹਾਂਗਾ, ਭਾਵਾਂ ਮੇਰੇ ਇਲਾਕੇ ਵਿਚ ਪਹਿਲਾ ਸਿੱਖ ਆਇਆ ਹੈ।" ਮੈਂ ਕਿਹਾ, "ਖ਼ਾਨ ਜੀ ਇਕ ਕੇਸ ਹਵੇਲੀਆਂ ਹੈ ਤੇ ਇਕ ਐਬਟਾਬਾਦ, ਬਾਕੀ ਗੜ੍ਹੀ। ਅਸੀਂ ਪਹਿਲਾਂ ਗੜ੍ਹੀ ਜਾਂਦੇ ਹਾਂ, ਤੁਸੀਂ ਮਦਦ ਦਿਓ।" ਉਸ ਨੇ ਇਕ ਇੰਸਪੈਕਟਰ ਤੇ ਦੋ ਸਿਪਾਹੀ ਨਾਲ ਦਿੱਤੇ। ਅਸੀਂ ਅੱਗੇ ਅੱਗੇ ਤੁਰ ਪਏ। ਮਾਨ ਸੇਹਰੇ, ਪੁੱਜੇ, ਗੁਰਦੁਆਰਾ ਬੰਦ ਸੀ ਤੇ ਬਾਹਰੋਂ ਖ਼ਰਾਬ ਹਾਲਤ। ਉਸ ਜਗ੍ਹਾਂ ਦੀਆਂ ਰੌਣਕਾਂ ਤੇ ਬਾਬਾ ਪ੍ਰਣਪਾਲ ਸਿੰਘ ਜੀ ਦੀ ਮਿਹਨਤ ਸਤਿਸੰਗਤ ਭਜਨ ਕੀਰਤਨ ਕਥਾ ਯਾਦ ਆਏ।

**ਦੁਖੀਆਂ ਦੀ ਪੁਕਾਰ**

ਇਥੋਂ ਤੁਰ ਕੇ ਸ਼ਾਮਾਂ ਢਲ ਗਈਆਂ ਸਨ, ਅਸੀਂ ਬਟਰਾਸੀ ਦੇ ਬਣ ਵਿਚ ਪੁੱਜੇ। ਬਾਰਸ਼ ਬਹੁਤ ਸ਼ੁਰੂ ਹੋ ਗਈ। ਰੂਹ ਤੇ ਬੁੱਧੀ ਦੇ ਕੰਨਾਂ ਵਿਚ ਅਵਾਜ਼ਾਂ ਕੁਦਰਤੀ ਆਉਣੀਆਂ ਸ਼ੁਰੂ ਹੋ ਪਈਆਂ, ਉਹਨਾਂ ਬੱਚੇ ਬੱਚੀਆਂ ਦੀਆਂ ਜਿਨ੍ਹਾਂ ਨੂੰ....ਹਮਲੇ ਦੇ ਸਮੇਂ ਟਰੱਕਾਂ ਵਿਚ ਲੱਦ ਕੇ ਲੈ ਆਏ ਸੀ, ਮੁਜ਼ੱਫਰਾਬਾਦ ਜ਼ਿਲ੍ਹੇ ਦੇ ਸਾਰੇ ਸਿੱਖਾਂ ਨੂੰ ਕਤਲ ਕਰ। ਉਹਨਾਂ ਦੀਆਂ ਰੂਹਾਂ ਚੀਖੋ ਪੁਕਾਰ ਕੀਰਣੇ ਹਾੜੇ ਕਰ ਕਰ ਉੱਚੀ ਪੁਕਾਰ ਰਹੀਆਂ ਸਨ: "ਹੇ ਰੱਬ ਪ੍ਰਭੂ ! ਅਸੀਂ ਬੱਕਰੀਆਂ ਭੇਡਾਂ ਦੀ ਤਰ੍ਹਾਂ ਜਕੜੀਆਂ ਕਿਥੇ ਜਾ ਰਹੀਆਂ ਹਾਂ ? ਹੇ ਅਕਾਲ ਪੁਰਖ ! ਮਾਤਾ ਪਿਤਾ, ਪਤੀ, ਵੀਰ ਭੈਣਾਂ, ਪੁੱਤਰ ਸਭ ਕਤਲ ਕੀਤੇ ਗਏ, ਉਹਨਾਂ ਦੇ ਸਿਰਾਂ ਧੜਾਂ ਮਿੱਝਾਂ ਲਾਸ਼ਾਂ ਦੇ ਢੇਰਾਂ ਵਿੱਚੋਂ ਨਿਕਲ ਕੇ ਉਹਨਾਂ ਦੇ ਸ਼ਹੀਦੀ ਖ਼ੂਨ ਦੀਆਂ ਨਦੀਆਂ ਵਿਚ ਸਾਨੂੰ ਕਿਉਂ ਗਰਕ ਨਹੀਂ ਕੀਤਾ। ਅੱਜ ਅੱਠ ਅੱਠ ਦਸ ਦਸ ਦਿਨ ਰੋਟੀ ਪਾਣੀ ਖਾਧੇ ਪੀਤਿਆਂ ਹੋ ਗਏ ਹੈਨ, ਰਿਸ਼ਤੇਦਾਰ ਖ਼ਤਮ ਹੋ ਗਏ, ਘਰ ਬਾਰ ਲੁੱਟਿਆ ਗਿਆ ਹੈ। ਅਸੀਂ ਮੰਦੇ ਭਾਗਾਂ ਨੂੰ ਕਿਉਂ ਜੀਉਂਦਿਆਂ ਰਹਿ ਗਈਆਂ ਹਾਂ। ਰਿਸ਼ਤੇਦਾਰਾਂ ਦੇ ਖ਼ੂਨ ਨਾਲ ਤੇ ਆਪਣੇ ਜ਼ਖ਼ਮਾਂ ਨਾਲ ਜੋ ਕੱਪੜਾ ਹੈ ਉਹ ਭੀ ਆਕੜ ਗਿਆ ਹੈ, ਜ਼ਾਲਮਾਂ ਜਾਬਰਾਂ ਦੇ ਹੱਥ ਵਿਚ ਹਾਂ, ਪਤਾ ਨਹੀਂ ਕਿਥੇ ਜਾ ਕੇ ਟਕੇ ਟਕੇ ਤੋਂ ਵਿਕਾਂਗੀਆਂ, ਹੇ ਪ੍ਰਭੂ ! ਮੇਹਰ ਕਰ, ਕੋਈ ਚਰਖ਼ ਤੋਂ ਬਿਜਲੀ ਸੁੱਟ ਜਾਂ ਜ਼ਮੀਨ ਨੂੰ ਕਹੁ ਫੱਟ ਜਾਏ, ਅਸੀਂ ਗਰਕ ਹੋ ਜਾਈਏ। ਹੇ ਕਰਤਾ ! ਤੇਰੇ ਬਿਨਾਂ ਸਾਡੀ ਕੌਣ ਸੁਣੇ, ਅਸੀਂ ਹਾਲੋਂ ਬਿਹਾਲ ਹਾਂ, ਕੋਈ ਚਾਰਾ ਨਹੀਂ।" ਇਹੋ ਜਿਹੇ ਖ਼ਿਆਲ ਅਸਾਂ 'ਤੇ ਕੁਦਰਤੀ ਪੈ ਰਹੇ ਸੀ। ਅਸੀਂ ਚੜ੍ਹਾਈ ਚੜ੍ਹ ਕੇ ਜਦੋਂ ਉਤਰਾਈ ਹੋਏ ਤਦ 10 ਵਜੇ ਰਾਤ ਦਾ ਸਮਾਂ ਸੀ, ਖ਼ਾਨ ਸੱਯਦੁੱਦੀਨ ਨੇ ਮੇਰੇ ਕੰਧੇ 'ਤੇ ਹੱਥ ਰੱਖ ਕੇ ਕਿਹਾ, "ਸੁਣਾਓ ਸੰਤ ਜੀ ! ਹੁਣ ਤਾਂ ਵਤਨ ਆ ਗਏ ਹੋ, ਹਵਾ ਲਓ ਵਤਨ ਦੀ, ਪਰ ਤੁਸਾਂ ਦੀ ਰੂਹ ਕੀ ਆਖਦੀ ਹੈ ? ਏਸ ਵਕਤ ਦੁਸ਼ਮਨ ਦਾ ਦੇਸ਼ ਹੈ ਤੇ ਦੁਸ਼ਮਨਾਂ ਵਿਚ ਬੈਠੇ ਹੋ ? ਫੇਰ ਇਤਨੀ ਰਾਤ ਹੈ, ਬਾਰਸ਼ ਭੀ ਹੈ।" ਮੈਂ ਕਿਹਾ, "ਜੀ, ਭਰਾਵਾਂ ਵਿਚ ਬੈਠਾ ਹਾਂ ਤੇ ਦੇਸ਼ ਭੀ ਆਪਣਾ ਹੈ, ਪਰ ਜੇਕਰ ਅੱਖਾਂ ਬਦਲ ਜਾਣ ਤਦ ਇਹ ਕੀੜੀਆਂ ਹੀ ਦਿੱਸਦੀਆਂ ਹਨ।" ਉਸ ਨੇ ਮੇਰੀ ਕਲਾਈ ਪਕੜ ਲਈ ਅਤੇ ਨਬਜ਼ ਦੇਖ ਕੇ ਕਹਿਣ ਲੱਗੇ, "ਸੱਚਮੁੱਚ ਮਰਦ ਨੂੰ ਐਸਾ ਹੀ ਹੋਣਾ ਚਾਹੀਏ, ਸ਼ੇਰ ਦਿਲ ਤੇ ਖ਼ੁਦਾਈ ਅਹਿਸਾਸ ਤੇ ਵਿਸ਼ਵਾਸ ਵਾਲਾ।"

**ਗੜ੍ਹੀ ਪੁੱਜਣਾ**

ਹੁਣ ਜਦ ਅਸੀਂ ਕ੍ਰਿਸ਼ਨ ਗੰਗਾ ਦੇ ਨੇੜੇ ਨੇੜੇ ਪੁੱਜਦੇ ਗਏ, ਹਵਾ ਹੋਰ ਠੰਡੀ ਤੇ ਤਰ, ਮੈਂ ਕਿਹਾ—ਇਹ ਬੁੱਲਾ ਤਾਂ ਮੇਰੀ ਰਮਣੀਕ ਤੇ ਸੋਹਣੀ ਚਕਾਰ ਦਾ ਹੀ ਹੈ। ਆਖ਼ਰ ਪੁਲ ਆ ਗਿਆ। ਟੱਪ ਕੇ ਥਾਣੇ ਪੁੱਜੇ। ਦਰ ਖੋਹਲ ਕੇ ਅੰਦਰ ਥਾਣੇ ਦੇ ਦੋਨੋਂ ਜੀਪਾਂ ਸਿੱਧੀਆਂ ਗਈਆਂ। ਸਾਰਾ ਅਮਲਾ-ਫੈਲਾ ਥਾਣੇ ਦਾ ਜਮਾਂ ਹੋ ਗਿਆ, ਜਗ੍ਹਾ ਦੇਖੀ ਗਈ। ਜਿਸ ਕਮਰੇ ਨੂੰ ਕੋਈ ਰੋਸ਼ਨਦਾਨ ਨਹੀਂ ਸੀ, ਉਥੇ ਥਾਂ ਦਿੱਤੀ, ਪਹਿਰਾ ਲਾ ਦਿੱਤਾ ਚਾਰੋਂ ਤਰਫ, ਖ਼ਾਨ ਜੀ ਨੇ ਦਰਵਾਜ਼ੇ ਅੱਗੇ ਆਪ ਮੰਜਾ ਡਾਹ ਲੀਤਾ। ਲੋਕੀਂ ਹੈਰਾਨ ਸਨ : ਇਕ ਸਿੱਖ ਤੇ ਇਤਨੀ ਨਾਲ ਪੁਲਿਸ। ਫੇਰ ਇਹ ਸਿੱਖ ਅੱਜ (ਕਈ) ਸਾਲਾਂ ਤੋਂ ਬਾਅਦ ਆ ਗਿਆ ਹੈ ਤੇ ਦੇਖਿਆ ਹੈ।

ਖ਼ਾਨ ਜੀ ਨੇ ਕਿਹਾ, "ਕਿਉਂ ਭਰਾਵੋ ! ਖ਼ਾਲਸੇ ਨੂੰ ਦੇਖ ਕੇ ਹੈਰਾਨ ਹੋ ? ਇਹ ਇਸੇ ਇਲਾਕੇ ਦੇ ਹਨ, ਪਹਿਚਾਨੋ।" ਕਹਿਣ, "ਜੀ ਅੱਜ ਚਾਰ ਸਾਲ ਤੋਂ ਬਾਅਦ ਸਾਬਤ ਸੂਰਤ ਵਿਚ ਸਿੱਖ ਦੇਖਿਆ ਹੈ, ਸਾਨੂੰ ਤਾਂ ਕਿਹਾ ਜਾਂਦਾ ਹੈ ਕਿ ਸਿੱਖ ਕੋਈ ਰਿਹਾ ਹੀ ਨਹੀਂ ਹੈ, ਅੱਜ ਸਾਹਮਣੇ ਇਥੇ ਆ ਗਿਆ ਹੈ ਅਤੇ ਇਤਨੀ ਪੁਲਿਸ ਹਿਫ਼ਾਜ਼ਤ ਨੂੰ ਦਿੱਤੀ ਹੈ ਪਾਕਿਸਤਾਨ ਨੇ, ਇਹ ਕੀ ਵਜ੍ਹਾ ਹੈ ? ਇਹ ਕੌਣ ਹਨ ਤੇ ਕਿਉਂ ਆਏ ਹਨ?" ਇਤਨੀ ਦੇਰ ਨੂੰ ਚਕਾਰ ਬਣਗੋਲੀ ਪਿੰਡ ਦਾ ਇਕ ਸਿਪਾਹੀ ਆ ਗਿਆ, ਉਹ ਛੇਤੀ ਨਾਲ ਮੇਰੇ ਪਾਸ ਪੁੱਜ ਕੇ ਮੇਰੇ ਨਾਲ ਚਿਮਟ ਕੇ ਸਲਾਮ ਕਰਦਾ ਤੇ ਕਹਿੰਦਾ, "ਹੇ ਖ਼ੁਦਾ, ਅੱਜ ਸੰਤ ਮਿਲਿਆ ਹੈ।" ਮੈਂ ਉਸ ਦੇ ਮੂੰਹ ਵੱਲ ਤੱਕਾਂ। ਉਹ ਕਹਿਣ ਲੱਗਾ, "ਤੁਸੀਂ ਨਹੀਂ ਜਾਣਦੇ ਮੈਂ ਜਾਣਦਾ ਹਾਂ, ਤੁਸੀਂ 'ਅਵੈੜੇ ਪਿੰਡ' ਦੇ ਹੋ, ਮੈਂ 'ਬਣਗੋਲੀ' ਦਾ ਹਾਂ, ਅੱਲਾ ਨੇ ਜੁਦਾ ਕਰ ਦਿੱਤਾ, ਸ਼ੈਤਾਨ ਨੇ ਤਬਾਹ ਕਰ ਦਿੱਤਾ।"

**ਅਮੋਰ ਕੈਂਪ ਦਾ ਹਾਲ**

ਇਹ ਕਹਿੰਦਾ ਕਹਿੰਦਾ ਰੋ ਪਿਆ ਭੁੱਬ ਮਾਰ ਕੇ, ਮੇਰੇ ਭੀ ਨੈਣਾਂ 'ਚੋਂ ਆਂਸੂ ਚੱਲ ਪਏ। ਥਾਣੇਦਾਰ ਜੀ ਮੇਰੇ ਮੰਜੇ 'ਤੇ ਹੀ ਆ ਕੇ ਬੈਠ ਗਏ, ਧੀਰਜ ਦੇ ਕੇ ਉਸ ਨੂੰ ਕਹਿਣ ਲੱਗੇ, "ਇਹਨਾਂ ਦੀ ਸੇਵਾ ਕਰੋ ਜਲ ਪਾਣੀ ਦੀ।" ਉਹ ਸਿਪਾਹੀ, ਜੋ ਬੱਚੇ ਬੱਚੇ ਦੀ (ਸੁਖ) ਪੁੱਛੇ, ਅਕਾਲੀ ਜੀ ਦੀ ਪੁੱਛੀ। ਅਮੋਰ ਕੈਂਪ ਦੀਆਂ ਸਾਰੀਆਂ ਬੀਬੀਆਂ ਤੇ ਬੱਚਿਆਂ ਦਾ ਸੁਖ ਸੁਨੇਹਾ ਦਿੱਤਾ। ਫਿਰ ਕਿਹਾ, "ਮੈਨੂੰ ਸ਼ਹਿਰ ਮਿਲਦੇ ਰਹਿੰਦੇ ਹਨ, ਹੁਣ ਤਾਂ ਉਹ ਤੁਹਾਡਾ ਇਥੇ ਆਉਣਾ ਸੁਣ ਕੇ ਜ਼ਿੰਦੇ ਹੋ ਜਾਣਗੇ, ਮੈਂ ਕੱਲ ਹੀ ਪਤਾ ਦੇ ਆਵਾਂਗਾ।"

**ਬਿਰਧ ਮਾਤਾ ਦੀ ਸ਼ਹੀਦੀ**

ਮੈਂ ਭੀ ਪੁੱਛਿਆ, "ਕੌਣ ਕੌਣ ਮਿਲਦਾ ਹੈ ? ਉਹਨਾਂ ਦਾ ਕੀ ਹਾਲ ਹੈ ?" ਜੋ ਸ਼ਹੀਦ ਹੋ ਗਏ ਉਹ ਭੀ ਉਸ ਨੇ ਦੱਸੇ, ਜੋ ਕੈਂਪ ਵਿਚ ਸੀ ਉਹ ਭੀ ਦੱਸੇ, ਜੋ ਲੋਕਾਂ ਦੇ ਘਰਾਂ ਵਿਚ ਸੀ ਉਹ ਭੀ ਦੱਸੇ, ਤੇ ਨਾਲ ਨਾਲ ਰੋ ਭੀ ਪਵੇ। ਮੈਂ ਕਿਹਾ, "ਵੀਰ। ਉਹਨਾਂ ਨੂੰ ਮਾਰਦੇ ਨਾ, ਪਾਸ ਰੱਖ ਲੈਂਦੇ ਤਾਂ ਅੱਜ ਮੇਲ ਦੀ ਉਮੈਦ ਹੁੰਦੀ, ਪਰ ਜੋ ਖ਼ਤਮ ਹੋ ਗਏ ਉਹ ਏਥੇ ਕਿਥੇ ਮਿਲਣਗੇ।" ਉਸ ਨੇ ਜਦ ਮੇਰੇ ਚਾਰੋਂ ਸਕੇ ਭਾਈਆਂ ਦਾ ਨਾਮ ਲੀਤਾ ਕਿ "ਫਲਾਨੀ ਫਲਾਨੀ ਜਗ੍ਹਾ ਸ਼ਹੀਦ ਹੋਏ ਤੇ ਬੱਚੇ ਉਹਨਾਂ ਦੇ ਭੀ, ਪਰ ਤੁਸਾਡੀ ਬਿਰਧ ਮਾਤਾ ਨੂੰ ਗਰਬੂ ਤੇ ਅੱਤੇ ਨੇ ਜਿਉਂਦਿਆਂ ਮਕਾਨ ਵਿਚ ਸਾੜ ਦਿੱਤਾ, ਜਿਨ੍ਹਾਂ ਨੂੰ ਉਸ ਨੇ ਪੁੱਤਰ ਬਣਾਇਆ ਸੀ ਤੇ ਪਾਲਿਆ ਵਿਆਹਿਆ ਸੀ,

ਏਸ ਕਰ ਅਸੀਂ ਸਾਰਿਆਂ ਨੇ ਉਸ ਨੂੰ ਲਾਅਨਤਾਂ ਪਾਈਆਂ ਪਰ ਕੀ ਹੋ ਸਕਦਾ ਸੀ, ਸ਼ੈਤਾਨ ਸਾਰਿਆਂ ਦੇ ਸਿਰ ਚੜ੍ਹਿਆ ਹੋਇਆ ਸੀ।"

ਇਹ ਸੁਣ ਕੇ ਖ਼ਾਨ ਸੱਯਦੁੱਦੀਨ ਭੀ ਰੋ ਪਏ। ਜਦ ਸਾਰੀ ਗੱਲ ਸੁਣੀ ਤੇ ਪਤਾ ਲੱਗਾ ਕਿ ਇਕ ਸੌ ਯਾਰਾਂ ਆਦਮੀ ਮਾਰੇ ਗਏ ਹਨ, ਬੜਾ ਅਫ਼ਸੋਸ ਕਰਨ ਲੱਗੇ, "ਤੁਸੀਂ ਤਾਂ ਬੜੇ ਦਿਲ ਵਾਲੇ ਹੋ, ਇਤਨੀਆਂ ਸੱਟਾਂ ਖਾ ਕੇ ਫਿਰ ਨੇਕੀ 'ਤੇ ਲੱਗੇ ਹੋ।"

**ਲੜਕੀਆਂ ਦੀ ਭਾਲ**

ਉਤੋਂ ਕੁੱਕੜ ਨੇ ਬਾਂਗ ਦੇ ਦਿੱਤੀ, ਉਹ ਆਪਣੀ ਨਮਾਜ਼ ਲਈ ਤਿਆਰ ਹੋ ਗਏ, ਮੈਂ ਭੀ ਆਪਣਾ ਨਿਤਨੇਮ ਸ਼ੁਰੂ ਕਰ ਦਿੱਤਾ। ਆਪਣੀ ਪੂਜਾ ਪਾਠ ਤੋਂ ਵਿਹਲੇ ਹੋ ਕੇ ਚਾਹ ਵਗੈਰਾ ਦਾ ਇੰਤਜ਼ਾਮ ਕੀਤਾ। ਮੈਨੇ ਖਰਾ ਦੁੱਧ ਘਿਉ ਤੇ ਹੋਰ ਚੀਜ਼ਾਂ, ਜੋ ਬਹੁਤ ਸਸਤੀਆਂ ਸਨ ਤੇ ਸਵਾਦੀ ਸਨ, ਮੰਗਵਾ ਕੇ ਰੋਟੀ ਵੀ ਨਾਲ ਹੀ ਬਣਾ ਲੀਤੀ ਅਤੇ ਖਾ ਪੀ ਕੇ ਫਾਰਗ ਹੋ ਗਏ ਤੇ ਬਾਲਾ ਕੋਟ, ਜੱਬੀ, ਲੋਹਾਰ ਗਲੀ ਤਕ ਜਾਣ ਦੀ ਤਿਆਰੀ ਕੀਤੀ ਅਤੇ ਗੜ੍ਹੀ ਦੇ ਖ਼ਾਨ ਦੇ ਮਕਾਨ ਦੀ ਤਲਾਸ਼ੀ ਦਾ ਉਸ ਪਾਸ ਮਿੰਨੀ ਆਦਿ ਚਾਰ ਸਿਖ ਲੜਕੀਆਂ ਨਲੂਛੀਆਂ (ਦੀਆਂ) ਸਨ ਪਰ ਪੁਲਿਸ ਥੋੜ੍ਹੀ ਹੋਣੇ ਕਾਰਨ ਇਰਾਦਾ ਬਦਲ ਦਿੱਤਾ ਤੇ ਜੱਬੀ ਸਰਦੂਲ ਸਿੰਘ ਸਿਪਾਹੀ ਦੇ ਦੋ ਬੱਚਿਆਂ ਲਈ ਤੇ ਬਾਲਾ ਕੋਟ ਗਏ ਪਰ ਖਾਲੀ ਆਏ, ਕਾਮਯਾਬੀ ਨਾ ਹੋਈ। ਫੇਰ ਗੜ੍ਹੀ ਆ ਕੇ ਥਾਣੇ ਬੈਠ ਗਏ ਤੇ ਗੜ੍ਹੀ ਦੇ ਖ਼ਾਨ ਦੇ ਛੋਟੇ ਭਾਈ ਖਾਨ ਬਹਾਦਰ ਨੂੰ ਇੰਸਪੈਕਟਰਾਂ ਨੇ ਸੱਦ ਘੱਲਿਆ ਪੁਲਿਸ ਭੇਜ ਕੇ।

ਉਹ ਆ ਗਿਆ, ਬੜੇ ਪਿਆਰ ਨਾਲ ਮਿਲਿਆ ਤੇ ਕਹਿਣ ਲਗਾ, "ਜੀ ਸਿੱਖ ਕਿਥੋਂ ਲੈ ਆਏ ਹੋ ?" ਉਹਨਾਂ ਕਿਹਾ, "ਤੁਸਾਡੇ ਵਤਨੀ ਹਨ, ਤੁਸੀਂ ਨੂੰ ਮਿਲਣ ਆਏ ਹਨ ਤੇ ਵਤਨ ਦੀ ਹਵਾ ਖਾਣ, ਪਾਣੀ ਪੀਣ ਆਏ ਹਨ ਤੇ ਤੁਸਾਂ ਦੇ ਮਹਿਮਾਨ ਹਨ, ਖਿਦਮਤ ਕਰੋ।" ਉਹ ਮੇਰੇ ਪਾਸ ਆ ਗਏ- "ਆਪ ਕਿਸ ਪਿੰਡ ਦੇ ਹੋ ?" ਮੈਂ ਕਿਹਾ "ਚਕਾਰ ਦੇ ਤੇ ਨਾਮ ਮੇਰਾ ਚੱਕਰ ਕੌਰ ਸਿੰਘ ਹੈ।" ਉਸ ਨੇ ਝੱਟ ਜੱਫੀ ਪਾ ਲਈ ਅਤੇ ਬੜੇ ਦਰਦੀ ਦਿਲ ਨਾਲ ਕਿਹਾ, "ਸ਼ੁਕਰ ਖ਼ੁਦਾ ਦਾ ਇਕ ਤਾਂ ਸਿੱਖ ਦੇ ਦੀਦਾਰ ਚਾਰ ਸਾਲਾਂ ਤੋਂ ਪਿਛੋਂ ਹੋ ਗਏ ਹਨ। ਚਕਾਰ ਮੁਜ਼ੱਫਰਾਬਾਦ ਦੇ ਸਿੱਖਾਂ ਦੇ ਨਾਮ ਲੈ ਲੈ ਕੇ ਬਹੁਤ ਹੀ ਅਫ਼ਸੋਸ ਕਰੇ ਕਿ "ਐਸੇ ਜੁਵਾਨ ਸਿੱਖ ਸੁਹਣੇ ਕੱਦਾਂ ਵਾਲੇ ਨਹੀਂ ਮਿਲ ਸਕਦੇ ਪਰ ਖ਼ੁਦਾ ਦੀ ਮਰਜ਼ੀ।"

ਸਾਰੇ ਅਮਲੇ-ਫੈਲੇ ਦੀ ਰੋਟੀ ਸ਼ਾਮ ਦੀ ਘਰ ਕਹਿ ਭੇਜੀ ਤੇ ਸਾਡੇ ਪਾਸ ਹੀ ਸ਼ਾਮ ਤੱਕ ਰਿਹਾ ਅਤੇ ਸਭ ਹਾਲਾਤ ਦੱਸੇ ਦੁਸਾਏ, ਅਰ ਕਹਿਣ ਲੱਗਾ, "ਮੇਰੇ ਭਾਈ ਪਾਸ ਭੀ ਚਾਰ ਲੜਕੀਆਂ ਹਨ, ਪਰ ਮੇਰੀ ਤੇ ਉਸ ਦੀ ਅਣਬਣ ਹੈ, ਤੇ ਜੋ ਜੱਬੀ ਵਗੈਰਾ ਲੜਕੇ ਹਨ ਮੈਂ ਨਾਲ ਹੋ ਕੇ ਬਰਾਮਦ ਕਰਾਵਾਂਗਾ, ਘਾਬਰਨ ਦੀ ਲੋੜ ਨਹੀਂ।" ਮੈਂ ਕਿਹਾ, "ਖ਼ਾਨ ਜੀ। ਤੁਸਾਂ ਦੀ ਚਲਦੀ ਹੈ, ਮੈਨੂੰ ਕਿਸੀ ਤਰ੍ਹਾਂ ਮੁਜ਼ੱਫਰਾਬਾਦ, ਜਿਥੇ ਸਾਡੀ ਸੋਲ੍ਹਾਂ ਸੌ ਬੱਚੀ ਕੈਦ ਹੈ, ਪੰਜ ਮਿੰਟਾਂ ਲਈ ਮਿਲਾ ਦਿਓ, ਮੈਂ ਬੜਾ ਹੀ ਸ਼ੁਕਰਗੁਜ਼ਾਰ ਹੋਵਾਂਗਾ ਆਪ ਦਾ।" ਉਹ ਕਹਿਣੇ ਲਗਾ, "ਜੀ ਤੁਸਾਡਾ ਪਤਾ ਤਾਂ ਅੱਜ ਅੱਠ ਦਸ ਦਿਨ ਦਾ ਸਾਰੇ ਮੁਜ਼ੱਫਰਾਬਾਦ, ਚਕਾਰ ਤਕ ਭੀ ਪੁੱਜ ਗਿਆ ਹੈ ਕਿ ਉਹ ਆ ਰਹੇ ਹਨ ਤੇ ਕੈਂਪ ਵਿਚ ਭੀ ਤੁਸਾਡੀ ਡਾਕ ਪੁੱਜੀ ਹੋਈ ਹੈ, ਉਥੋਂ ਦੇ ਬੱਚੇ ਬੱਚੇ ਨੂੰ ਪਤਾ ਹੈ ਅਤੇ ਬੜੇ ਖ਼ੁਸ਼ ਹੁੰਦੇ ਸੀ, ਕਿਉਂਕਿ ਮੈਂ ਰੋਜ਼ ਹੀ ਸ਼ਹਿਰ ਜਾਂਦਾ ਹਾਂ ਤੇ ਅਕਸਰ ਹਰੇਕ ਗੱਲ ਦਾ ਪਤਾ ਲੱਗ ਜਾਂਦਾ ਹੈ ਤੇ ਪੁਲਿਸ ਅਫ਼ਸਰ ਭੀ ਮਿਲਦੇ ਰਹਿੰਦੇ ਹਨ, ਉਹ ਕਹਿੰਦੇ ਸੀ ਕਿ ਚਕਾਰ ਦਾ ਸੰਤ ਚੱਕਰ ਕੌਰ ਸਿੰਘ ਆ ਰਿਹਾ ਹੈ। ਸਾਡੇ ਲੋਕ ਤਾਂ ਕਈ ਬੁਰਾ ਮਨਾਂਦੇ ਹਨ, ਪਰ ਹਿੰਦੂ ਸਿਖ ਬੱਚੇ ਬੱਚੀਆਂ ਤਾਂ ਕਪੜਿਆਂ ਵਿਚ ਨਹੀਂ ਸਮਾ ਰਹੇ ਹਨ। ਤੇ ਹੈ ਭੀ ਠੀਕ ਉਹਨਾਂ ਲਈ, ਉਹਨਾਂ ਨੂੰ ਤਾਂ ਜਾਨ ਪੈ ਜਾਏਗੀ। ਅੱਜ ਹੀ ਡੀ.ਸੀ. ਮੁਜ਼ੱਫਰਾਬਾਦ ਤੋਂ ਪਤਾ ਲੈਂਦਾ ਹਾਂ।" ਜਦ ਪਤਾ ਲੀਤਾ, ਉਸ ਨੇ ਕਿਹਾ, "ਮਿਲਟਰੀ ਕਮਾਂਡਰ ਤੋਂ ਪੁੱਛੋ। ਮੈਂ ਤਾਂ ਉਹਨਾਂ ਨੂੰ ਜਾਣਦਾ ਭੀ ਹਾਂ ਤੇ ਮਿਲਟਰੀ ਦਾ ਖ਼ਿਆਲ ਭੀ ਹੈ, ਪਰ ਕਾਨੂੰਨੀ ਪਾਬੰਦੀਆਂ ਤੇ ਹੋਰ ਹਾਲਾਤ ਮਜਬੂਰ ਕਰਦੇ ਹਨ। ਉਹ ਜਦ ਲਾਹੌਰ ਪੁੱਜੇ ਸਨ ਤਦ ਤੋਂ ਹੀ ਮੈਨੂੰ ਖ਼ਬਰ ਪੁੱਜ ਗਈ ਸੀ ਤੇ ਪਿੰਡੀ ਆਵਣ ਤੇ ਗੜ੍ਹੀ ਪੁੱਜਣ ਦੀ ਭੀ।"

**ਅਮਰ ਕੈਂਪ ਲਿਜਾਣੋਂ ਨਾਂਹ**

ਜਦੋਂ ਕਮਾਂਡਰ ਨੂੰ ਪੁੱਛਿਆ, ਉਸ ਨੇ ਕਿਹਾ, 'ਇਹ ਕਦੀ ਨਹੀਂ ਹੋ ਸਕਦਾ ਕਿ ਇਸ ਇਲਾਕੇ ਦਾ ਵਾਕਫ, ਫੇਰ ਸਿੱਖ, ਲੜਾਈ ਦੇ ਏਰੀਆ ਵਿਚ ਆਏ, ਕੀ ਤੁਸੀਂ ਫ਼ੌਜੀ ਆਰਡਰ ਨਹੀਂ ਜਾਣਦੇ? ਪੁਲਿਸ ਨੂੰ ਚਾਹੀਦਾ ਸੀ ਕਿ ਉਹ ਉਸ ਨੂੰ ਗੜ੍ਹੀ ਤਕ ਭੀ ਨਾ ਲੈ ਆਉਂਦੇ, ਪਰ ਇਹ ਜ਼ਿੰਮੇਵਾਰੀ ਉਹਨਾਂ ਦੀ ਹੈ, ਏਥੇ ਦੀ ਸਾਡੀ ਹੈ। ਉਸ ਦਾ ਗੜ੍ਹੀ ਪਹੁੰਚਣ ਦਾ ਭੀ ਬੜਾ ਸ਼ੋਰ ਗੁਲ ਹੋ ਰਿਹਾ ਹੈ।" ਫੇਰ ਇੰਸਪੈਕਟਰ ਨੇ ਭੀ ਆਪਣੀ ਜ਼ਿੰਮੇਵਾਰੀ 'ਤੇ ਪੁੱਛਿਆ ਕਿ, "ਮੈਂ ਆਪਣੀ ਜੀਪ ਵਿਚ ਪੜਦੇ ਅੰਦਰ ਸਿਰਫ ਪੰਜ ਮਿੰਟਾਂ ਲਈ ਕੈਂਪ ਵਿਚ ਲੈ ਜਾਸਾਂ," ਉਹਨਾਂ ਨੂੰ ਭੀ ਉਹੀ ਜਵਾਬ। ਮੈਂ ਬੜਾ ਨਿਰਾਸ ਹੋ ਕੇ ਖਾਨ ਜੀ ਨੂੰ ਕਿਹਾ ਕਿ "ਤੁਸੀਂ ਮੈਨੂੰ ਲੋਹਾਰ ਗਲੀ ਤਕ ਲੈ ਚਲੋ, ਮੈਂ ਓਥੇ ਸ਼ਹਿਰ ਮੁਜ਼ੱਫਰਾਬਾਦ ਤੇ ਅਮੋਰ ਕੈਂਪ ਤੇ ਆਪਣੇ ਵਤਨ ਦਾ ਦਰਸ਼ਨ ਦੂਰੋਂ ਹੀ ਕਰ ਆਵਾਂ।" ਮੇਰੀ ਦਿਲ ਆਜ਼ੁਰਦਾ ਗੱਲ ਨੂੰ ਮੰਨ ਕੇ ਜੀਪ ਤਿਆਰ ਕਰਾਈ ਤੇ ਲਾਲ ਗੜ੍ਹੀ ਦੇ ਖ਼ਾਨ ਬਹਾਦਰ ਨੂੰ ਲੀਤਾ, ਅਸੀਂ ਪੰਜ ਜਾਂ ਛੀ ਮੀਲ 'ਤੇ ਪੁੱਜੇ, ਦੁਮੇਲ ਜੇਹਲਮ ਦਰਿਆ ਤੇ ਕ੍ਰਿਸ਼ਨ ਗੰਗਾ 'ਤੇ ਆਪਣਾ ਇਲਾਕਾ ਦਿਸਿਆ, ਪਰ ਛੇਵੇਂ ਸਤਿਗੁਰੂ ਦਾ ਗੁਰਦੁਆਰਾ ਨਾ ਦਿਸ ਸਕਿਆ। ਉਸ ਸਮੇਂ ਦਿਲੀ ਦਰਦ ਵਾਲੇ ਤੇ ਦਿਮਾਗੀ ਤੂਫਾਨ ਉਠੇ, ਜਿਨ੍ਹਾਂ ਨੂੰ ਥੰਮ੍ਹਣਾ ਮੁਸ਼ਕਲ ਹੋ ਗਿਆ, ਖਾਨ ਜੀ ਨੇ ਛੇਤੀ ਵਾਪਸੀ ਮੋਟਰ ਕੀਤੀ ਤੇ ਗੜ੍ਹੀ ਆ ਗਏ ਤੇ ਦੂਜੇ ਕੇਸਾਂ ਦੀ ਤਰਫ ਲੱਗ ਗਏ।

ਹੁਣ ਮੈਂ ਇੰਤਜ਼ਾਰੀ ਕਰ ਰਿਹਾ ਸੀ ਕਿ ਅਮੋਰ ਕੈਂਪ ਵਿੱਚੋਂ ਕੋਈ ਨਾ ਕੋਈ ਮੈਨੂੰ ਆ ਕੇ ਗੜ੍ਹੀ ਮਿਲੇਗਾ, ਕਿਉਂਕਿ ਮੈਂ ਲਾਹੌਰ ਪਿੰਡੀ ਤੋਂ ਖ਼ਤ ਲਿਖ ਦਿੱਤੇ ਸੀ ਕਿ ਮਾਨ ਸਿੰਘ ਜਾਂ ਰੰਗੀਲ ਸਿੰਘ ਜਾਂ ਕੋਈ ਬੀਬੀ ਗੜ੍ਹੀ ਥਾਣੇ ਵਿਚ ਆ ਕੇ ਮਿਲੇ, ਜੇਕਰ ਮੈਂ ਕੈਂਪ ਵਿਚ ਨਾ ਆ ਸਕਿਆ, ਕਿਉਂਕਿ ਤੁਹਾਡੇ ਹਾਲਾਤ ਤੇ ਦੁੱਖਾਂ ਤੋਂ ਅਸੀਂ ਬਹੁਤ ਦੁਖੀ ਹਾਂ, ਜੇ ਤੁਸੀਂ ਸਾਰੇ ਖ਼ਤਮ ਹੋ ਜਾਂਦੇ, ਜਿਥੇ ਤੁਹਾਡੇ ਹੋਰ ਸਾਰੇ ਸ਼ਹੀਦ ਹੋ ਗਏ, ਤਾਂ ਅਸੀਂ ਇਤਨੇ ਦੁਖੀ ਨਾ ਹੁੰਦੇ ਤੇ ਸਿਰ ਤਲੀ 'ਤੇ ਰੱਖ ਕੇ ਪਾਕਿਸਤਾਨ ਨਾ ਆਉਣਾ ਪੈਂਦਾ।

**ਅਮੋਰ ਕੈਂਪ ਦੀਆਂ ਬੱਚੀਆਂ ਲਈ ਅਰਦਾਸ**

ਪਰ ਤਿੰਨ ਦਿਨ ਬੀਤ ਗਏ, ਕੋਈ ਨਾ ਪਹੁੰਚ ਸਕਿਆ, ਨਾ ਮਿਲ ਸਕਿਆ। ਇਸ ਤਰਫ਼ੋਂ ਇਕ ਬੱਚਾ, ਸਰਦੂਲ ਸਿੰਘ ਸਿਪਾਹੀ ਦਾ, ਜੱਬੀ ਤੋਂ ਪਕੜ ਲੀਤਾ ਤੇ ਐਬਟਾਬਾਦ ਦੀ ਤਿਆਰੀ ਕਰ ਲੀਤੀ ਖ਼ਾਨ ਜੀ ਨੇ; ਮੈਂ ਕਿਹਾ, "ਅੱਜ ਦੀ ਰਾਤ ਇਥੇ ਹੀ ਰਹੋ, ਹੋ ਸਕਦਾ ਹੈ (ਕੋਈ) ਬੰਦਾ ਮਿਲਣ ਆ ਜਾਏ, ਸੁਬ੍ਹਾ ਚਲੇ ਚਲਾਂਗੇ।" ਹੁਣ ਮੈਂ ਸੋਚ ਕੇ ਵੈਰਾਗ ਵਿਚ ਆ ਕੇ ਇਹਨਾਂ ਨੂੰ ਡਾਕੀਏ ਬਣਾ ਕੇ ਡਾਕ ਤਿਆਰ ਕੀਤੀ, ਯਥਾ :

ਐ ਪਰਬਤੋਂ, ਪੱਥਰੋ, ਪਵਣ, ਪ੍ਰਮਾਣੂਓਂ ਵੇ !
ਬ੍ਰਿੱਛੋ ਬੂਟਿਓ, ਪੱਤਿਓ ਜਾਓ ਸਾਰੇ।
ਐ ਦਰਿੰਦ ਪਰਿੰਦੇ ਦਰਿੰਦਿਓ ਵੇ !
(ਮੈਂ) ਅਧਿਕ ਦੁਖੀ ਤੇ ਤਰਸ ਚਾ ਖਾਓ ਸਾਰੇ।
ਐਂ ਧਰਤੀ ਮਾਤ ਅਕਾਸ਼ ਭਗਵਾਨ ਜਲ ਜੀ,
ਮੇਰੇ ਵੀਰਾਂ ਨੂੰ ਢੂੰਡੋ ਢੂੰਡਾਓ ਸਾਰੇ।

ਜਦ ਮੈਂ ਇਹੋ ਜਿਹੇ ਖਿਆਲਾਂ ਤੇ ਸੋਚਾਂ ਵਿਚਾਰਾਂ ਵਿਚ ਸੀ ਤਦੋਂ ਧਰਮ ਰੱਖਿਅਕ, ਹਿੰਦ ਦੀ ਚਾਦਰ, ਗੁਰੂ ਤੇਗ ਬਹਾਦਰ ਜੀ ਦਾ ਜੀਵਨ ਤੇ ਇਸੀ ਬਦਕਿਸਮਤ ਕਸ਼ਮੀਰ ਦੇ ਪੰਡਤਾਂ ਦੀ ਪੁਕਾਰ ਅਨੰਦਪੁਰ ਵਿਚ ਹੋ ਰਹੀ ਤੇ ਗੁਰੂ ਜੀ ਦਾ ਸੋਚ ਵਿਚ ਪੈ ਜਾਣਾ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰੂ ਜੀ ਤੋਂ ਪੁੱਛਣਾ ਕਿ ਆਪ ਕੀ ਸੋਚਦੇ ਹੋ ਤੇ ਇਹ ਚੀਖੋ ਪੁਕਾਰ ਕਰਨ ਵਾਲੇ ਕੌਣ ਹਨ ਤੇ ਕਿਸ ਦੇਸ਼ ਦੇ ਹਨ? ਤਦ ਗੁਰੂ ਜੀ ਦਾ ਉੱਤਰ ਦੇਣਾ:

'ਹਮ ਦਿਲ ਮੇਂ ਸੋਚਤੇ ਹੈਂ, ਕਿ ਤਦਬੀਰ ਕਿਆ ਕਰੇਂ।
ਇਨ ਸਭ ਕੋ ਕੈਦੇ ਜ਼ੁਲਮ ਸੇ, ਕਿਉਂ ਕਰ ਰਿਹਾ ਕਰੇ।'

ਗੁਰੂ ਤੇਗ ਬਹਾਦਰ ਜੀ ਨੇ ਕਿਹਾ, "ਏਹ ਕਸ਼ਮੀਰੀ ਪੰਡਤ ਹਨ ਤੇ ਦੁਖੀ ਹੋ ਕੇ ਆਏ ਹਨ ਕਿ ਅਕਾਸ਼ ਤੋਂ ਅਵਾਜ਼ ਆਈ ਕਿ ਧਾਰਮਕ ਆਗੂ ਸੀਸ ਦੇਵੇ ਤਾਂ ਬਚ ਸਕਦੇ ਹੋ।"

ਮੈਂ, ਰਾਤ ਦਾ ਇਕ ਵੱਜਿਆ ਸੀ, ਤਾਂ ਅਰਦਾਸ ਵਿਚ ਜੁੜ ਗਿਆ ਕਿ ਹੇ ਗੁਰੂ ਜੀ! ਇਨ੍ਹਾਂ ਨੂੰ ਵੀ ਬਹੁੜੋ ਜੋ ਚਾਰ ਸਾਲ ਕੈਦ ਵਿਚ ਹਨ, ਜਾਂ ਕਿਸੇ ਆਪਣੇ ਸਿੱਖ ਨੂੰ ਆਤਮ ਸ਼ਕਤੀ ਦਿਓ, ਜੋ ਇਸ ਕੈਦ ਤੋਂ ਇਨ੍ਹਾਂ ਦੁਖੀਆਂ ਨੂੰ ਛੁਡਾਏ।

(...ਚੱਲਦਾ)

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਸ਼ਬਦ-ਗੁਰੂ' ਸਿਧਾਂਤ ਤੇ ਪਰੰਪਰਾ

ਗਿ: ਜਗਤਾਰ ਸਿੰਘ ਜਾਚਕ

**'ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਪੁਸਤਕ ਵਿਚੋਂ**

ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਦੇ ਪ੍ਰਿੰਸੀਪਲ ਹਰਿਭਜਨ ਸਿੰਘ ਜੀ ਆਖਿਆ ਕਰਦੇ ਸਨ ਕਿ ਜਿਵੇਂ ਆਮ ਲੋਕਾਂ ਨੂੰ ਕਿਸੇ ਖ਼ਾਸ ਦੀਵਾਰ ਉੱਪਰ ਇਸ਼ਤਿਹਾਰ ਆਦਿਕ ਲਗਾਉਣ ਤੋਂ ਰੋਕਣਾ ਹੋਵੇ ਤਾਂ ਉਸੇ ਦੀਵਾਰ 'ਤੇ ਮੋਟੇ ਅੱਖਰਾਂ ਵਿਚ ਲਿਖਿਆ ਜਾਂਦਾ ਹੈ। ਇਥੇ ਇਸ਼ਤਿਹਾਰ ਲਗਾਉਣਾ ਮਨ੍ਹਾਂ ਹੈ। ਜਦੋਂ ਕਿ ਅਸਲੀਅਤ ਵਿਚ ਐਸੀ ਲਿਖਤ ਵੀ ਇਕ ਇਸ਼ਤਿਹਾਰ ਹੁੰਦੀ ਹੈ। ਇਸੇ ਤਰ੍ਹਾਂ ਲੁਕਾਈ ਨੂੰ ਸ਼ਬਦ ਗੁਰੂ ਦਾ ਮਹੱਤਵ ਸਮਝਾਉਣ ਅਤੇ ਸ਼ਬਦ-ਗੁਰੂ ਸੰਗ੍ਰਹਿ ਪੋਥੀ ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਚੱਲਣ ਦਾ ਸਬਕ ਦ੍ਰਿੜ ਕਰਵਾਉਣ ਲਈ ਗੁਰੂ ਨਾਨਕ ਸਾਹਿਬ ਜੀ ਨੂੰ ਸੰਨ 1469 ਤੋਂ 1708 ਤਕ 239 ਸਾਲ ਵਿੱਚ ਵੱਖ ਵੱਖ ਦਸ ਸਰੀਰਕ ਜਾਮੇ ਧਾਰਨ ਕਰਨੇ ਪਏ। ਜੋ 'ਇਥੋਂ ਇਸ਼ਤਿਹਾਰ ਲਗਾਉਣਾ ਮਨ੍ਹਾ ਹੈ' ਵਰਗੀ ਇਸ਼ਤਿਹਾਰੀ ਲਿਖਤ ਵਾਂਗ ਸੰਸਾਰਕ ਪੱਧਰ ਦੀ ਇਕ ਪ੍ਰਚਾਰਕ ਮਜਬੂਰੀ ਸੀ। ਇਸ ਸੱਚਾਈ ਦੇ ਅਕੱਟ ਪ੍ਰਮਾਣ ਹਨ-ਗੁਰਬਾਣੀ ਦੇ ਹੇਠ ਲਿਖੇ ਗੁਰਵਾਕ ਤੇ ਮਹੱਤਵਪੂਰਨ ਇਤਿਹਾਸਿਕ ਘਟਨਾਵਾਂ, ਜਿਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ- ਜੋਤਿ ਦਸ ਗੁਰੂ ਸਾਹਿਬਾਨ ਨੇ ਆਪਣੇ ਜੀਵਨ-ਕਾਲ ਵਿਚ ਸਦਾ ਗੁਰਬਾਣੀ ਰੂਪ ਸ਼ਬਦ ਗੁਰੂ ਨੂੰ ਵਡਿਆਇਆ ਤੇ ਸਿੱਖ ਸੰਗਤ ਨੂੰ ਸ਼ਬਦ-ਗੁਰੂ ਦੀ ਅਗਵਾਈ ਕਬੂਲਣ ਲਈ ਪ੍ਰੇਰਿਆ।

ਗੁਰੂ ਨਾਨਕ ਸਾਹਿਬ ਜੀ ਮਹਾਰਾਜ ਦੇ ਜੀਵਨ ਇਤਿਹਾਸ ਵਿਚ ਇਕ ਬੜੀ ਪ੍ਰੀਤਕਾਰ ਤੇ ਮਹੱਤਵਪੂਰਨ ਕਥਾ ਹੈ। ਜ਼ਿਕਰ ਹੈ ਕਿ ਗੁਰਦੇਵ ਜੀ ਮਹਾਰਾਜ ਨੇ ਦਰਿਆ ਰਾਵੀ ਦੇ ਕਿਨਾਰੇ ਸ੍ਰੀ ਕਰਤਾਰਪੁਰ ਵਿਖੇ ਵਿਖਾਵੇ ਦੇ ਕਰਮਕਾਂਡਾਂ ਤੋਂ ਰਹਿਤ ਅਤੇ ਰੱਬੀ-ਰਜ਼ਾ ਵਿਚ ਰਾਜ਼ੀ ਹੋ ਕੇ ਜੀਊਣ ਵਾਲੀ ਗੁਰਮਤੀ ਜੀਵਨ-ਜਾਚ ਦੀ ਸਿੱਖਿਆ ਦ੍ਰਿੜ੍ਹ ਕਰਾਉਣ ਹਿੱਤ ਇਕ 'ਧਰਮਸਾਲ' ਕਾਇਮ ਕੀਤੀ ਸੀ। ਗੁਰੂ ਕਾਲ ਦੇ ਗੁਰਬਾਣੀ ਵਿਆਖਿਆਕਾਰ ਭਾਈ ਗੁਰਦਾਸ ਜੀ ਦੀ ਦ੍ਰਿਸ਼ਟੀ ਵਿਚ ਇਹ ਕਰਤਾਰਪੁਰੀ ਧਰਮਸਾਲ ਧਰਤੀ 'ਤੇ ਵਸਾਇਆ ਇਕ ਪ੍ਰਤੱਖ ਸਚਖੰਡ ਸੀ। ਉਨ੍ਹਾਂ ਦੀ ਲਿਖਤ ਹੈ :

**ਧਰਮਸਾਲ ਕਰਤਾਰ ਪੁਰੁ ਸਾਧਸੰਗਤਿ ਸਚਖੰਡ ਵਸਾਇਆ। (ਵਾਰ-24, ਪਉੜੀ-1)**

ਗੁਰੂ ਨਾਨਕ ਪਾਤਸ਼ਾਹ ਜੀ ਨਾਲ ਸੰਬੰਧਿਤ ਲਗਭਗ ਸਾਰੇ ਹੀ ਇਤਿਹਾਸਿਕ ਸ੍ਰੋਤਾਂ ਵਿੱਚ ਵਰਣਨ ਹੈ ਕਿ ਇਕ ਦਿਹਾੜੇ ਸਵੇਰ ਵੇਲੇ ਭਾਈ 'ਧਿਰਥਾ' ਤੇ 'ਖੇਡਾ' ਦੋਵੇਂ ਗ੍ਰਿਹਸਥੀ ਭਰਾ ਹਜ਼ੂਰ ਦੇ ਦਰਸ਼ਨਾਂ ਲਈ ਧਰਮਸਾਲ ਪਹੁੰਚੇ। ਉਸ ਸਮੇਂ ਸਤਿਗੁਰੂ ਜੀ ਸੰਗਤ ਨੂੰ ਸ਼ਬਦ-ਵੀਚਾਰ ਸਰਵਣ ਕਰਵਾ ਰਹੇ ਸਨ। ਗੁਰ-ਸ਼ਬਦ ਵੀਚਾਰ ਉਪਰੰਤ ਜਦੋਂ ਜਗਿਆਸੂ-ਜਨਾਂ ਵਲੋਂ ਬੇਨਤੀਆਂ ਕਰਨ ਅਤੇ ਸੰਸਾ ਨਵਿਰਤੀ ਦਾ ਅਵਸਰ ਬਣਿਆ ਤਾਂ ਇਨ੍ਹਾਂ ਨੇ ਹੱਥ ਜੋੜ ਕੇ ਅਤਿ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਮਹਾਰਾਜ ! ਇਹ ਸਾਡਾ ਸੁਭਾਗ ਹੈ ਕਿ ਤੁਹਾਡੀ ਰਸਨਾ ਤੋਂ ਅੰਮ੍ਰਿਤ ਬਚਨ ਸੁਣਨ ਦਾ ਅਵਸਰ ਬਣਿਆ ਹੈ। ਸਾਡਾ ਮਨ ਬੜਾ ਸ਼ਾਂਤ ਹੋਇਆ ਹੈ। ਹਿਰਦੇ ਅੰਦਰ ਠੰਡ ਪੈ ਗਈ ਹੈ। ਨਿਹਾਲ ਹੋ ਗਏ ਹਾਂ।

ਸਾਡੀ ਇੱਛਾ ਤਾਂ ਇਹ ਹੈ ਕਿ ਅਸੀਂ ਹਮੇਸ਼ਾਂ ਲਈ ਤੁਹਾਡੀ ਚਰਨ ਸ਼ਰਨ ਵਿੱਚ ਰਹੀਏ। ਇਥੇ ਰਹਿ ਕੇ ਤੁਹਾਡੀ ਸੇਵ ਕਮਾਈਏ। ਪਰ, ਕੀ ਕਰੀਏ ? ਗ੍ਰਿਹਸਥੀ ਹਾਂ। ਕੰਮ ਧੰਦਿਆਂ ਵਿਚੋਂ ਇਤਨਾ ਵਿਹਲ ਕੱਢਣਾ ਮੁਸ਼ਕਲ ਹੈ। ਸੋ, ਇਸ ਲਈ ਕਿਰਪਾ ਕਰਕੇ ਐਸਾ ਉਪਦੇਸ਼ ਬਖਸ਼ੋ, ਜਿਸ ਸਦਕਾ ਅਸੀਂ ਕਿਰਤਕਾਰ ਕਰਦੇ ਹੋਏ ਕਰਤੇ ਪੁਰਖ ਨਾਲ ਜੁੜੇ ਰਹੀਏ। ਜੀਵਨ ਨਿਰਬਾਹ ਲਈ ਪਦਾਰਥਕ ਵਰਤੋਂ ਕਰਦਿਆਂ, ਸਾਡੀ ਸੁਰਤਿ ਪਰਮਾਤਮਾ ਵੱਲ ਲੱਗੀ ਰਹੇ।

ਉੱਤਰ ਵਿਚ ਗੁਰਦੇਵ ਜੀ ਬੋਲੇ—ਭਾਈ ! ਮਤਾ ਇਸ ਭੁਲੇਖੇ ਵਿਚ ਰਹਿਣਾ ਕਿ ਜੇ ਤੁਸੀਂ ਕਰਤਾਰਪੁਰ ਪਹੁੰਚ ਕੇ ਸਾਡੇ ਸਰੀਰਕ ਦਰਸ਼ਨ ਕਰਦੇ ਹੋਏ ਅਤੇ ਸਾਡੀ ਰਸਨਾ ਤੋਂ ਬਚਨ ਸੁਣਦੇ ਹੋਏ ਸਤਿਸੰਗ ਕਰੋ, ਸਾਡੀ ਸੇਵਾ ਕਰੋ, ਤਾਂ ਹੀ ਤੁਸੀਂ ਸਾਡੀ ਚਰਨ ਸ਼ਰਨ ਵਿਚ ਹੁੰਦੇ ਹੋ। ਨਹੀਂ ! ਨਹੀਂ ! ਭਾਈ ! ਦੋ-ਤ੍ਰੈ ਗੱਲਾਂ ਅਥਵਾ ਨੁਕਤੇ ਧਿਆਨ ਨਾਲ ਸਮਝ ਲਵੋ। ਪਹਿਲੀ ਗੱਲ ਤਾਂ ਇਹ ਹੈ ਕਿ ਗੁਰਬਾਣੀ ਦੀ ਰੋਸ਼ਨੀ ਵਿਚ ਜਿਥੇ ਵੀ ਸਤਿਸੰਗ ਹੋ ਰਿਹਾ ਹੋਵੇ, ਐਸਾ ਸਮਝੋ ਕਿ ਉਥੇ ਹੀ ਸਾਡਾ ਨਿਵਾਸ ਹੈ।

ਦੂਜੀ ਗੱਲ ਇਹ ਹੈ ਕਿ ਜੇ ਤੁਸੀਂ ਗੁਰੂ ਆਗਿਆ ਦਾ ਪਾਲਣ ਕਰਦੇ ਹੋਏ ਨਿਰੰਕਾਰ ਦੀ ਯਾਦ ਵਿਚ ਜੀਉਂਦੇ ਹੋ ਅਤੇ ਧਰਮ ਦੀ ਕਿਰਤ ਕਰ ਕੇ ਵੰਡ ਕੇ ਛਕਦੇ ਹੋ, ਤਾਂ ਤੁਸੀਂ ਜਿਥੇ ਵੀ ਹੋਵੋ, ਸਮਝੋ ਕਿ ਸਦਾ ਹੀ ਸਾਡੀ ਚਰਨ ਸ਼ਰਨ ਵਿਚ ਹੋ। ਤੁਹਾਨੂੰ ਸਦਾ ਖਿਆਲ ਰੱਖਣਾ ਚਾਹੀਦਾ ਹੈ ਕਿ ਸਿੱਖੀ ਕਿਰਤੀਆਂ ਦਾ ਧਰਮ ਹੈ, ਵਿਹਲੜਾਂ ਦਾ ਨਹੀਂ।

ਤੀਜੀ ਗੱਲ, ਜੋ ਸਭ ਤੋਂ ਮਹੱਤਵਪੂਰਨ ਹੈ, ਉਹ ਇਹ ਹੈ ਕਿ ਸਰੀਰ ਸਾਡਾ ਸਰਗੁਣ ਸਰੂਪ ਹੈ। ਜੇਕਰ ਤੁਸੀਂ ਸਾਡੇ ਸਰੀਰ ਨਾਲ ਜੁੜੋਂਗੇ, ਸਾਡੇ ਸਰੀਰ ਦਾ ਧਿਆਨ ਧਰੋਗੇ, ਤਾਂ ਤੁਹਾਨੂੰ ਇਕ ਦਿਨ ਸਾਡੇ ਨਾਲੋਂ ਵਿਛੜਨਾ ਹੀ ਪਏਗਾ। ਇਸ ਦਾ ਕਾਰਨ ਇਹ ਹੈ ਕਿ ਸਰੀਰ ਕੁਦਰਤੀ ਕਾਲ ਚੱਕਰ ਦੇ ਅਧੀਨ ਹੋਣ ਕਰਕੇ ਬਿਨਸਨਹਾਰ ਹੈ। ਇਸ ਨੇ ਇਕ ਦਿਹਾੜੇ ਮਿੱਟੀ ਵਿਚ ਰੁਲਣਾ ਹੈ। ਤਦੇ ਤਾਂ ਅਸਾਂ ਸਰੀਰ ਨੂੰ ਸੰਬੋਧਨ ਕਰ ਕੇ ਆਖਿਆ ਹੈ; "ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ॥" (154) ਪਰ, ਸ਼ਬਦ ਸਾਡਾ ਹਿਰਦਾ ਹੈ। ਸਾਡੀ ਆਤਮਾ ਹੈ। ਇਹ ਸਾਡਾ ਨਿਰਗੁਣ ਸਰੂਪ ਹੈ, ਜੋ ਮਰਨਹਾਰ ਨਹੀਂ; ਸਗੋਂ, ਅਬਿਨਾਸ਼ੀ ਹੈ। ਹਮੇਸ਼ਾਂ ਕਾਇਮ ਰਹਿਣ ਵਾਲਾ ਹੈ ।

ਸੋ, ਇਸ ਲਈ ਪਿਆਰਿਓ ! ਅਸੀਂ ਤਾਂ ਕੇਵਲ ਚਾਹੁੰਦੇ ਹਾਂ ਕਿ ਤੁਸੀਂ ਗੁਰ-ਸ਼ਬਦ ਨਾਲ ਜੁੜੋ। ਜੇ ਤੁਸੀਂ ਗੁਰ-ਸ਼ਬਦ ਨਾਲ ਜੁੜੋਗੇ, ਗੁਰ-ਸ਼ਬਦ ਵੀਚਾਰ ਦੀ ਰੌਸ਼ਨੀ ਵਿੱਚ ਜੀਵੋਗੇ ਤਾਂ ਤੁਹਾਨੂੰ ਸਾਡੇ ਨਾਲੋਂ ਵਿਛੜਨਾ ਨਹੀਂ ਪਵੇਗਾ। ਤੁਹਾਨੂੰ ਸੰਪੂਰਨ ਜ਼ਿੰਦਗੀ ਵਿਚ ਹਰ ਸਮੇਂ, ਹਰੇਕ ਥਾਂ ਗੁਰ-ਸ਼ਬਦ ਤੋਂ ਹਰੇਕ ਕਿਸਮ ਦੀ ਅਗਵਾਈ ਮਿਲਦੀ ਰਹੇਗੀ। ਇਸ ਪ੍ਰਕਾਰ ਗੁਰ-ਸ਼ਬਦ ਰੂਪ ਵਿਚ ਆਦਿ-ਗੁਰੂ ਅਕਾਲ ਪੁਰਖ, ਸਦਾ ਹੀ ਤੁਹਾਡੇ ਅੰਗ-ਸੰਗ ਵਰਤਦਾ ਰਹੇਗਾ। ਸਤਿਗੁਰੂ ਜੀ ਦੇ ਉਪਰੋਕਤ ਵਾਰਤਾਲਾਪ ਨੂੰ ਸ੍ਰੀ ਗੁਰ ਨਾਨਕ ਪ੍ਰਕਾਸ਼ ਵਿਖੇ ਕਾਵਿਕ ਰੂਪ ਵਿਚ ਇਉਂ ਅੰਕਿਤ ਕੀਤਾ ਮਿਲਦਾ ਹੈ :

ਬੋਲੇ ਸ੍ਰੀ ਪ੍ਰਭੂ 'ਹਮ ਪਗ ਤਹਿਵਾ। ਬਸਹਿ ਸਦਾ, ਸਤਿਸੰਗਤ ਜਹਿਵਾ।...

ਧਰਮ ਕ੍ਰਿਤ ਕਰਿ, ਵੰਡ ਸੁ ਖਾਓ। ਚਰਨ ਸ਼ਰਣ ਨਿਤ, ਇਉਂ ਜਿ ਕਮਾਓ॥

ਸਰਗੁਣ ਰੂਪ ਸਰੀਰ ਪਛਾਨੋ। ਸ਼ਬਦ ਰਿਦਾ ਮਮ, ਨਿਰਗੁਣ ਮਾਨੋ।

ਮਿਲੇ ਸਰੀਰ, ਬਿਛੁਰ ਸੋ ਜਾਵਹਿ। ਸ਼ਬਦ ਮਿਲੇ, ਨਾ ਬਿਛੁਰਨ ਪਾਵਹਿ॥ (ਉਤਰਾਰਧ, ਅਧਿਆਇ 42)

ਭਾਈ ਗੁਰਦਾਸ ਜੀ ਨੇ ਵੀ ਆਪਣੀ ਰਚਿਤ ਗਿਆਰ੍ਹਵੀ ਵਾਰ ਵਿਚ ਗੁਰੂ ਕੇ ਸਮਕਾਲੀ ਗੁਰਸਿੱਖਾਂ ਦਾ ਵਰਣਨ ਕਰਦਿਆਂ ਗਵਾਹੀ ਭਰੀ ਹੈ ਕਿ ਗੁਰ-ਉਪਦੇਸ਼ ਦਾ ਮੰਨਣ ਕਰਕੇ ਇਹ ਦੋਨੋਂ ਭਰਾ (ਸੋਇਨੀ ਖੜ੍ਹੀ) ਪ੍ਰਭੂ ਮਿਲਾਪ ਵਾਲੀ

ਸਹਿਜ ਅਵਸਥਾ ਵਿਚ ਜੀਉਣ ਲੱਗੇ, ਜੋ ਗੁਰਮਤੀ ਮਾਰਗ ਦੀ ਆਖ਼ਰੀ ਮੰਜ਼ਲ ਹੈ।

**ਪਿਰਥਾ ਖੇਡਾ ਸੋਇਰੀ ਚਰਣ ਸਰਣ ਸੁਖ ਸਹਜਿ ਨਿਵਾਸੀ॥ (ਵਾਰ-11, ਪਉੜੀ-13)**

ਜਦੋਂ ਜੋਗੀ ਚਰਪਟ ਨਾਥ ਨੇ ਗੁਰਦੇਵ ਜੀ ਨੂੰ ਸੁਆਲ ਕੀਤਾ ਕਿ ਜਗਤ, ਇਕ ਐਸਾ ਸਮੁੰਦਰ ਕਿਹਾ ਜਾਂਦਾ ਹੈ, ਜਿਸ ਨੂੰ ਤਰਨਾ ਔਖਾ ਹੈ, ਹੇ ਵਿਰਕਤ ਨਾਨਕ! ਠੀਕ ਵੀਚਾਰ ਦੱਸ ਕਿ ਇਸ ਸਮੁੰਦਰ ਦਾ ਪਾਰਲਾ ਕੰਢਾ ਕਿਵੇਂ ਲੱਭੇ' ਤਾਂ ਗੁਰਦਵ ਜੀ ਨੇ ਦੱਸ ਦਿੱਤਾ ਸੀ ਕਿ ਜਿਵੇਂ ਪਾਣੀ ਵਿਚ ਉੱਗਿਆ ਹੋਇਆ ਕੌਲ ਫੁੱਲ ਪਾਣੀ ਅਤੇ ਉਸ ਵਿਚਲੇ ਚਿੱਕੜ ਆਦਿਕ ਤੋਂ ਨਿਰਲੇਪ ਰਹਿੰਦਾ ਹੈ, ਜਿਵੇਂ ਨਦੀ ਵਿਚ ਤਰਦੀ ਮੁਰਗਾਈ (ਭਾਵ, ਉਸ ਦੇ ਖੰਭ ਪਾਣੀ ਨਾਲ ਨਹੀਂ ਭਿੱਜਦੇ, ਇਸੇ ਤਰ੍ਹਾਂ) ਗੁਰੂ ਦੇ ਸ਼ਬਦ ਵਿਚ ਸੁਰਤਿ (ਜੋੜ ਕੇ) ਨਾਮ ਜਪਿਆਂ ਸੰਸਾਰ-ਸਮੁੰਦਰ ਤਰ ਸਕੀਦਾ ਹੈ।

**ਪ੍ਰਸ਼ਨ :**

**ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥**
**ਚਰਪਟੁ ਬੋਲੈ ਅਉਧੂ ਨਾਨਕ, ਦੇਹੁ ਸਚਾ ਬੀਚਾਰੋ॥**

**ਉੱਤਰ :**

**ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥**
**ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥(938)**

ਇਹੀ ਕਾਰਨ ਹੈ ਕਿ ਗੁਰੂ ਨਾਨਕ - ਜੋਤਿ ਜੁਗਤਿ ਦੇ ਮਾਲਕ ਬਾਕੀ ਗੁਰੂ ਸਾਹਿਬਾਨ ਵੀ ਸਮੇਂ ਸਮੇਂ ਸਪੱਸ਼ਟ ਕਰਦੇ ਹੋਏ ਆਦੇਸ਼ ਦਿੰਦੇ ਰਹੇ ਕਿ ਗੁਰਸਿੱਖਾਂ ਲਈ ਗੁਰੂ ਕੇਵਲ ਤੇ ਕੇਵਲ ਗੁਰਬਾਣੀ ਹੈ, ਭਾਵ, ਗੁਰੂ ਬਾਣੀ ਦੁਆਰਾ ਪ੍ਰਾਪਤ ਹੋਣ ਵਾਲਾ ਗਿਆਨ ਹੈ। ਜਿਵੇਂ ਗੁਰਵਾਕ ਹਨ :

**ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥**
**ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ ॥ (635)**

(**ਅਰਥ** : ਗੁਰੂ ਪੀਰ ਦੇ ਸ਼ਬਦ ਨੂੰ ਹਿਰਦੇ ਵਿਚ ਟਿਕਾ ਕੇ ਮਨੁੱਖ ਡੂੰਘੇ ਜਿਗਰੇ ਵਾਲਾ ਬਣ ਜਾਂਦਾ ਹੈ। ਪਰ, ਗੁਰ-ਸ਼ਬਦ ਤੋਂ ਖੁੰਝ ਕੇ ਜਗਤ ਮਾਇਆ ਦੇ ਮੋਹ ਵਿਚ ਕਮਲਾ ਹੋਇਆ ਫਿਰਦਾ ਹੈ। ਅਜਿਹਾ ਪੂਰਨ ਤਿਆਗੀ ਮਨੁੱਖ ਅਡੋਲ ਆਤਮਕ ਅਵਸਥਾ ਵਿਚ ਟਿਕ ਕੇ ਚੰਗੇ ਭਾਗਾਂ ਵਾਲਾ ਬਣ ਜਾਂਦਾ ਹੈ। ਉਸ ਦਾ ਮਨ ਸਦਾ-ਥਿਰ ਰਹਿਣ ਵਾਲੇ ਪ੍ਰਭੂ ਦੀ ਯਾਦ ਨੂੰ ਹੀ ਆਪਣਾ ਜੀਵਨ ਨਿਸ਼ਾਨਾ ਮੰਨਦਾ ਹੈ।)

**ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ ਸਬਦੇ ਹੀ ਮੁਕਤਿ ਪਾਈ॥**
**ਸਬਦੇ ਮਨੁ ਤਨੁ ਨਿਰਮਲੁ ਹੋਆ ਹਰਿ ਵਸਿਆ ਮਨਿ ਆਈ॥**
**ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ ਹਰਿ ਸਿਉ ਰਹਿਆ ਸਮਾਈ ॥ (601)**

(**ਅਰਥ :** ਜੇ ਭਾਈ ! ਅਸੀਂ ਜੀਵ ਗੁਰੂ ਦੇ ਸ਼ਬਦ ਦੀ ਰਾਹੀਂ ਵਿਕਾਰਾਂ ਵਲੋਂ ਮਰ ਸਕਦੇ ਹਾਂ ਸ਼ਬਦ ਦੀ ਰਾਹੀਂ ਹੀ ਵਿਕਾਰਾਂ ਵਲੋਂ ਮਾਰ ਕੇ ਗੁਰੂ ਸਾਨੂੰ ਆਤਮਿਕ ਜੀਵਨ ਗੁਰੂ ਦੇ ਸ਼ਬਦ ਵਿਚ ਜੁੜਿਆਂ ਹੀ ਵਿਕਾਰਾਂ ਵਲੋਂ ਖ਼ਲਾਸੀ ਹਾਸਲ ਹੁੰਦੀ ਹੈ। ਗੁਰੂ ਦੇ ਸ਼ਬਦ ਦੀ ਰਾਹੀਂ ਹੀ ਮਨ ਪਵਿਤ੍ਰ ਹੁੰਦਾ ਹੈ, ਸਰੀਰ ਪਵਿੱਤਰ ਹੁੰਦਾ ਹੈ ਅਤੇ ਪਰਮਾਤਮਾ ਮਨ ਵਿਚ ਆ ਵੱਸਦਾ ਹੈ। ਹੇ ਭਾਈ! ਗੁਰੂ ਦਾ ਸ਼ਬਦ ਹੀ ਨਾਮ ਦੀ ਦਾਤਿ ਦੇਣ ਵਾਲਾ ਹੈ, ਜਦੋਂ ਸ਼ਬਦ ਵਿਚ ਮਨ ਰੰਗਿਆ ਜਾਂਦਾ ਹੈ ਤਾਂ ਪਰਮਾਤਮਾ ਵਿਚ ਲੀਨ ਹੋ ਜਾਂਦਾ ਹੈ।)

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ (982)**

(**ਅਰਥ** : ਹੇ ਭਾਈ ! ਗੁਰੂ ਦੀ ਬਾਣੀ ਸਿੱਖ ਦਾ ਗੁਰੂ ਹੈ ਅਤੇ ਗੁਰੂ ਬਾਣੀ ਵਿਚ ਮੌਜੂਦ ਹੈ। ਗੁਰੂ ਦੀ ਬਾਣੀ ਵਿਚ ਆਤਮਿਕ ਜੀਵਨ ਦੇਣ ਵਾਲਾ ਨਾਮ-ਜਲ ਹੈ, ਜਿਸ ਸਿੱਖ ਹਰ ਵੇਲੇ ਆਪਣੇ ਹਿਰਦੇ ਵਿਚ ਸਾਂਭ ਰੱਖਦਾ ਹੈ। ਗੁਰੂ ਬਾਣੀ ਉਚਾਰਦਾ ਹੈ ਤੇ ਗੁਰੂ ਦਾ ਸੇਵਕ ਉਸ ਬਾਣੀ ਉੱਤੇ ਸਰਧਾ ਧਾਰਦਾ ਹੈ। ਐਸੇ ਸਿੱਖ ਨੂੰ ਗੁਰੂ ਯਕੀਨੀ ਤੌਰ 'ਤੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦੇਂਦਾ ਹੈ।)

ਤਾੜਨਾ ਭਰੇ ਬਚਨਾਂ ਵਿਚ ਇਥੋਂ ਤਕ ਕਹਿ ਦਿੱਤਾ ਗਿਆ ਹੈ ਕਿ ਜੇਹੜੇ ਮਨੁੱਖ ਗੁਰੂ ਦੇ ਸ਼ਬਦ ਨਾਲ ਸਾਂਝ ਨਹੀਂ ਪਾਂਦੇ, ਉਹ (ਮਾਇਆ ਦੇ ਮੋਹ ਵਿਚ ਆਤਮਿਕ ਜੀਵਨ ਵਲੋਂ) ਅੰਨ੍ਹੇ ਬੋਲੇ ਹੋਏ ਰਹਿੰਦੇ ਹਨ। ਸੰਸਾਰ ਵਿਚ ਆ ਕੇ ਉਹ ਕੁਝ ਨਹੀਂ ਖੱਟਦੇ। ਉਹਨਾਂ ਨੂੰ ਪ੍ਰਭੂ ਦੇ ਨਾਮ ਦਾ ਸੁਆਦ ਨਹੀਂ ਆਉਂਦਾ, ਉਹ ਆਪਣੇ ਜੀਵਨ ਵਿਅਰਥ ਗਵਾ ਜਾਂਦੇ ਹਨ, ਉਹ ਮੁੜ ਮੁੜ ਜੰਮਦੇ ਮਰਦੇ ਰਹਿੰਦੇ ਹਨ। ਜਿਵੇਂ ਗੰਦ ਦੇ ਕੀੜੇ ਗੰਦ ਵਿਚ ਹੀ ਟਿਕੇ ਰਹਿੰਦੇ ਹਨ, ਤਿਵੇਂ ਆਪਣੇ ਮਨ ਦੇ ਪਿਛੇ ਤੁਰਨ ਵਾਲੇ ਮੂਰਖ ਮਨੁੱਖ ਅਗਿਆਨਤਾ ਦੇ ਹਨੇਰੇ ਵਿਚ ਹੀ ਮਸਤ ਰਹਿੰਦੇ ਹਨ :

**ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ॥ ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ ਜੰਮਹਿ ਵਾਰੋ ਵਾਰਾ॥ ਬਿਸਟਾ ਕੇ ਕੀੜੇ ਬਿਸਟਾ ਮਾਹਿ ਸਮਾਣੇ ਮਨਮੁਖ ਮੁਗਧ ਗੁਬਾਰਾ ॥ (601)**

ਇਤਿਹਾਸ ਗਵਾਹ ਹੈ ਕਿ ਜਦੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਨੇ ਪਿਉ ਦਾਦੇ ਤੋਂ ਮਿਲੇ ਗੁਰਬਾਣੀ ਦੇ ਖ਼ਜ਼ਾਨੇ ਨੂੰ ਸੰਨ 1604 ਵਿਚ ਪੋਥੀ ਦੇ ਰੂਪ ਵਿਚ ਸੰਭਾਲਿਆ ਅਤੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਗੁਰਿਆਈ ਦੇ ਤਖ਼ਤ ਸਰੂਪ ਮੰਜੀ 'ਤੇ ਭਾਈ ਬੁੱਢਾ ਜੀ ਦੁਆਰਾ ਪਹਿਲਾ ਪ੍ਰਕਾਸ਼ ਕਰਵਾਇਆ ਤਾਂ ਚੌਰਬਰਦਾਰ ਗੁਰੂ ਜੀ ਆਪ ਬਣੇ। ਕੋਠਾ ਸਾਹਿਬ ਦੇ ਸਥਾਨ ਵਿਖੇ ਜਿਸ ਪਲੰਘ 'ਤੇ ਗੁਰੂ ਸਾਹਿਬ ਆਰਾਮ ਵਾਸਤੇ ਆਪ ਬਿਰਾਜਦੇ ਸਨ, ਪੋਥੀ ਸਾਹਿਬ ਦੀ ਸੁਰੱਖਿਅਤ ਸੰਭਾਲ ਲਈ ਰਾਤ ਵੇਲੇ ਉਸ ਪਲੰਘੇ 'ਤੇ ਟਿਕਾਇਆ ਅਤੇ ਆਪ ਉਸ ਪਲੰਘੇ ਹੇਠ ਬਿਰਾਜੇ। ਕਿਉਂਕਿ ਗੁਰੂ ਦ੍ਰਿਸ਼ਟੀ ਵਿਚ "ਪੋਥੀ ਪਰਮੇਸਰ ਕਾ ਥਾਨੁ" (1226) ਸੀ, ਭਾਵ, ਪੋਥੀ ਸਾਹਿਬ ਦੇ ਰੂਪ ਵਿਚ ਗਿਆਨ ਸਰੂਪ ਸ਼ਬਦ-ਬ੍ਰਹਮ ਆਪ ਬਿਰਾਜਮਾਨ ਸੀ। ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੇ ਕਰਤਾ ਭਾਈ ਸੰਤੋਖ ਸਿੰਘ ਦੇ ਲਫ਼ਜ਼ਾਂ ਵਿਚ ਗੁਰਦੇਵ ਜੀ ਨੇ ਇਹ ਵੀ ਐਲਾਨ ਕੀਤਾ ਸੀ :

**ਸਵੈਯਾ** : ਸ੍ਰੀ ਗੁਰ ਕੇਰ ਸਰੀਰ ਜੁਊ ਸਭਿ ਥਾਨ ਸਮੈ ਸਭਿ ਨਾ ਦਰਸੈ ਹੈਂ।
ਗ੍ਰਿੰਥ ਰਿਦਾ ਗੁਰ ਕੋ ਇਹ ਜਾਨਹੁ ਉੱਤਮ ਹੈ ਸਭਿ ਕਾਲ ਰਹੈ ਹੈ।
ਮੇਰੇ ਸਰੂਪ ਤੇ ਯਾਂਤੇ ਹੈ ਦੀਰਘ ਸਾਹਿਬ ਜਾਨਿ ਅਦਾਇਬ ਕੈ ਹੈ।...
ਜੋ ਸਰਬੋਤਮ ਜੋ ਸਰਬਾਗ੍ਰਿਯ ਤਾਂਹੀ ਕੋਮ ਨਾਮ ਇਸੀ ਮਹਿ ਗਾਏ।
ਨਾਮ ਸੁ ਨਾਮੀ ਕੋ ਭੇਦ ਨਹੀਂ ਇਹ ਮੂਰਤਿ ਸ੍ਰੀ ਕਰਤਾਰ ਸੁਹਾਏ।...
ਦੇਖਤਿ ਹੀ ਕਰ ਜੋਰਿ ਦੁਊ ਮਨ ਨੰਮਿ ਹੈ ਸੀਸ ਨਿਵਾਵਹਿਗੋ।

(ਰਾਸਿ 3, ਅੰਸੂ 50 )

ਇਹ ਇਤਿਹਾਸਿਕ ਤੱਥ ਭਾਈ ਨੰਦ ਲਾਲ ਤੇ ਭਾਈ ਚੌਪਾ ਸਿੰਘ ਵਰਗੇ ਹਜ਼ੂਰੀ ਸੇਵਕ ਸਿੱਖਾਂ, ਸਰਕਾਰੀ ਦਸਤਾਵੇਜ਼ਾਂ ਤੇ ਹੋਰ ਸਮਕਾਲੀ ਇਤਿਹਾਸਕਾਰਾਂ ਦੀਆਂ ਗਵਾਹੀਆਂ ਦੀ ਮੌਜੂਦਗੀ ਕਾਰਨ ਸੂਰਜ-ਵਤ ਉਜਾਗਰ ਹੈ ਕਿ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਅਕਤੂਬਰ ਸੰਨ 1708 ਵਿਚ ਜੋਤੀ-ਜੋਤਿ ਸਮਾਵਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਬਖ਼ਸ਼ੀ। ਐਸਾ ਵਰਣਨ ਹੈ ਕਿ ਹਜ਼ੂਰ ਨੇ ਭਾਈ ਦਇਆ ਸਿੰਘ ਜੀ ਪਾਸੋਂ ਗ੍ਰੰਥ ਸਾਹਿਬ (ਪੋਥੀ ਸਾਹਿਬ) ਦਾ ਪ੍ਰਕਾਸ਼ ਕਰਵਾਇਆ, ਦੀਵਾਨ ਸਜਾਇਆ ਅਤੇ ਫਿਰ ਦਸਵੇਂ ਗੁਰਦੇਵ ਜੀ ਨੇ ਅਦਬ ਸਹਿਤ ਗ੍ਰੰਥ ਸਾਹਿਬ ਦੀ ਪਰਿਕਰਮਾ ਕਰ ਕੇ ਮੱਥਾ ਟੇਕਿਆ। ਇਸ ਪ੍ਰਕਾਰ ਦਾ ਐਲਾਨ ਕੀਤਾ ਕਿ ਹੁਣ ਅੱਗੋਂ ਤੋਂ ਪੰਥ ਦੇ ਜੁਗੋ-ਜੁਗ ਅਟੱਲ ਗੁਰੂ 'ਗ੍ਰੰਥ ਸਾਹਿਬ' ਹੋਣਗੇ, ਜੋ ਸਦੀਵ ਕਾਲ ਲਈ ਮਨੁੱਖਤਾ ਦੀ ਅਗਵਾਈ ਕਰਦੇ ਰਹਿਣਗੇ। ਇਹੀ ਕਾਰਨ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬੇ ਹੋਣ ਵਾਲੇ ਗੁਰਸਿੱਖਾਂ ਦੇ ਹਰੇਕ ਦੀਵਾਨ ਦੀ ਸਮਾਪਤੀ ਵੇਲੇ ਗੁਰੂ ਜੀ ਦੇ ਉਪਰੋਕਤ ਆਦੇਸ਼ ਨੂੰ ਹੇਠ ਲਿਖੇ ਦੋਹਰੇ ਦੇ ਰੂਪ ਵਿਚ ਮਿਲ ਕੇ ਗਾਉਣ ਦੀ ਪਰੰਪਰਾ ਹੈ :

**ਆਗਿਆ ਭਈ ਅਕਾਲ ਕੀ, ਤਬੈ ਚਲਾਯੋ ਪੰਥ।**
**ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨੀਓ ਗ੍ਰੰਥ।**
**(ਗਿ. ਗਿਆਨ ਸਿੰਘ, ਪੰਥ ਪ੍ਰਕਾਸ਼, ਅਧਿਆਇ 40)** (...ਚੱਲਦਾ)

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਸਿੱਖ ਤਿਉਹਾਰ

**'ਸਿੱਖ ਰਹੁਰੀਤ' ਕਿਤਾਬਚੇ ਵਿਚੋਂ**

2. ਅੱਜ ਜ਼ਿਆਦਾਤਰ ਸੰਤਾਂ-ਸਾਧਾਂ, ਬਾਬਿਆਂ, ਡੇਰੇਦਾਰਾਂ, ਆਸ਼ਰਮਾਂ (ਆਸ਼ਰਮ ਸੰਨਿਆਸੀਆਂ ਅਤੇ ਯੋਗੀਆਂ ਦੇ ਹੁੰਦੇ ਹਨ, ਸਿੱਖਾਂ ਦੇ ਨਹੀਂ), ਟਕਸਾਲਾਂ ਨੇ ਸਿੱਖ ਸੰਗਤਾਂ ਨੂੰ ਐਸੇ ਵਹਿਮਾਂ-ਭਰਮਾਂ ਦੇ ਭਿਆਨਕ ਜਾਲ ਵਿਚ ਫਸਾ ਦਿੱਤਾ ਹੈ ਕਿ ਉਸ ਤੋਂ ਬਾਹਰ ਨਿਕਲਣਾ ਔਖਾ ਹੋ ਗਿਆ ਹੈ। ਭਾਵ ਹਰ ਤਰਾਂ ਦਾ ਝੂਠਾ ਅਤੇ ਧੋਖਾ ਅਤੇ ਠੱਗੀ ਨੁਮਾ ਪ੍ਰਚਾਰ ਚਲ ਰਿਹਾ ਹੈ। ਜੇ ਸਾਰਾ ਕੁਝ ਇਹਨਾਂ ਸੰਤਾਂ-ਸਾਧਾਂ ਦੇ ਹੱਥ ਵਿਚ ਹੈ ਤਾਂ ਹਿੰਦੁਸਤਾਨ ਵਿਚੋਂ ਗਰੀਬੀ, ਬੇਕਾਰੀ, ਅਨਪੜ੍ਹਤਾ, ਰਿਸ਼ਵਤਖੋਰੀ, ਬਲਾਤਕਾਰ, ਦਾਜ ਦੀਆਂ ਬਲੀਆਂ, ਦੁਰਘਟਨਾਵਾਂ, ਹੜਾਂ ਦੀ ਮਾਰ, ਭੂਚਾਲ, ਬੇਇਮਾਨੀ ਆਦਿ ਤੋਂ ਅਤੇ ਸੰਗਤਾਂ ਨੂੰ ਨਜਾਤ ਕਿਉਂ ਨਹੀਂ ਦਿਵਾਉਂਦੇ। ਹੋਰ ਕੁਝ ਨਹੀਂ ਤਾਂ ਆਪਣੀ ਗੈਬੀ ਸ਼ਕਤੀ ਨਾਲ ਸੰਗਤਾਂ ਨੂੰ ਕੇਸਾਂ-ਦਾਹੜੀਆਂ ਦੀ ਬੇਅਦਬੀ ਕਰਨ ਅਤੇ ਨਸ਼ਿਆਂ ਦੀ ਵਰਤੋਂ ਤੋਂ ਛੁਟਕਾਰਾ ਦਿਵਾ ਦੇਣ। ਜਿਉਂ ਜਿਉਂ ਸੰਤਾਂ-ਸਾਧਾਂ ਦੀ ਗਿਣਤੀ ਵਧਦੀ ਜਾ ਰਹੀ ਹੈ, ਤਿਉਂ ਤਿਉਂ ਬੁਰਾਈਆਂ ਵੀ ਵੱਧ ਰਹੀਆਂ ਹਨ। ਸੰਗਤਾਂ ਨੂੰ ਕੁਰਾਹੇ ਪਾਉਣ ਲਈ ਕੁਝ ਤਨਖਾਹਦਾਰ ਜਾਂ ਹਿੱਸੇਦਾਰ ਇਸਤਰੀ ਪੁਰਸ਼ ਭਰੇ ਦੀਵਾਨ ਵਿਚ ਸੰਤਾਂ ਦੇ ਅੱਗੇ ਸੌ-ਸੌ ਦੇ ਨੋਟਾਂ ਦੀ ਥੱਦੀ ਰੱਖਕੇ ਮੱਥਾ ਟੇਕਦੇ ਹਨ ਅਤੇ ਸਪੈਸ਼ਲ ਅਸ਼ੀਰਵਾਦ ਲੈਂਦੇ ਹਨ ਤਾਂ ਕਿ ਹੋਰ ਸੰਗਤਾਂ ਵੀ ਨਕਲ ਕਰਨ। ਕਈ ਸੰਤ ਪੈਸੇ ਨੂੰ ਇਸ ਤਰ੍ਹਾਂ ਪਿੱਛੇ ਕਰਦੇ ਹਨ ਜਿਵੇਂ ਉਹ ਮਾਇਆ ਤੋਂ ਨਿਰਲੇਪ ਹਨ, ਪਰ ਗ੍ਰਹਿਣ ਕਰ ਲੈਂਦੇ ਹਨ। ਜ਼ਿਆਦਾਤਰ ਇਹ ਨੋਟ ਵੀ ਉਹਨਾਂ ਆਪੇ ਹੀ ਦਿੱਤੇ ਹੁੰਦੇ ਹਨ। ਸਾਧ-ਸੰਗਤ ਜੀ ਯਾਦ ਰਖੋ, ਕਿਸੇ ਸੰਤ-ਸਾਧ, ਡੇਰੇਦਾਰ ਉਪਰ ਭਰੋਸਾ ਨਾ ਕਰੋ, ਕੇਵਲ ਗੁਰਬਾਣੀ ਦੇ ਚਾਰ ਛੇ ਸ਼ਬਦਾਂ ਦੇ ਅਰਥ ਸਮਝਣ ਨਾਲ ਹੀ, ਸਭ ਭੁਲੇਖੇ ਦੂਰ ਹੋ ਜਾਣਗੇ।

**(ਡੇਰਿਆਂ ਨੂੰ ਮਾਇਆ ਇਕੱਠੀ ਕਰਨ ਲਈ ਕਾਰ- ਸੇਵਾ ਦਾ ਬਹਾਨਾ ਨਹੀਂ ਲਗਾਉਣਾ ਚਾਹੀਦਾ। ਮਾਇਆ ਕਮਾਉਣ ਲਈ ਕੋਈ ਇੰਡਸਟਰੀ ਲਗਾ ਸਕਦੇ ਹਨ। ਧੋਖੇ ਨਾਲ ਇਕਤਰ ਕੀਤੀ ਮਾਇਆ ਨਾਲ ਆਤਮਾ ਤਾਂ ਮਰਦੀ ਹੀ ਹੈ, ਫਿਰ ਇਹ ਇਥੇ ਹੀ ਛੱਡ ਕੇ ਜਾਣੀ ਪੈਂਦੀ ਹੈ। ਥੋੜ੍ਹੇ ਸਮੇਂ ਦੇ ਐਸ਼ੋ ਆਰਾਮ ਵਾਸਤੇ ਧਰਮ ਦੀ ਵਰਤੋਂ ਨਹੀਂ ਕਰਨੀ ਚਾਹੀਦੀ।)**

3. ਪੰਥ ਨੂੰ ਚਿੰਮੜੀਆਂ ਸਭ ਬਿਮਾਰੀਆਂ ਦਾ ਇਲਾਜ ਤਾਂ ਇਕੋ ਹੀ ਹੈ ਕਿ ਗੁਰੂ ਮਹਾਰਾਜ ਦੀ ਗੱਲ ਸਮਝੀ ਅਤੇ ਮੰਨੀ ਜਾਵੇ, ਜੇ ਗੱਲ ਦੀ ਸਮਝ ਨਹੀਂ ਆਈ ਭਾਵ ਗੁਰਬਾਣੀ ਦਾ ਸ਼ੁੱਧ ਉਚਾਰਨ ਤੇ ਅਰਥ- ਬੋਧ ਨਹੀਂ ਸਿਖੇ ਤਾਂ ਹੁਕਮਨਾਮੇ ਨੂੰ ਲੰਮੇ-ਲੰਮੇ ਮੱਥੇ ਟੇਕਣ, ਚਮਕੀਲੇ ਰੁਮਾਲੇ ਭੇਂਟ ਕਰਨੇ, ਸਜਾਵਟ ਕਰਨੀ, ਨਿਸ਼ਾਨ ਸਾਹਿਬ ਦੀ ਪਰਕਰਮਾ ਕਰਕੇ ਮੱਥਾ ਟੇਕਣਾ, ਆਦਿ ਬਾਹਰੀ ਵਿਖਾਵੇ ਵਾਲੇ ਕੰਮ ਕਰਦੇ ਜਾਉ, ਕੁਝ ਸੰਵਰਨ ਵਾਲਾ ਨਹੀਂ, ਕੀਰਤਨ ਦਰਬਾਰਾਂ ਵਿਚ ਝੂਮ-ਝੂਮ ਕੇ ਸਿਰ ਹਿਲਾਉਣਾ, ਸਰਬ ਰੋਗਾਂ ਦੇ ਕੱਟਣ ਲਈ ਕੁਝ ਚੁਣੇ ਸ਼ਬਦਾਂ ਦੇ ਰਟਣ ਕਰਕੇ, ਸਾਧਨਾਂ ਕਰਨੀ ਜਾਂ ਅੱਖਾਂ ਮੀਟ ਕੇ ਮਾਲਾ ਫੇਰਨੀ, ਦੁੱਧ-ਬਦਾਮਾਂ, ਜਲੇਬੀਆਂ, ਖੀਰ, ਪਲਾਓ ਦੇ ਲੰਗਰ ਚਲਾਉਣੇ (ਅੱਜ ਕੱਲ ਤਾਂ ਸੰਗਤਾਂ ਨੂੰ ਇੱਕਠੇ ਕਰਨ ਦਾ ਇਕੋ ਇਹ ਢੰਗ ਰਹਿ ਗਿਆ ਹੈ) ਇਹ ਸਭ ਦਿਖਾਵੇ ਵਾਲੇ ਕੰਮ ਹਨ, ਤੱਤ ਵਸਤੂ ਕਿਧਰੇ ਨਹੀਂ। ਇਹ ਆਪਣੇ ਨਾਲ ਧੋਖਾ ਹੈ ਅਤੇ ਗੁਰੂ ਮਹਾਰਾਜ ਨਾਲ ਵੀ। ਜੇ ਅਜਿਹੇ ਦਿਖਾਵੇ ਦੇ ਕੰਮਾਂ ਨਾਲ ਪੰਥ ਦਾ ਕੁਝ ਸੰਵਰਦਾ ਤਾਂ ਅੱਜ ਸਿੱਖ ਧਰਮ ਦੀ ਇਤਨੀ ਨਿਘਰੀ ਹਾਲਤ ਨਹੀਂ ਹੋਣੀ ਸੀ।

**(ਕੀਰਤਨ ਦਰਬਾਰਾਂ ਦੀ ਭਰਮਾਰ ਨੇ ਕਥਾ, ਢਾਡੀ/ਕਵੀ ਦਰਬਾਰਾਂ ਦਾ ਰਿਵਾਜ ਹੀ ਖਤਮ ਕਰ ਦਿੱਤਾ ਹੈ, ਜਿਸ ਰਾਹੀ ਸੰਗਤਾਂ ਨੂੰ ਗੁਰੂ ਦੀ ਸਿੱਖਿਆ ਦੀ ਸਮਝ ਆ ਸਕਦੀ ਹੈ। ਭਾਂਤ-ਭਾਂਤ ਦੇ ਪਕਵਾਨਾਂ ਅਤੇ ਮਿਠਾਈਆਂ ਰਾਹੀ ਸੰਗਤਾਂ ਨੂੰ ਇਕੱਤਰ ਕਰਕੇ ਤਰ੍ਹਾਂ ਤਰ੍ਹਾਂ ਦੇ ਰਾਗੀ ਜੱਥਿਆਂ ਦਾ ਕੀਰਤਨ ਸਰਵਣ ਕਰਵਾਈ ਜਾ ਰਹੇ ਹਨ, ਪ੍ਰਬੰਧਕ ਸ਼ਬਦ ਦੀ ਵਿਆਖਿਆ ਕਿਉਂ ਨਹੀਂ ਕਰਨ ਦਿੰਦੇ। ਕੁਚਾਲਾਂ ਚੱਲ-ਚੱਲ ਕੇ ਕਿਉਂ ਪੰਥ ਦੀ ਬੇੜੀ ਡੋਬਣ ਤੇ ਤੁਲੇ ਹਨ।)**

ਪਿਛਲੇ ਕਈ ਦਹਾਕਿਆ ਤੋਂ ਕੌਮ ਨੂੰ ਐਸੇ ਕੰਮਾਂ ਦੇ ਆਹਰੇ ਲਗਾ ਦਿੱਤਾ ਗਿਆ ਹੈ ਕਿ ਬਾਕੀ ਸਾਰੇ ਕੰਮ ਕਰਦੇ ਜਾਉ, ਪਰ ਜਿਸ ਉਪਦੇਸ਼ ਨੇ ਜੀਵਨ ਸੁਧਾਰਨਾ ਹੈ, ਜਿਸ ਗੁਰਬਾਣੀ ਦੀ ਮਹਾਨ ਫਿਲਾਸਫੀ ਨੇ ਸੰਸਾਰ ਭਰ ਵਿਚ ਗੁਰੂ ਮਹਾਰਾਜ ਦਾ ਨਾਮ ਚਮਕਾਉਣਾ ਹੈ, ਉਹ ਕੰਮ ਨ ਆਪ ਕੀਤਾ ਨਾ ਕਿਸੇ ਹੋਰ ਨੂੰ ਕਰਨ ਦਿੱਤਾ।

ਕਿਸੇ ਜਥੇ ਜਾਂ ਇਸਤਰੀ ਸਤਿਸੰਗ ਵਾਲਿਆਂ ਨੂੰ ਉਹਨਾਂ ਵਲੋਂ ਪੜ੍ਹੇ ਜਾ ਰਹੇ ਸ਼ਬਦ ਦੇ ਅਰਥ ਪੁਛੋ ਤਾਂ ਖਾਣ ਨੂੰ ਪੈਂਦੇ ਹਨ। ਫਿਰ ਘੋਰ ਪਾਪ ਇਹ ਹੈ ਕਿ ਗੁਰਬਾਣੀ ਅਸ਼ੁੱਧ ਪੜ੍ਹੀ ਜਾ ਰਹੀ ਹੈ। ਡੇਰਿਆਂ ਵਿਚ ਛੋਟੇ ਛੋਟੇ ਬੱਚਿਆਂ ਨੂੰ ਸਫੇਦ ਚੋਲੇ ਪਵਾ ਕੇ ਗੋਲ ਚਿੱਟੇ ਰੰਗ ਦਾ (ਢਿਲਾ ਜਿਹਾ) ਪਰਨਾ ਸਿਰ ਤੇ ਬੰਨ੍ਹ ਕੇ ਪਾਠ ਦੀ ਰੌਲ ਤੇ ਬਿਠਾ ਦਿਤਾ ਜਾਂਦਾ ਹੈ, ਨਾ ਚੰਗੀ ਤਰ੍ਹਾਂ ਪੰਜਾਬੀ ਪੜ੍ਹਨੀ ਆਉਂਦੀ ਹੈ, ਨਾ ਸ਼ੁੱਧ ਉਚਾਰਨ, ਇਤਨਾ ਵਡਾ ਅਨਰਥ ਕਿ ਗੁਰੂ ਮਹਾਰਾਜ ਦੀ ਕਹੀ ਗੱਲ, ਜੋ ਧੁਰ ਕੀ ਬਾਣੀ ਹੈ, ਨੂੰ ਵਿਗਾੜ ਕੇ ਪੜ੍ਹੀ ਜਾ ਰਹੇ ਹਨ ਅਤੇ ਕੋਈ ਨੋਟਿਸ ਨਹੀਂ ਲੈਂਦਾ।

**(ਛੋਟੇ ਛੋਟੇ ਬੱਚਿਆਂ ਨੂੰ ਚੋਲੇ ਪਵਾ ਕੇ ਗੁਰਬਾਣੀ ਦੇ ਪਾਠ ਦੀ ਰੌਲ ਤੇ ਬਿਠਾ ਦਿੱਤਾ ਜਾਂਦਾ ਹੈ ਅਤੇ ਬਾਣੀ ਦਾ ਗਲਤ-ਮਲਤ ਪਾਠ ਕਰਵਾਇਆ ਜਾਂਦਾ ਹੈ। ਗੁਰਬਾਣੀ ਦਾ ਅਸ਼ੁੱਧ ਉਚਾਰਨ ਘੋਰ ਅਪਰਾਧ ਹੈ।)**

4. ਫਿਲਮ ਇੰਡਸਟ੍ਰੀ ਬਿਯੂਟੀ ਕਾਨਟੈਸਟਾਂ (ਸਰੀਰਕ ਸੁੰਦਰਤਾ ਦੇ ਮੁਕਾਬਲੇ) ਫੈਸ਼ਨ-ਪਰੇਡਾਂ ਤੇ ਬੇ-ਪਰਦਾ ਡਾਂਸਾਂ ਵਿਚ ਹਿੱਸਾ ਲੈਣਾ, ਜੋ ਕਿ ਚਰਿਤਰਹੀਣਤਾ ਵਲੋਂ ਲਿਜਾਂਦੇ ਹਨ, ਸਰੀਰਕ ਨੰਗੇਜ਼ ਵਾਲੀਆਂ ਪੋਸ਼ਾਕਾਂ ਤੇ ਸੜਕਾਂ ਜਾਂ ਸਟੇਜਾਂ ਤੇ ਸਭਿਆਚਾਰਕ ਪ੍ਰੋਗਰਾਮ ਦੇ ਬਹਾਨੇ ਨਚਣਾ ਤੇ ਗੰਦੇ ਗੀਤ ਗਾਉਣੇ ਮਨ੍ਹਾ ਹੈ। ਪੰਜਾਬੀ ਮੁੰਡਿਆਂ ਦੇ ਲਕਵਾਮਾਰ ਨਾਚ, ਬਾਹਵਾਂ ਉੱਚੀਆਂ ਤੇ ਸਰੀਰ ਘੁਮਾ-ਘੁਮਾ ਕੇ ਜੋ ਸਭਿਆਚਾਰ ਦਾ ਨਮੂਨਾ ਪੇਸ਼ ਕੀਤਾ ਜਾ ਰਿਹਾ ਹੈ, ਅਜਿਹਾ ਨੰਗੇਜ਼ਵਾਦ ਵਾਲਾ ਸਭਿਆਚਾਰ ਸਿੱਖ ਸਭਿਆਚਾਰ ਨਹੀਂ ਹੋ ਸਕਦਾ।

ਫਿਲਮਾਂ ਜੋ ਅੱਜ ਕੱਲ ਬਣ ਰਹੀਆਂ ਹਨ, ਇਹਨਾਂ ਵਿਚ ਸਿਵਾਏ ਗੰਦੇ ਦ੍ਰਿਸ਼, ਗੁਪਤ ਅੰਗਾਂ ਦਾ ਪ੍ਰਦਰਸ਼ਨ, ਲੱਚਰ ਗੀਤ ਤੇ ਡਾਂਸ, ਭੈੜੇ ਫੈਸ਼ਨ ਤੋਂ ਇਲਾਵਾ ਜੀਵਨ ਦੀ ਅਸਲੀਅਤ ਤੋਂ ਦੂਰ ਲਿਜਾ ਕੇ ਬੱਚਿਆਂ ਦੇ ਮਨਾਂ ਉਪਰ ਐਸਾ ਅਸਰ ਕਰ ਰਹੀਆਂ ਹਨ, ਕਿ ਨੌਜਵਾਨ ਪੀੜ੍ਹੀ ਡੋਰ ਭੋਰ ਹੋਈ ਪਈ ਹੈ। ਸਿੱਖ ਪਰਿਵਾਰਾਂ ਨੇ ਆਚਰਣ ਵਿਗਾੜੂ ਕ੍ਰਿਆਵਾਂ ਤੋਂ ਪ੍ਰਹੇਜ਼ ਕਰਨਾ ਹੈ, ਸਫਲ ਜੀਵਨ ਜਿਊਣ ਲਈ ਸ਼ੁੱਭ ਗੁਣਾਂ ਦਾ ਸ਼ਿੰਗਾਰ ਕਰਨ ਵਿੱਚ ਹੀ ਸਮਾਜ ਦੀ ਭਲਾਈ ਹੈ, ਸਾਫ-ਸੁਥਰਾ, ਸਵੱਛਤਾ ਭਰਪੂਰ, ਸਦਾਚਾਰਕ ਜੀਵਨ ਹੀ ਸਿੱਖ ਬੀਬੀਆਂ ਦੀ ਸੁੰਦਰਤਾ ਹੈ। ਸਿੱਖ ਬੀਬੀਆਂ, ਬੱਚੇ ਬੱਚੀਆਂ ਨੂੰ ਫਿਲਮਾਂ ਵਿਚ ਅਭਿਨੇਤਰੀ ਦਾ ਕੰਮ ਕਰਨ ਤੋਂ ਪਰਹੇਜ ਕਰਨਾ ਚਾਹੀਦਾ ਹੈ। **ਨੋਟ :-** ਜਿਤਨੀਆਂ ਸਿੱਖ ਧਰਮ ਬਾਰੇ ਫਿਲਮਾਂ ਬਣੀਆਂ ਹਨ, ਉਹ ਸਿੱਖ ਸਿਧਾਂਤਾਂ ਨੂੰ

**(ਸਿੱਖ ਬੱਚੀਆਂ ਨੂੰ ਸਰੀਰ ਦੀ ਨੁਮਾਇਸ਼ ਭਾਵ ਫੈਸ਼ਨ ਪਰੇਡਾਂ, ਸਭਿਆਚਾਰਕ ਪ੍ਰੋਗਰਾਮਾਂ, ਖ਼ੂਬਸੂਰਤੀ ਦੇ ਮੁਕਾਬਲਿਆਂ ਵਿਚ ਹਿੱਸਾ ਨਹੀਂ ਲੈਣਾ ਚਾਹੀਦਾ। ਇਸਤਰੀ-ਮਰਦ ਦੀ ਸੁੰਦਰਤਾ-ਸ਼ੁਭ ਗੁਣਾਂ ਦਾ ਸ਼ਿੰਗਾਰ ਕਰਨ ਵਿਚ ਹੀ ਹੈ। ਫਿਲਮ ਇੰਡਸਟਰੀ ਤੋਂ ਵੀ ਸਿੱਖ ਬੱਚੀਆਂ ਨੂੰ ਦੂਰ ਰਹਿਣਾ ਚਾਹੀਦਾ ਹੈ।)**

ਸਹੀ ਪੇਸ਼ ਨਹੀਂ ਕਰਦੀਆਂ, ਬਲਕਿ ਮਿਲਗੋਭਾ ਕਰਕੇ ਸਿੱਖ ਧਰਮ ਨੂੰ ਵਿਗਾੜਨ ਦਾ ਸੋਚਿਆ-ਸਮਝਿਆ ਯਤਨ ਹੈ।

**ਕੁਝ ਨੁਕਤੇ ਸਿੱਖ ਸੰਗਤਾਂ ਦੇ ਵਿਚਾਰ ਹਿੱਤ :-**

ਜੇ ਸਿੱਖ ਪਰਿਵਾਰ ਸਿੱਖ ਧਰਮ ਦੀ ਚੜ੍ਹਦੀ ਕਲਾ ਵੇਖਣ ਦੇ ਚਾਹਵਾਨ ਹਨ, ਉਹਨਾਂ ਲਈ ਕੁਝ ਨੁਕਤੇ ਪੇਸ਼ ਹਨ ਅਤੇ ਇਸ ਸਮੇਂ ਜਦ ਕਈ ਦਿਸ਼ਾਵਾਂ ਤੋਂ ਗੁਰੂ ਗਰੰਥ ਸਾਹਿਬ ਦੀ ਪ੍ਰਮਾਣਿਕਤਾ, ਪੰਥਕ ਸਿੱਖ ਰਹਿਤ ਮਰਿਯਾਦਾ ਅਤੇ ਪੂਰੇ ਸਿੱਖ ਸਮਾਜਿਕ ਢਾਂਚੇ ਨੂੰ ਪੰਥ ਦੋਖੀਆਂ ਵਲੋਂ ਢਾਹੇ ਲਗਾਉਣ ਦੇ ਵੱਡੇ ਯਤਨ ਜਾਰੀ ਹਨ, ਉਸ ਸਮੇਂ ਹਰ ਗੁਰਸਿੱਖ ਪਰਿਵਾਰ ਦੇ ਮੈਂਬਰਾਂ ਅਤੇ ਧਾਰਮਿਕ ਸੰਸਥਾਵਾਂ ਦਾ ਫਰਜ ਬਣਦਾ ਹੈ ਅਤੇ ਬਿਨਾਂ ਕਿਸੀ ਖੇਚਲ ਦੇ ਸਿੱਖ ਧਰਮ ਨੂੰ ਬਚਾਉਣ ਦੇ ਮਹਾਨ ਕਾਰਜ ਵਿਚ ਕੁਝ ਨਾ ਕੁਝ ਹਿੱਸਾ ਪਾ ਸਕਦੇ ਹਨ।

**(ਜਿਨ੍ਹਾਂ ਗੁਰਸਿੱਖ ਪਰਿਵਾਰਾਂ ਨੂੰ ਪੰਥ ਨਾਲ ਹਮਦਰਦੀ ਹੈ, ਉਹਨਾਂ ਨੂੰ ਵਾਹ ਲਗਦੇ ਗੁਰੂ ਦੀ ਮੱਤ (ਸਿਖਿਆ) ਸਮਝ ਕੇ ਅਮਲ ਵਿਚ ਲਿਆਉਣ ਅਤੇ ਹੋਰਨਾਂ ਤਕ ਪਹੁੰਚਾਉਣ ਦਾ ਉੱਦਮ ਕਰਨਾ ਚਾਹੀਦਾ ਹੈ। ਹਰ ਕਿਸਮ ਦੇ ਪ੍ਰਬੰਧਕ ਅਤੇ ਪ੍ਰਚਾਰਕ ਨੂੰ ਗੁਰਬਾਣੀ ਦਾ ਸ਼ੁੱਧ ਉਚਾਰਨ ਅਤੇ ਅਰਥ ਸਿੱਖਣੇ ਚਾਹੀਦੇ ਹਨ।)**

ਹਰ ਇੱਕ ਪੰਥ ਦਰਦੀ ਗੁਰਸਿੱਖ ਮਾਈ ਭਾਈ, ਰਾਜਨੀਤਕ ਆਗੂ, ਗੁਰਦੁਆਰਾ ਪ੍ਰਬੰਧਕ, ਸੰਤ ਅਤੇ ਬਾਬਾ, ਰਾਗੀ-ਢਾਡੀ, ਪਾਠੀ ਸਾਹਿਬਾਨ, ਖਾਲਸਾ ਸਕੂਲਾਂ ਕਾਲਜਾਂ ਦੇ ਪ੍ਰਬੰਧਕ ਤੇ ਟੀਚਰ, ਛੋਟੀਆਂ ਵੱਡੀਆਂ ਲੋਕਲ ਸੁਸਾਈਟੀਆਂ, ਪ੍ਰਚਾਰਕ ਸੰਸਥਾਵਾਂ, ਇਸਤਰੀ ਸਤਿਸੰਗ, ਕਿਸੇ ਵਿਸ਼ੇਸ਼ ਬਾਣੀ ਦੇ ਨਾਮ ਤੇ ਪ੍ਰਚਲਿਤ ਸੇਵਾ ਸੋਸਾਈਟੀਆਂ, ਨਿਸ਼ਕਾਮ ਕੀਰਤਨੀ ਜਥੇ, ਜੋੜਿਆਂ, ਲੰਗਰ, ਛਬੀਲਾਂ ਅਤੇ ਪ੍ਰਭਾਤ ਫੇਰੀਆਂ ਵਾਲੇ ਜਥੇ, ਅਤਿਆਦ ਜੋ ਆਪਣੇ ਆਪਣੇ ਢੰਗਾਂ ਨਾਲ ਸਿੱਖ ਧਰਮ ਦੇ ਪ੍ਰਚਾਰ ਵਿਚ ਸੇਵਾ ਨਿਭਾਉਂਦੇ ਨਜਰ ਪੈ ਰਹੇ ਹਨ, ਸਭ ਨੂੰ ਇਹ ਨੇਕ ਸਲਾਹ ਦਿੰਦੇ ਹਾਂ ਕਿ ਜਿਸ ਸਿੱਖ ਧਰਮ ਦੀ ਮਹਾਨ ਵਿਚਾਰਧਾਰਾ ਦਾ ਪ੍ਰਚਾਰ ਕਰਨਾ ਲੋਚਦੇ ਹਨ, ਉਸ ਨੂੰ ਪਹਿਲਾਂ ਆਪ ਸਮਝਣ ਦਾ ਯਤਨ ਕਰਨ, ਭਾਵ ਸਿੱਖ ਧਰਮ ਦੇ ਮੁਢਲੇ ਅਸੂਲਾਂ ਦੀ ਜਾਣਕਾਰੀ, ਜੋ ਗੁਰਬਾਣੀ ਦੇ ਅਰਥਾਂ ਰਾਹੀਂ ਹੀ ਮਿਲ ਸਕਦੀ ਹੈ, ਪ੍ਰਾਪਤ ਕਰਨ ਅਤੇ ਪੰਥਕ ਮਰਿਯਾਦਾ ਨੂੰ ਹੀ ਅਪਨਾਉਣ। ਜੇ ਗੁਰੂ ਮਹਾਰਾਜ ਦੀ ਮਹਾਨ ਫਿਲਾਸਫੀ ਅਤੇ ਮਹਾਨ ਕਾਰਨਾਮਿਆਂ ਦੀ ਸਮਝ ਹੀ ਨਹੀਂ, ਐਵੇਂ ਡਰਾਮੇਬਾਜ਼ੀ ਕਰਨ ਦੀ ਲੋੜ ਨਹੀਂ ਹੈ। ਇਸ ਤਰ੍ਹਾਂ ਪੰਥ ਦਾ ਨੁਕਸਾਨ ਬਹੁਤ ਹੋ ਰਿਹਾ ਹੈ। ਇਹ ਗਲ ਕੇਵਲ ਦਿਆਨਤਦਾਰ ਬੰਦੇ ਹੀ ਸਮਝ ਸਕਦੇ ਹਨ। ਇਤਿਹਾਸਕ ਗੁਰਦੁਆਰਿਆਂ ਦੀਆਂ ਪੁਰਾਤਨ ਯਾਦਗਾਰਾਂ (Monuments) ਨੂੰ ਢਾਹ ਕੇ ਭਾਵ ਗੁਰ ਇਤਿਹਾਸ ਦੇ ਨਿਸ਼ਾਨ ਮਿਟਾ ਕੇ (ਕੋਈ ਕੌਮ ਆਪਣੀਆਂ ਇਤਿਹਾਸਕ ਯਾਦਗਾਰਾਂ ਨੂੰ ਤਬਾਹ ਨਹੀਂ ਕਰਦੀ, ਅੱਜ ਸੰਸਾਰ ਭਰ ਦਾ ਹਰ ਇਕ ਧਰਮ ਅਤੇ ਸਮਾਜ ਦਾ ਵਰਗ ਆਪਣੇ ਇਤਿਹਾਸ ਨਾਲ ਸੰਬੰਧਤ ਯਾਦਗਾਰਾਂ ਨੂੰ ਸਹੀ-ਸਲਾਮਤ ਰੱਖਣ ਲਈ ਕਰੋੜਾਂ ਡਾਲਰ ਖਰਚ ਰਹੇ ਹਨ) ਸਿੱਖ ਪੰਥ ਦੇ ਆਗੂ ਅਤੇ ਸੰਤ-ਸਾਧ ਸਾਰੀਆਂ ਪੁਰਾਣੀਆਂ ਯਾਦਗਾਰਾਂ ਜਿਨ੍ਹਾਂ ਨੂੰ ਗੁਰੂ ਮਹਾਰਾਜ ਦੇ ਚਰਣ-ਕਮਲਾਂ ਦੀ ਛੋਹ ਪ੍ਰਾਪਤ ਹੈ, ਢਾਹ ਕੇ ਗੁਰ-ਇਤਿਹਾਸ ਦਾ ਨਾਮੋ-ਨਿਸ਼ਾਨ ਮਿਟਾਉਣ ਉਪਰ ਲਗੇ ਹਨ ਅਤੇ ਉਹ ਵੀ ਸੰਗਤਾਂ ਵੱਲੋਂ ਕਾਰ-ਸੇਵਾ ਦੇ ਬਹਾਨੇ ਉਗਰਾਹੀ ਮਾਇਆ ਰਾਹੀਂ। ਜਦ ਕੋਈ ਗੁਰਸਿੱਖ ਗੁਰੂ ਮਹਾਰਾਜ ਦੇ ਸ਼ਸਤਰ, ਪੁਸ਼ਾਕਾਂ, ਜੋੜਾ ਜਾਂ ਲਿਖਤ ਵੇਖਦਾ ਹੈ ਤਾਂ ਸ਼ਰਧਾ-ਵੱਸ ਗੁਰ-ਇਤਿਹਾਸ ਨਾਲ ਜੁੜਦਾ ਹੈ ਅਤੇ ਗੁਰੂ ਮਹਾਰਾਜ ਦੇ ਕੌਤਕਾਂ ਤੋਂ ਸਦਕੇ ਹੋ ਕੇ ਵਾਰੀ-ਵਾਰੀ ਜਾਂਦਾ ਹੈ। ਇਸੇ ਤਰ੍ਹਾਂ ਜੇ ਕਰ ਪੁਰਾਣੇ ਰਿਹਾਇਸਗਾਹ ਵੀ ਰਹਿਣ ਦਿਤੇ ਜਾਂਦੇ ਤਾਂ ਗੁਰੂ ਵਿਅਕਤੀਆਂ ਦੇ ਜੀਵਨ ਤੋਂ ਸੰਗਤਾਂ ਨੂੰ ਹੋਰ ਉਤਸ਼ਾਹ ਮਿਲ ਸਕਦਾ ਸੀ। ਰਾਜਸਥਾਨੀ ਪੱਥਰ, ਸੰਗਮਰਮਰ, ਗੁਬੰਦਾਂ ਅਤੇ ਪਾਲਕੀਆ ਉੱਤੇ ਸੋਨਾ ਅਤੇ ਸੀਸੇ ਦੇ ਟੋਟੇ, ਵੱਡੇ-ਵੱਡੇ ਲੰਗਰ ਅਸਥਾਨ, ਇਮਾਰਤਾਂ ਉਪਰ ਬੁਰਜੀਆਂ ਤੇ ਗੁੰਬਦ (ਗੁਰਦੁਆਰਾ ਸਾਹਿਬ ਦੀ ਸ਼ਕਲ ਸੂਰਤ ਵਿਗਾੜਨ ਲਈ), ਸਟੀਲ ਦੇ ਭਾਂਡੇ, ਇਤਿਹਾਸਕ ਤੇ ਮਨੋਕਲਪਿਤ (ਫਰਜ਼ੀ) ਇਤਿਹਾਸਕ ਗੁਰਦੁਆਰਿਆਂ ਨਾਲ ਸਰੋਵਰ (ਅੱਜ ਸੰਗਤਾਂ ਘਰੋਂ ਇਸ਼ਨਾਨ ਕਰਕੇ ਆਉਂਦੀਆਂ ਹਨ, ਇਸ ਦੀ ਕੀ ਲੋੜ ਹੈ? ਪਾਣੀ ਨਾਲ ਤਾ ਪਾਪ ਧੁਲਦੇ ਨਹੀਂ) ਹਜ਼ਾਰਾਂ ਕੀਰਤਨ ਦਰਬਾਰ, ਲੱਖਾਂ ਅਖੰਡ ਪਾਠ, ਜਿਨ੍ਹਾਂ ਦੀ ਵਿਕਰੀ ਜਿਹੀ ਲੱਗੀ ਹੋਈ ਹੈ, ਚੌਪਈ (ਅਸਲ ਚੌਪਈ ਸ੍ਰੀ ਮੁਖਵਾਕ ਪਾ. 10 ਹੋਰ ਹੈ), ਅਤੇ ਸੁਖਮਨੀ ਸਾਹਿਬ ਦੇ ਪਾਠ (ਜ਼ਿਆਦਾਤਰ ਬਾਣੀ ਦਾ ਅਸ਼ੁੱਧ ਉਚਾਰਣ, ਹਾਥੀ ਘੋੜਿਆਂ, ਊਠਾਂ, ਟਰੱਕਾਂ, ਬੀੜੀਆਂ ਪੀਂਦੇ ਬੈਂਡ ਵਾਲੇ ਭਾਂਤ-ਭਾਂਤ ਦੀਆਂ ਰੰਗ ਬਰੰਗੀਆਂ ਪੋਸ਼ਾਕਾਂ ਨਾਲ ਹਾਵ ਭਾਵ ਕਰਦੇ ਸਕੂਲੀ ਬੱਚੇ-ਬੱਚੀਆਂ (ਸਿਖ ਸਭਿਆਚਾਰ ਦਾ ਬੇੜਾ ਗਰਕ ਕਰਦੇ ਹੋਏ) ਪ੍ਰਭਾਤ ਫੇਰੀਆਂ (ਚਾਹ ਫੇਰੀਆਂ), ਨਗਰ ਕੀਰਤਨ ਅਤੇ ਮਾਰਚ (ਪ੍ਰਬੰਧਕਾਂ ਦਾ ਜਲੂਸ), ਵੱਡੇ ਵੱਡੇ ਲੰਗਰ (ਲੋੜਵੰਦ ਨੂੰ ਘੱਟ ਹੀ ਮਿਲਦਾ ਹੈ)। ਇਸੇ ਤਰ੍ਹਾਂ ਭਾਂਤ-ਭਾਂਤ ਦਾ ਧਾਰਮਿਕ ਲਿਟਰੇਚਰ (ਔਖੇ ਲਫਜ਼ ਵਰਤ ਕੇ), ਸੰਤਾਂ-ਸਾਧਾਂ ਦੀਆਂ ਡਾਰਾਂ, ਡਾਂਗਾਂ ਸੋਟੇ ਖੜਕਾਉਂਦੇ ਗੁਰਦੁਆਰਿਆਂ ਦੇ ਨਾਲਾਇਕ ਪ੍ਰਬੰਧਕ, ਏਕਤਾ ਕਰਦੀਆਂ ਹਉਮੈ ਭਰਪੂਰ ਚੌਧਰ ਦੀਆਂ ਭੁੱਖੀਆਂ ਅਕਾਲੀ ਪਾਰਟੀਆਂ, ਭਾਂਤ-ਭਾਂਤ ਦੀ ਮਰਿਯਾਦਾ ਵਾਲੇ ਅੰਮ੍ਰਿਤ, ਨਵੇਂ ਨਵੇਂ ਇਤਿਹਾਸਕ ਅਸਥਾਨ (ਸੁਪਨੇ ਰਾਹੀਂ) ਪ੍ਰਗਟ ਕਰਕੇ (ਅੰਮ੍ਰਿਤਸਰ ਦੀ ਮਹਾਨਤਾ ਘਟਾਉਣ ਦਾ ਯਤਨ), ਕਲਪਿਤ ਗੁਰੂ ਅਸਥਾਨ (ਪਿਛਲੇ ਜਨਮ ਨਾਲ ਜੋੜ ਕੇ), ਇਕ-ਇਕ ਸ਼ਹਿਰ ਵਿਚ ਸੌ ਸੌ ਤੋਂ ਵਧ ਛੋਟੀਆਂ ਵੱਡੀਆਂ ਤੇ ਇੰਟਰਨੈਸ਼ਨਲ ਧਾਰਮਿਕ ਸੁਸਾਇਟੀਆਂ (ਆਪਣੀ ਆਪਣੀ ਡਫਲੀ, ਆਪਣਾ ਆਪਣਾ ਬੇਸੁਰਾ ਰਾਗ ਅਲਾਪਦੀਆਂ) ਬਰਾਦਰੀਆਂ ਦੇ ਨਾਮ ਉੱਤੇ ਉਸਾਰੇ ਗਏ ਗੁਰਦੁਆਰੇ ਅਤੇ ਸਕੂਲ (ਅਨਪੜ੍ਹ ਤੇ ਮੂਰਖ ਮਨੇਜਿੰਗ ਕਮੇਟੀਆਂ ਵਾਲੇ), ਸੜਕਾਂ ਦੇ ਕਿਨਾਰੇ ਵੱਡੇ ਵੱਡੇ ਬੋਰਡ ਲਗਾ ਕੇ ਸਿੱਖੀ ਦਾ ਧੁਰਾ ਅੰਮ੍ਰਿਤਸਰ ਤੋਂ ਹਟਾ ਕੇ ਗੋਇੰਦਵਾਲ ਕਰ ਰਹੇ ਹਨ ਅਤੇ ਅਜਿਹੇ ਹੋਰ ਬਹੁਤ ਸਾਰੇ ਡਰਾਮੇ ਬੜੇ ਜ਼ੋਰ ਸ਼ੋਰ ਨਾਲ ਹੋ ਰਹੇ ਹਨ। ਜਿਸ ਗੁਰਬਾਣੀ ਦੇ ਮਹਾਨ ਸਰਬ-ਕਾਲੀਨ, ਪਰਉਪਕਾਰ, ਨੈਤਿਕਤਾ, ਸੇਵਾ, ਸੰਤੋਖ, ਸਚਾਈ ਭਰਪੂਰ, ਸਰਲ ਤੇ ਵਿਗਿਆਨਕ, ਸਾਰੀ ਮਨੁੱਖਤਾ ਦੇ ਭਲੇ ਦੀ ਗੱਲ ਕਰਨ ਵਾਲੇ ਉਪਦੇਸ਼ਾਂ ਨੇ ਸਾਰੇ ਕੰਮ ਸੰਵਾਰਨੇ ਹਨ, ਉਸ ਤੱਤ ਵਸਤੂ ਭਾਵ ਗੁਰਬਾਣੀ ਉਪਦੇਸ਼ਾਂ ਤੋਂ ਇਹ ਸਭ ਕਰੀਬ ਕਰੀਬ ਕੋਰੇ ਹਨ।

**(ਗੁਰੂ ਵਿਅਕਤੀਆਂ ਨਾਲ ਸੰਬੰਧਤ ਪੁਰਾਤਨ ਯਾਦਗਾਰਾਂ ਨੂੰ ਢਾਹ ਕੇ ਇਤਿਹਾਸ ਨੂੰ ਖਤਮ ਕਰਨ ਦਾ ਠੇਕਾ ਸੰਤਾਂ ਨੇ ਲੈ ਰੱਖਿਆ ਹੈ। ਸਿੱਖ ਕੌਮ ਦਾ ਇਤਿਹਾਸ ਦੇ ਨਿਸ਼ਾਨ ਮਿਟਾ ਕੇ ਕੋਈ ਸਾਰਾ ਪੈਸਾ ਰਾਜਸਥਾਨੀ ਪੱਥਰ ਖਰੀਦਣ ਉਪਰ ਲਗਾਇਆ ਜਾ ਰਿਹਾ ਹੈ। ਇਸ ਪੈਸੇ ਨਾਲ ਧਰਮ ਨੂੰ ਤਬਾਹ ਨਹੀਂ ਕਰਦੀ, ਅੱਜ ਸੰਸਾਰ ਭਰ ਪ੍ਰਚਾਰ ਦੇ ਵੱਡੇ-ਵੱਡੇ ਪ੍ਰਜੈਕਟ ਉਲੀਕੇ ਅਤੇ ਨਿਭਾਏ ਜਾ ਸਕਦੇ ਹਨ। ਰੋਜ਼ਾਨਾ ਸਿੱਖ ਅਖਬਾਰ ਵਰਗ ਆਪਣੇ ਇਤਿਹਾਸ ਨਾਲ ਸੰਬੰਧਤ ਚਲਾਉਣ ਵੱਲ ਕਿਉਂ ਨਹੀਂ ਸੋਚਦੇ ?)**

**(ਨਗਰ ਕੀਰਤਨਾਂ ਦੇ ਮੌਕੇ ਸਕੂਲੀ ਬਚਿਆਂ ਨੂੰ ਸੜਕਾਂ ਉਪਰ ਘੁਮਾਉਣ ਨਾਲ ਕੀ ਹੋ ਜਾਵੇਗਾ ? ਗੁਰਦੁਆਰਾ ਪ੍ਰਬੰਧਕਾਂ ਨੂੰ ਇਕ ਸਚੇ-ਸੁਚੇ ਸੇਵਾਦਾਰ ਦੀ ਤਰਾਂ ਸੇਵਾ ਨਿਭਾਉਣੀ ਚਾਹੀਦੀ ਹੈ। ਪਰ ਪਰਜਾਤੰਤ੍ਰੀ ਚੋਣਾਂ ਰਾਹੀਂ ਕਦੀ ਵੀ ਸੂਝਵਾਨ, ਰਹਿਤ-ਬਹਿਤ ਅਤੇ ਗੁਰਮਤ ਤੋਂ ਸੁਚੇਤ ਪ੍ਰਬੰਧਕ ਨਹੀਂ ਚੁਣੇ ਜਾ ਸਕਦੇ)।**

**(ਸਿੱਖੀ ਦਾ ਧੁਰਾ ਅੰਮ੍ਰਿਤਸਰ ਹੈ, ਗੋਇੰਦਵਾਲ ਨਹੀਂ। ਸਿੱਖ ਸੰਗਤਾਂ ਨੂੰ ਅੰਮ੍ਰਿਤਸਰ ਨਾਲੋਂ ਤੋੜਨ ਦੇ ਹੋਰ ਵੀ ਯਤਨ ਜਾਰੀ ਹਨ। ਸਾਵਧਾਨ ਰਹਿਣ ਦੀ ਲੋੜ ਹੈ।)**

**ਨੋਟ** - ਅੱਜ ਗੁਰੂ ਨਾਨਕ ਦੇ ਧਰਮ ਅਤੇ ਵਿਚਾਰਧਾਰਾ ਨੂੰ ਸੰਸਾਰ ਭਰ ਦੇ ਲੋਕ ਸਮਝਣਾ ਚਾਹੁੰਦੇ ਹਨ, ਪਰ ਇਹ ਧਰਮ ਆਪਣੇ ਹੀ ਘਰ ਵਿਚ ਲਾਚਾਰੀ ਦੀ ਹਾਲਤ ਵਿਚੋਂ ਲੰਘ ਰਿਹਾ ਹੈ, ਅਤੇ ਸਿੱਖ ਆਪ ਹੀ ਇਸ ਦੀ ਸ਼ਕਲ ਵਿਗਾੜਨ ਦੇ ਰਾਹ ਪੈ ਗਏ ਹਨ। **(...ਚੱਲਦਾ)**

# ਪਰੰਪਰਾ ਕਿਵੇਂ ਜਨਮ ਲੈਂਦੀ ਹੈ?

**ਬਲਰਾਜ ਸਿੰਘ ਕਮਾਂਡੈਂਟ ਪੰਡੋਰੀ ਸਿੱਧਵਾਂ 95011-00062**

ਭਾਰਤ ਦੇ ਆਮ ਲੋਕਾਂ ਵਿੱਚ 'ਤੇ ਖਾਸ ਤੌਰ 'ਤੇ ਸੁਰੱਖਿਆ ਦਸਤਿਆਂ ਵਿੱਚ ਰੱਜ ਕੇ ਲਕੀਰ ਦੀ ਫਕੀਰੀ ਕੀਤੀ ਜਾਂਦੀ ਹੈ। ਜੇ ਇੱਕ ਵਾਰ ਕਿਸੇ ਅਫਸਰ ਨੇ ਕਿਤੇ ਗਾਰਦ ਲਗਾ ਦਿੱਤੀ ਜਾਂ ਕਿਸੇ ਨੂੰ ਗੰਨਮੈਨ ਦੇ ਦਿੱਤੇ ਤਾਂ ਫਿਰ ਸਾਲਾਂ ਤੱਕ ਉਸੇ ਤਰ੍ਹਾਂ ਨਾਲ ਹੀ ਚੱਲਦਾ ਰਹਿੰਦਾ ਹੈ। ਮਜੀਠੇ ਥਾਣੇ ਵਿੱਚ ਇੱਕ ਛੀਨਾ ਨਾਮ ਦਾ ਛੋਟਾ ਥਾਣੇਦਾਰ ਹੁੰਦਾ ਸੀ ਜਿਸ ਦਾ ਅਸਲ ਰੈਂਕ ਹੌਲਦਾਰ ਸੀ। ਕਈ ਸਾਲ ਪਹਿਲਾਂ ਅੱਤਵਾਦ ਦੌਰਾਨ ਉਸ ਦੇ ਏਰੀਆ ਦੇ ਡੀ.ਐਸ.ਪੀ. ਨੇ ਕਿਸੇ ਕੰਮ ਬਦਲੇ ਖੁਸ਼ ਹੋ ਕੇ ਉਸ ਨੂੰ ਲੋਕਲ ਰੈਂਕ ਥਾਣੇਦਾਰ ਬਣਾਉਣ ਲਈ ਸ਼ਿਫਾਰਸ਼ੀ ਚਿੱਠੀ ਲਿਖ ਕੇ ਐਸ.ਐਸ.ਪੀ. ਨੂੰ ਭੇਜ ਦਿੱਤੀ। ਪਤਾ ਨਹੀਂ ਐਸ.ਐਸ.ਪੀ. ਨੇ ਅੱਗੇ ਡੀ.ਜੀ.ਪੀ. ਦਫਤਰ ਨੂੰ ਲਿਖ ਕੇ ਭੇਜਿਆ ਕਿ ਨਹੀਂ, ਮੁੱਕਦੀ ਗੱਲ ਛੀਨੇ ਨੂੰ ਰੈਂਕ ਨਾ ਮਿਲਿਆ। ਪਰ ਛੀਨੇ ਨੇ ਕਮਾਲ ਦੀ ਫੁਰਤੀ ਵਿਖਾਈ ਤੇ ਡੀ.ਐਸ.ਪੀ. ਦੀ ਸ਼ਿਫਾਰਸ਼ ਦੇ ਅਧਾਰ 'ਤੇ ਹੀ ਆਪਣੇ ਆਪ ਸਟਾਰ ਲਗਾ ਕੇ ਏ.ਐਸ.ਆਈ. ਬਣ ਗਿਆ। ਰਿਟਾਇਰਮੈਂਟ ਤੱਕ ਉਸ ਨੂੰ ਕਿਸੇ ਨੇ ਨਾ ਪੁੱਛਿਆ ਕਿ ਉਹ ਕਿਸ ਆਰਡਰ ਦੇ ਅਨੁਸਾਰ ਥਾਣੇਦਾਰ ਦੀ ਵਰਦੀ ਪਾਈ ਫਿਰਦਾ ਹੈ? ਇਸ ਤਰ੍ਹਾਂ ਦੀਆਂ ਕਈ ਮਿਸਾਲਾਂ ਪੁਲਿਸ ਮਹਿਕਮੇ ਵਿੱਚ ਵੇਖਣ ਨੂੰ ਮਿਲਦੀਆਂ ਹਨ।



ਜਦੋਂ ਮੈਂ ਮਜੀਠੇ ਸਬ ਡਵੀਜ਼ਨ ਦਾ ਡੀ.ਐਸ.ਪੀ. ਲੱਗਾ ਹੋਇਆ ਸੀ ਤਾਂ ਸੰਨ 2003 ਵਿੱਚ ਕੱਥੂਨੰਗਲ ਥਾਣੇ ਦੀ ਚੈਕਿੰਗ ਦੌਰਾਨ ਪਤਾ ਲੱਗਾ ਕਿ ਨਹਿਰ ਵਾਲੇ ਰੇਲਵੇ ਪੁਲ (ਅੰਮ੍ਰਿਤਸਰ – ਡੇਰਾ ਬਾਬਾ ਨਾਨਕ ਰੇਲਵੇ ਟਰੈਕ) 'ਤੇ ਪਿਛਲੇ 13 ਸਾਲਾਂ ਤੋਂ ਥਾਣੇ ਵੱਲੋਂ ਗਾਰਦ ਲੱਗੀ ਹੋਈ ਸੀ ਤੇ ਲਗਾਤਾਰ ਉਹ ਹੀ ਤਿੰਨ ਸਿਪਾਹੀ ਉਥੇ ਡਿਊਟੀ ਦੇ ਰਹੇ ਸਨ। ਮੈਂ ਐਸ.ਐਚ.ਓ. ਨੂੰ ਪੁੱਛਿਆ ਕਿ ਇਹ ਗਾਰਦ ਕਿਸ ਆਰਡਰ ਨਾਲ ਲਗਾਈ ਗਈ ਹੈ? ਜਵਾਬ ਆਇਆ ਕਿ ਸਰ ਅੱਤਵਾਦ ਸਮੇਂ ਅਫਸਰਾਂ ਦੇ ਜ਼ੁਬਾਨੀ ਹੁਕਮਾਂ ਨਾਲ ਲਗਾਈ ਗਈ ਸੀ। ਪਰ ਕਿਸ ਅਫਸਰ ਨੇ ਹੁਕਮ ਦਿੱਤਾ ਸੀ, ਉਸ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ ਸੀ। ਮੈਂ ਕਿਹਾ ਕਿ ਹੁਣ ਤਾਂ ਅੱਤਵਾਦ ਨਹੀਂ ਹੈ, ਹੁਣ ਕਿਉਂ ਲੱਗੀ ਹੈ? ਜਵਾਬ ਮਿਲਿਆ ਕਿ ਸਰ ਪਹਿਲਾਂ ਤੋਂ ਹੀ ਚੱਲਦੀ ਆ ਰਹੀ ਹੈ। ਮੈਂ ਐਸ.ਐਚ.ਓ. ਨੂੰ ਨਾਲ ਲੈ ਕੇ ਗਾਰਦ ਚੈੱਕ ਕਰਨ ਲਈ ਪਹੁੰਚਿਆ ਤਾਂ ਉਥੇ ਦਾ ਮਾਹੌਲ ਵੇਖਣ ਹੀ ਵਾਲਾ ਸੀ। ਇੱਕ ਸਿਪਾਹੀ ਵੱਡਾ ਸਾਰਾ ਕੱਛਾ ਪਾ ਕੇ ਰੇਲਵੇ ਦੀ ਅੱਧਾ ਏਕੜ ਜ਼ਮੀਨ 'ਤੇ ਕਬਜ਼ਾ ਕਰ ਕੇ ਬਣਾਈ ਗਈ ਬਗੀਚੀ ਵਿੱਚ ਸਬਜ਼ੀ ਗੋਡ ਰਿਹਾ ਸੀ। ਬੁਰੀ ਤਰਾਂ ਜੰਗਾਲੀਆਂ ਹੋਈਆਂ ਰਾਈਫਲਾਂ ਇੱਕ ਢੱਠੇ ਜਿਹੇ ਕਮਰੇ ਵਿੱਚ ਪਈਆਂ ਸਨ। ਪੁੱਛ ਗਿੱਛ ਕਰਨ 'ਤੇ ਪਤਾ ਲੱਗਾ ਕਿ ਰੋਜ਼ਾਨਾ ਸਿਰਫ ਇੱਕ ਸਿਪਾਹੀ ਵਾਰੀ ਨਾਲ ਰਾਈਫਲਾਂ ਦੀ ਰਾਖੀ ਲਈ ਇਥੇ ਰਹਿੰਦਾ ਹੈ ਤੇ ਬਾਕੀ ਘਰੇ ਅਰਾਮ ਫੁਰਮਾਉਂਦੇ ਹਨ। ਗੋਡੀ ਕਰਨ ਵਾਲਾ ਸਿਪਾਹੀ ਦੋ ਚਾਰ ਦਿਨਾਂ ਬਾਅਦ ਫੇਰੀ ਵਾਲਿਆਂ ਨੂੰ ਸਬਜ਼ੀ ਵੇਚ ਕੇ ਪੰਜ ਸੱਤ ਸੌ ਵੱਟ ਲੈਂਦਾ ਸੀ ਤੇ ਨਾਲ ਦੋ ਟੈਕਸੀਆਂ ਵੀ ਪਾਈਆਂ ਹੋਈਆਂ ਸਨ। ਬਾਕੀ ਦੇ ਦੋ ਸਿਪਾਹੀ ਭਾਈਵਾਲੀ ਵਿੱਚ ਪ੍ਰਾਪਰਟੀ ਦਾ ਧੰਦਾ ਕਰ ਰਹੇ ਸਨ। ਮੈਂ ਉਸ ਸਿਪਾਹੀ ਨੂੰ ਸਣੇ ਹਥਿਆਰਾਂ ਦੇ ਗੱਡੀ ਵਿੱਚ ਲੱਦ ਕੇ ਥਾਣੇ ਜਮ੍ਹਾਂ ਕਰਵਾਇਆ ਤੇ ਸਾਰੀ ਗਾਰਦ ਨੂੰ ਥਾਣੇ ਡਿਊਟੀ ਕਰਨ ਦਾ ਹੁਕਮ ਦੇ ਦਿੱਤਾ। ਸ਼ਾਮ ਤੱਕ ਮੈਨੂੰ ਲੀਡਰਾਂ ਅਤੇ ਅਫਸਰਾਂ ਦੇ ਕੋਈ 200 ਫੋਨ ਆਏ ਕਿ ਉਹਨਾਂ ਨੂੰ ਦੁਬਾਰਾ ਉਥੇ ਹੀ ਵਾਪਸ ਭੇਜਿਆ ਜਾਵੇ, ਪਰ ਮੈਂ ਇਹ ਕਹਿ ਕੇ ਟਾਲ ਦਿੱਤਾ ਕਿ ਗਾਰਦ ਦੇ ਆਰਡਰ ਚੰਡੀਗੜ੍ਹ ਤੋਂ ਕੈਂਸਲ ਹੋ ਗਏ ਹਨ।


## ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**

ਗੁਰਮਤਿ ਵਿਰਸਾ,
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ

**M: 79733-70542**
**Email:** gurmatvirsa@gmail.com


